Punjabi Parwaz

# ਪੰਜਾਬੀ ਪਰਵਾਜ਼

ਅੰਕ 28ਵਾਂ (ਸ਼ਿਕਾਗੋ): 8 ਜੂਨ ਤੋਂ 21 ਜੂਨ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਭਾਰਤ ’ਚ ਕੁਲੀਸ਼ਨ ਯੁੱਗ ਮੁੜ ਸ਼ੁਰੂ

***ਬਹੁਮਤ ਤੋਂ ਕਾਫੀ ਫਾਸਲੇ ‘ਤੇ ਰਹਿ ਗਈ ਭਾਰਤੀ ਜਨਤਾ ਪਾਰਟੀ**
***ਸਮਾਜਵਾਦੀ ਪਾਰਟੀ ਦੀ ਯੂ.ਪੀ. ਵਿੱਚ ਵੱਡੀ ਜਿੱਤ, ਯੋਗੀ-ਮੋਦੀ ਪਸਤ**

**ਜੇ.ਐਸ. ਮਾਂਗਟ**

ਭਾਜਪਾ ਅਤੇ ਐਨ.ਡੀ.ਏ. ਨੂੰ 300 ਤੋਂ ਲੈ ਕੇ 400 ਤੱਕ ਸੀਟਾਂ ਦੇ ਰਹੇ ਸਾਰੇ ਐਗਜ਼ਿਟ ਪੋਲ ਅਤੇ ਓਪੀਨੀਅਨ ਪੋਲਾਂ ਦੀਆਂ ਸਾਰੀਆਂ ਭਵਿੱਖਵਾਣੀਆਂ ਨੂੰ ਸਿਰ ਪਰਨੇ ਕਰਦਿਆਂ ਜਿਸ ਕਿਸਮ ਦੇ ਚੋਣ ਨਤੀਜੇ ਸਾਹਮਣੇ ਆਏ ਹਨ, ਉਨ੍ਹਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਦੇਸ਼ ਵਿੱਚ ਅਗਲੀ ਕੇਂਦਰ ਸਰਕਾਰ ਕੁਲੀਸ਼ਨ ਹੋਵੇਗੀ। ਸਰਕਾਰ ਭਾਵੇਂ ਭਾਜਪਾ ਦੀ ਅਗਵਾਈ ਵਿੱਚ ਬਣੇ ਜਾਂ ਕਾਂਗਰਸ ਦੀ ਅਗਵਾਈ ਵਿੱਚ, ਇਸ ਦਾ ਲੱਕ ਸਿੱਧਾ ਨਹੀਂ ਹੋਵੇਗਾ। ਭਾਰਤੀ ਜਨਤਾ ਪਾਰਟੀ ਨੂੰ ਇਨ੍ਹਾਂ ਚੋਣਾਂ ਵਿੱਚ ਆਪਣੇ ਤੌਰ ‘ਤੇ ਬਹੁਮਤਿ (240) ਨਹੀਂ ਮਿਲਿਆ, ਪਰ ਕਾਂਗਰਸ ਪਾਰਟੀ ਪਿਛਲੀ ਵਾਰ ਨਾਲੋਂ ਆਪਣੀਆਂ ਸੀਟਾਂ (100) ਲਗਪਗ ਦੁੱਗਣੀਆਂ ਕਰ ਗਈ ਹੈ।

ਪ੍ਰਧਾਨ ਮੰਤਰੀ ਜਿਨ੍ਹਾਂ ਨੂੰ ਤਿੰਨ ਸਹਿਜ਼ਾਦਿਆਂ ਦੀ ਜੋੜੀ ਆਖ ਕੇ ਟਿੱਚਰ ਕਰਦੇ ਸਨ, ਉਨ੍ਹਾਂ ਨੇ ਭਾਜਪਾ ਨੂੰ ਜ਼ਬਰਦਸਤ ਟੱਕਰ ਦਿੱਤੀ ਤੇ ਅਖੀਰ ਦਮੋਂ ਕੱਢ ਲਿਆ।


ਜਿੱਤ ਉਪਰੰਤ ਰਾਹੁਲ ਗਾਂਧੀ

ਅਖਿਲੇਸ਼ ਨੇ ਉੱਤਰ ਪ੍ਰਦੇਸ ਵਿੱਚ, ਤੇਜਸਵੀ ਯਾਦਵ ਨੇ ਬਿਹਾਰ ਵਿੱਚ ਅਤੇ ਹਿੰਦੁਸਤਾਨ ਪੱਧਰ ‘ਤੇ ਰਾਹੁਲ ਗਾਂਧੀ ਨੇ ਭਜਪਾ ਦੇ ਗਰੂਰ ਨੂੰ ਪੰਕਚਰ ਕੀਤਾ ਹੈ। ਇਸ ਦੇ ਨਾਲ ਹੀ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਵਿੱਚ ਅਤੇ ਸਟਾਲਨ ਨੇ ਤਾਮਿਲਨਾਡੂ ਵਿੱਚ ਆਪੋ-ਆਪਣਾ ਕਿਲਾ ਬਚਾ ਕੇ ਰੱਖਿਆ। ਆਂਧਰਾ ਪ੍ਰਦੇਸ਼ ਵਿੱਚ ਭਾਜਪਾ ਨਾਲ ਮਿਲ ਕੇ

⇒ ਬਾਕੀ ਸਫਾ 10 ਉਤੇ ਪੜ੍ਹੋ

## ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦਾ ਬੇਰੋਕ ਪਤਨ

### ਕਿਧਰ ਨੂੰ ਜਾਵੇਗੀ ਨਵੀਂ ਉਭਰਦੀ ਸਿੱਖ ਸਿਆਸਤ?

**ਜਸਵੀਰ ਸਿੰਘ ਸ਼ੀਰੀ**

ਪੰਜਾਬ ਦੇ ਚੋਣ ਨਤੀਜਿਆਂ ਨੇ ਰਾਜਨੀਤਿਕ ਪਾਰਟੀਆਂ ਨੂੰ ਵੱਡੇ ਸਵਾਲ ਪਾ ਦਿੱਤੇ ਹਨ। ਖਾਸ ਕਰਕੇ ਪੰਜਾਬ ਵਿੱਚ ਸੱਤਾਧਾਰੀਆਂ ਵਜੋਂ ਵਿਚਰ ਰਹੀ ਆਮ ਆਦਮੀ ਪਾਰਟੀ, ਭਾਜਪਾ ਅਤੇ ਨਵੀਂ/ਪੁਰਾਣੀ ਸਿੱਖ ਸਿਆਸਤ ਨੂੰ ਵੀ। ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਸਾਹਮਣੇ ਇਹ ਸੁਆਲ ਜ਼ਿਆਦਾ ਵੱਡੇ ਹਨ। ਦੋ ਕੁ ਸਾਲ ਪਹਿਲਾਂ ਵਿਧਾਨ ਸਭਾ ਵਿੱਚ ਹੂੰਝਾ ਫੇਰ ਜਿੱਤ ਹਾਸਲ ਕਰਨ ਵਾਲੀ ‘ਆਪ’ ਇਸ ਵਾਰ 3 ਸੀਟਾਂ ਤੱਕ ਸੀਮਤ ਹੋ ਗਈ ਹੈ। ਇਸ ਤੋਂ ਇਲਾਵਾ ਦਿੱਲੀ ਅਤੇ ਗੁਜਰਾਤ ਵਿੱਚ ਵੀ ਪਾਰਟੀ ਦਾ ਪੱਤਾ ਸਾਫ ਹੋ ਗਿਆ ਹੈ।

ਸਵਾਲ ਤਾਂ ਸੱਤ ਸੀਟਾਂ ਜਿੱਤਣ ਵਾਲੀ ਕਾਂਗਰਸ ਪਾਰਟੀ ਅੱਗੇ ਵੀ ਕੁਝ ਨਾ ਕੁਝ ਖੜ੍ਹੇ ਹਨ, ਪਰ ‘ਆਪ’ ਨੂੰ ਆਪਣੇ ਸਾਹਮਣੇ ਖੜ੍ਹੇ ਪ੍ਰਸ਼ਨਾਂ ਦੇ ਜੁਆਬ ਫੌਰੀ ਲੱਭਣੇ ਪੈਣੇ ਹਨ। ਇਵੇਂ ਹੀ ਅਕਾਲੀ ਦਲ ਬਾਦਲ ਨੂੰ। ਨਵੇਂ ਉੱਭਰੇ ਦੋ ਸਿੱਖ ਸਿਆਸਤਦਾਨਾਂ ਸਾਹਮਣੇ ਚੁਣੌਤੀਆਂ ਵੱਖਰੀ ਕਿਸਮ ਦੀਆਂ ਹਨ।


ਪਹਿਲਾਂ ਆਮ ਆਦਮੀ ਪਾਰਟੀ ਦੀ ਗੱਲ ਕਰਦੇ ਹਾਂ। ‘ਆਪ’ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ‘ਤੇ ਜਿੱਤਣ ਵਾਲੀ ਆਮ ਆਦਮੀ ਪਾਰਟੀ ਪੂਰੇ ਦੇਸ਼ ਦੀ ਪਾਰਲੀਮੈਂਟ ਚੋਣ ਵਿੱਚ ਸਿਰਫ 3 ਸੀਟਾਂ ਤੱਕ ਕਿਉਂ ਸਿਮਟ ਗਈ?

ਇਸ ਦੇ ਜੁਆਬ ਆਮ ਆਦਮੀ ਪਾਰਟੀ ਦੇ ਮੁਢਲੇ ਦੌਰ ਤੋਂ ਹੁਣ ਤੱਕ ਅਪਨਾਈ ਗਈ ਕੇਂਦਰੀਕ੍ਰਿਤ ਸਿਆਸੀ ਪਹੁੰਚ ਵਿੱਚ ਪਏ ਹਨ। ਆਪਣੀ ਦੂਜੀ ਪਾਰੀ ਵਿੱਚ ਹੀ ਦਿੱਲੀ ਵਿੱਚ ਆਮ ਆਦਮੀ ਪਾਰਟੀ ਨੂੰ ਜਦੋਂ ਬੰਪਰ ਬਹੁਮਤ ਮਿਲੀ ਤਾਂ ਪਹਿਲੇ ਹੀ ਇਕੱਠ ਵਿਚੋਂ ਕਈ ਸੁਆਲ ਉਠਾਉਣ ਵਾਲੇ ਆਗੂ ਹੂਰੇ ਮਾਰ-ਮਾਰ ਕੇ ਬਾਹਰ ਕਰ ਦਿੱਤੇ ਗਏ ਸਨ। ਕੇਜਰੀਵਾਲ ਪੱਖੀ ਗੁੱਟ ਵੱਲੋਂ ਕੀਤੀ ਗਈ ਇਸ ਕਾਰਵਾਈ ਖਿਲਾਫ ਆਮ ਆਦਮੀ ਪਾਰਟੀ ਦੇ ਕਈ ਬਾਨੀ ਆਗੂਆਂ ਨੇ ਤਿੱਖੇ ਪ੍ਰਤੀਕਰਮ ਪ੍ਰਗਟ ਕੀਤੇ ਸਨ ਅਤੇ ਲੀਡਰਸ਼ਿੱਪ ਦੇ ਵਿਹਾਰ ਨੂੰ ਡਿਕਟੇਟਰਾਨਾ ਆਖਿਆ ਸੀ।

ਪ੍ਰਸਿੱਧ ਵਕੀਲ ਅਤੇ ਰਾਜਨੀਤਿਕ ਐਕਟਿਵਿਸਟ ਪ੍ਰਸ਼ਾਂਤ ਭੂਸ਼ਨ ਦੇ ਪਿਤਾ ਸ਼ਾਂਤੀ ਭੂਸ਼ਨ ਨੇ ਮੀਟਿੰਗ ਵਾਲੀ ਥਾਂ ਤੋਂ ਬਾਹਰ ਆਉਂਦਿਆਂ ਹੀ ਇਸ ਕਾਰਵਾਈ ਦੀ ਤੁਲਨਾ ਹਿਟਲਰ ਨਾਲ ਕੀਤੀ ਸੀ। ਪਟਿਆਲਾ ਤੋਂ ਇਸ ਵਾਰ ਕਾਂਗਰਸ ਦੀ ਟਿਕਟ ‘ਤੇ ਦੂਜੀ ਵਾਰ ਪਾਰਲੀਮੈਂਟ ਮੈਂਬਰ ਬਣੇ ਧਰਮਵੀਰ ਗਾਂਧੀ ਨੇ ਵੀ ਇਸ ਵਿਹਾਰ ‘ਤੇ ਤਿੱਖੀ ਨਾਰਾਜ਼ਗੀ ਪਰਗਟ ਕੀਤੀ ਸੀ। ਇਸ ਘਟਨਾਕ੍ਰਮ ਤੋਂ ਪਿੱਛੋਂ ਆਪਣੇ ‘ਸਵਰਾਜ ਇੰਡੀਆ’ ਦੇ ਆਦਰਸ਼ ਨੂੰ ਭੁੱਲ ਕੇ ਰਵਾਇਤੀ ਪਾਰਟੀਆਂ ਦੀ ਤਰਜ਼ ‘ਤੇ ਇੱਕ ਬੇਹੱਦ ਕੇਂਦਰਕ੍ਰਿਤ ਪਾਰਟੀ ਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ। ਪਾਰਟੀ ‘ਸਵਰਾਜ ਇੰਡੀਆ’ ਵਰਗੇ ਵਿਚਾਰਧਾਰਕ ਬੰਧਨ ਤੋਂ ਵੀ ਮੁਕਤ ਹੋ ਗਈ। ਆਪਣੀ ਇਸ ਪਾਪੂਲਰ ਪਹੁੰਚ ਰਾਹੀਂ ਪੰਜਾਬ ਵਿੱਚ

⇒ ਬਾਕੀ ਸਫਾ 3 ਉਤੇ ਪੜ੍ਹੋ

### 67,000 ਤੋਂ ਵੱਧ ਵੋਟਰਾਂ ਵੱਲੋਂ ‘ਨੋਟਾ’ ਦੀ ਵਰਤੋਂ




ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ 67,000 ਤੋਂ ਵੱਧ ਵੋਟਰਾਂ ਨੇ ‘ਨੋਟਾ’ ਵਿਕਲਪ ਦੀ ਚੋਣ ਕੀਤੀ। ਚੋਣ ਕਮਿਸ਼ਨ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 67,158 ਵੋਟਰਾਂ (ਕੁੱਲ ਪੋਲ ਹੋਈਆਂ ਵੋਟਾਂ ਦਾ 0.49 ਫੀਸਦੀ) ਨੇ ‘ਨੋਟਾ’ ਦਾ ਬਟਨ ਦਬਾਇਆ।









# ਪੰਜਾਬ ਵਿੱਚ ਜਿੱਤ ਹਾਰ ਦੇ ਫਾਸਲੇ

**ਪੰਜਾਬੀ ਪਰਵਾਜ਼ ਬਿਊਰੋ**

ਲੋਕ ਸਭਾ ਚੋਣਾਂ ਵਿੱਚ ਬੜਾ ਕੁਝ ਦਿਲਚਸਪ ਵਾਪਰਿਆ ਹੈ- ਪੰਜਾਬ ਵਿੱਚ ਵੀ ਅਤੇ ਕੌਮੀ ਪੱਧਰ 'ਤੇ ਵੀ। ਜੇ ਪੰਜਾਬ ਵਿੱਚ ਜਿੱਤੇ/ਹਾਰੇ ਉਮੀਦਵਾਰਾਂ ਨੂੰ ਤੁਲਨਾਤਮਕ ਤੌਰ 'ਤੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੂੰ ਕੁੱਲ 4,04,430 ਵੋਟਾਂ ਪਈਆਂ। ਅੰਮ੍ਰਿਤਪਾਲ ਸਿੰਘ ਨੇ ਕਾਂਗਰਸ ਦੇ ਉਮੀਦਵਾਰ ਕੁਲਬੀਰ ਸਿੰਘ ਜੀਰਾ ਨੂੰ 1,97,120 ਵੋਟਾਂ ਦੇ ਫਰਕ ਨਾਲ ਹਰਾਇਆ। ਜੀਰਾ ਨੇ ਕੁੱਲ 2,07,310 ਵੋਟਾਂ ਪ੍ਰਾਪਤ ਕੀਤੀਆਂ। ਆਮ ਆਦਮੀ ਪਾਰਟੀ ਦੇ ਲਾਲਜੀਤ ਸਿੰਘ ਭੁੱਲਰ ਨੂੰ 1,94,838 ਵੋਟਾਂ ਪਈਆਂ। ਇਸੇ ਸੀਟ ਤੋਂ ਅਕਾਲੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਚੌਥੇ ਨੰਬਰ 'ਤੇ ਰਹੇ। ਪੰਜਾਬ ਵਿੱਚ ਇਹ ਸੱਭ ਤੋਂ ਵੱਡੀ ਜਿੱਤ ਹੈ।

ਅੰਮ੍ਰਿਤਸਰ ਚੋਣ ਹਲਕੇ ਤੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੂੰ ਕੁੱਲ 2,55,181 ਵੋਟਾਂ ਪਈਆਂ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੂੰ 40,301 ਵੋਟਾਂ ਦੇ ਫਰਕ ਨਾਲ ਹਰਾਇਆ। ਧਾਲੀਵਾਲ ਨੂੰ 2,14,880 ਵੋਟਾਂ ਪਈਆਂ। ਇਸੇ ਸੀਟ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ 2,07,205 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਅਕਾਲੀ ਉਮੀਦਵਾਰ ਅਨਿਲ ਜੋਸ਼ੀ ਚੌਥੇ ਨੰਬਰ 'ਤੇ ਰਹੇ।

ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ 3,64,043 ਕੁੱਲ ਵੋਟਾਂ ਮਿਲੀਆਂ। ਉਨ੍ਹਾਂ ਨੇ ਭਾਜਪਾ ਦੇ ਉਮੀਦਵਾਰ ਦਿਨੇਸ਼ ਬੱਬੂ ਨੂੰ 82,861 ਵੋਟਾਂ ਨਾਲ ਹਰਾਇਆ। ਇੱਥੇ 'ਆਪ' ਦੇ ਉਮੀਦਵਾਰ ਅਮਨ ਸਿੰਘ ਸ਼ੈਰੀ ਕਲਸੀ ਤੀਜੇ ਨੰਬਰ 'ਤੇ ਰਹੇ, ਜਿਨ੍ਹਾਂ ਨੂੰ ਕੁੱਲ 2,77,252 ਵੋਟਾਂ ਪਈਆਂ। ਅਕਾਲੀ ਦਲ ਦੇ ਉਮੀਦਵਾਰ ਦਲਜੀਤ ਸਿੰਘ ਚੀਮਾ 85,500 ਵੋਟਾਂ ਲੈ ਕੇ ਚੌਥੇ ਨੰਬਰ 'ਤੇ ਰਹੇ।

ਜਲੰਧਰ ਦੇ ਰਿਜ਼ਰਵ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕੁੱਲ 3,90,053 ਵੋਟਾਂ ਪਈਆਂ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 1,75,993 ਵੋਟਾਂ ਨਾਲ ਹਰਾਇਆ। ਰਿੰਕੂ ਨੂੰ 2,14,060 ਵੋਟਾਂ ਪਈਆਂ। ਤੀਸਰੇ ਨੰਬਰ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਰਹੇ। ਉਨ੍ਹਾਂ ਨੂੰ 2,08,889 ਵੋਟਾਂ ਪਈਆਂ। ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਨੂੰ 67,911 ਵੋਟਾਂ ਪਈਆਂ। ਇੱਥੇ ਕੇ.ਪੀ. ਸਮੇਤ 17 ਉਮੀਦਵਾਰਾਂ ਦੀ ਜ਼ਮਾਨਤ ਜਬਤ ਹੋ ਗਈ।

ਹੁਸ਼ਿਆਰਪੁਰ ਲੋਕ ਸਭਾ ਸੀਟ 'ਤੇ 'ਆਪ' ਦੇ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੂੰ 3,03,859 ਵੋਟਾਂ ਪਈਆਂ। ਉਨ੍ਹਾਂ ਨੇ ਕਾਂਗਰਸ ਦੀ ਉਮੀਦਵਾਰ ਯਾਮਨੀ ਗੋਮਰ ਨੂੰ 44,111 ਵੋਟਾਂ ਦੇ ਫਰਕ ਨਾਲ ਹਰਾਇਆ। ਯਾਮਨੀ ਗੋਮਰ ਨੂੰ 2,59,748 ਵੋਟਾਂ ਪਈਆਂ। ਇਸ ਸੀਟ ਤੋਂ ਭਾਜਪਾ ਦੀ ਉਮੀਵਾਰ ਅਨੀਤਾ ਸੋਮ ਪ੍ਰਕਾਸ਼ 1,99,994 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੀ। ਅਕਾਲੀ ਉਮੀਦਵਾਰ ਸੋਹਨ ਸਿੰਘ ਠੰਡਲ 91,789 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ।

ਅਨੰਦਪੁਰ ਸਾਹਿਬ ਤੋਂ 'ਆਪ' ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਨੂੰ 3,13,217 ਵੋਟਾਂ ਪਈਆਂ। ਉਨ੍ਹਾਂ ਨੇ ਕਾਂਗਰਸ ਦੇ ਉਮੀਦਵਾਰ ਵਿਜੇਇੰਦਰ ਸਿੰਗਲਾ ਨੂੰ 10,846 ਵੋਟਾਂ ਦੇ ਫਰਕ ਨਾਲ ਹਰਾਇਆ। ਵਿਜੇਇੰਦਰ ਸਿੰਗਲਾ ਨੂੰ 3,02,371 ਵੋਟਾਂ ਪਈਆਂ। ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ 1,86,578 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ 1,17,936 ਵੋਟਾਂ ਪਈਆਂ। ਉਹ ਚੌਥੇ ਨੰਬਰ 'ਤੇ ਰਹੇ।

ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਅਮਰ ਸਿੰਘ ਨੂੰ 3,32,591 ਵੋਟਾਂ ਪਈਆਂ। ਉਨ੍ਹਾਂ ਨੇ 'ਆਪ' ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਨੂੰ 34,202 ਵੋਟਾਂ ਦੇ ਫਰਕ ਨਾਲ ਹਰਾਇਆ। ਗੁਰਪ੍ਰੀਤ ਸਿੰਘ ਜੀ.ਪੀ. ਨੂੰ 2,98,389 ਵੋਟਾਂ ਮਿਲੀਆਂ। ਭਾਜਪਾ ਦੇ ਉਮੀਦਵਾਰ ਗੇਜਾ ਰਾਮ 1,27,521 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਨੇ 1,26,230 ਵੋਟਾਂ ਹਾਸਲ ਕੀਤੀਆਂ ਅਤੇ ਚੌਥੇ ਨੰਬਰ 'ਤੇ ਰਹੇ।

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੂੰ 3,05,616 ਵੋਟਾਂ ਪਈਆਂ। ਉਨ੍ਹਾਂ ਨੇ 'ਆਪ' ਦੇ ਉਮੀਦਵਾਰ ਡਾ. ਬਲਬੀਰ ਸਿੰਘ ਨੂੰ 14,831 ਵੋਟਾਂ ਦੇ ਫਰਕ ਨਾਲ ਹਰਾਇਆ। ਡਾ. ਬਲਬੀਰ ਸਿੰਘ ਨੂੰ 2,90,785 ਵੋਟਾਂ ਪਈਆਂ। ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ 2,88,998 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਨੂੰ 1,53,978 ਵੋਟਾਂ ਪਈਆਂ।

ਸੰਗਰੂਰ ਲੋਕ ਸਭਾ ਹਲਕੇ ਤੋਂ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੂੰ 3,64,085 ਵੋਟਾਂ ਪਈਆਂ। ਉਨ੍ਹਾਂ ਨੇ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫਰਕ ਨਾਲ ਹਰਾਇਆ। ਸੁਖਪਾਲ ਖਹਿਰਾ ਨੂੰ 1,91,525 ਵੋਟਾਂ ਪਈਆਂ। ਇੱਥੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸ. ਸਿਮਰਨਜੀਤ ਸਿੰਘ ਮਾਨ 1,87,246 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਭਾਜਪਾ ਦੇ ਅਰਵਿੰਦ ਖੰਨਾ ਇਸ ਸੀਟ 'ਤੇ ਚੌਥੇ ਨੰਬਰ 'ਤੇ ਰਹੇ।

ਲੋਕ ਸਭਾ ਹਲਕਾ ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ (ਸਪੁੱਤਰ ਸ਼ਹੀਦ ਸ. ਬੇਅੰਤ ਸਿੰਘ) ਨੂੰ 2.98,062 ਵੋਟਾਂ ਪਈਆਂ, ਉਨ੍ਹਾਂ ਨੇ ਫਿਲਮ ਸਟਾਰ ਅਤੇ 'ਆਪ' ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਨੂੰ 70,053 ਵੋਟਾਂ ਦੇ ਫਰਕ ਨਾਲ ਹਰਾਇਆ। ਕਰਮਜੀਤ ਸਿੰਘ ਅਨਮੋਲ ਨੂੰ 2,28,509 ਵੋਟਾਂ ਪਈਆਂ। ਕਾਂਗਰਸ ਉਮੀਦਵਾਰ ਅਮਰਜੀਤ ਕੌਰ ਸਾਹੋਕੇ 1,60,357 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੇ। ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਚੌਥੇ ਨੰਬਰ 'ਤੇ ਰਹੇ।

ਫਿਰੋਜਪੁਰ ਹਲਕੇ ਤੋਂ ਕਾਂਗਰਸ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੂੰ 2,66,626 ਵੋਟਾਂ ਮਿਲੀਆਂ। ਉਨ੍ਹਾਂ ਨੇ 'ਆਪ' ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੂੰ ਫਸਵੇਂ ਮੁਕਾਬਲੇ ਵਿੱਚ 3242 ਵੋਟਾਂ ਨਾਲ ਹਰਾਇਆ। ਜਗਦੀਪ ਸਿੰਘ ਕਾਕਾ ਬਰਾੜ ਨੂੰ 2,63,384 ਵੋਟਾਂ ਮਿਲੀਆਂ। ਭਾਜਪਾ ਉਮੀਦਵਾਰ ਗੁਰਮੀਤ ਸਿੰਘ ਸੋਢੀ 2,55,097 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਹੇ। ਇਸ ਸੀਟ ਤੋਂ ਅਕਾਲੀ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਚੌਥੇ ਨੰਬਰ 'ਤੇ ਰਹੇ।

ਲੋਕ ਸਭਾ ਹਲਕਾ ਬਠਿੰਡਾ ਤੋਂ ਬੀਬੀ ਹਰਸਿਮਰਤ ਕੌਰ ਬਾਦਲ ਨੇ 3,76,558 ਵੋਟਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ 'ਆਪ' ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ 49,556 ਵੋਟਾਂ ਨਾਲ ਹਰਾਇਆ। ਉਨ੍ਹਾਂ ਨੂੰ ਕੁੱਲ 3,26,902 ਵੋਟਾਂ ਪਈਆਂ। ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੱਧੂ 2,02011 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੇ। ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਸਿੱਧੂ ਭਾਜਪਾ ਵੱਲੋਂ ਚੋਣ ਲੜਦਿਆਂ 1,10,762 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ।

ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 3,22,224 ਵੋਟਾਂ ਪਈਆਂ। ਉਨ੍ਹਾਂ ਨੇ ਭਾਜਪਾ ਉਮੀਦਵਾਰ ਤੇ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਨੂੰ 20,942 ਵੋਟਾਂ ਦੇ ਫਰਕ ਨਾਲ ਹਰਾਇਆ। ਰਵਨੀਤ ਸਿੰਘ ਬਿੱਟੂ 3,01,282 ਵੋਟਾਂ ਨਾਲ ਦੂਸਰੇ ਨੰਬਰ 'ਤੇ ਰਹੇ। 'ਆਪ' ਦੇ ਅਸ਼ੋਕ ਪ੍ਰਾਸ਼ਰ ਪੱਪੀ 2,37,077 ਵੋਟਾਂ ਹਾਸਲ ਕਰਕੇ ਤੀਜੇ ਨੰਬਰ 'ਤੇ ਰਹੇ। ਅਕਾਲੀ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਚੌਥੇ ਨੰਬਰ 'ਤੇ ਰਹੇ।

## ਹਰਿਆਨਾ ਅਤੇ ਹਿਮਾਚਲ

ਇਸੇ ਦੌਰਾਨ ਹਰਿਆਣਾ ਵਿੱਚ ਮੁਕਾਬਲਾ ਬਰਾਬਰ ਦਾ ਰਿਹਾ ਹੈ, ਜਿੱਥੇ ਕਾਂਗਰਸ ਦਸ ਵਿੱਚੋਂ 5 ਸੀਟਾਂ 'ਤੇ ਕਬਜ਼ਾ ਕਰ ਕੇ ਸਿਆਸੀ ਭੂ-ਦ੍ਰਿਸ਼ 'ਚ ਮੁੜ ਪ੍ਰਮੁੱਖ ਧਿਰ ਵਜੋਂ ਉਭਰੀ ਹੈ ਤੇ ਭਾਰਤੀ ਜਨਤਾ ਪਾਰਟੀ ਨੂੰ ਝਟਕਾ ਲੱਗਿਆ ਹੈ। 2019 ਵਿਚ 'ਕਲੀਨ ਸਵੀਪ' ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਰਾਜ ਵਿੱਚ ਇਸ ਵਾਰ ਪੰਜ ਸੀਟਾਂ ਨਾਲ ਹੀ ਸਬਰ ਕਰਨਾ ਪਿਆ ਹੈ। ਇਸ ਹਾਰ 'ਚੋਂ ਝਲਕਦਾ ਹੈ ਕਿ ਭਾਰਤੀ ਜਨਤਾ ਪਾਰਟੀ ਮਹਿੰਗਾਈ ਅਤੇ ਬੇਰੁਜ਼ਗਾਰੀ ਜਿਹੇ ਭਖਵੇਂ ਮੁੱਦਿਆਂ ਨੂੰ ਹੱਲ ਕਰਨ 'ਚ ਨਾਕਾਮ ਰਹੀ ਹੈ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੇ ਸਾਰੀਆਂ ਚਾਰ ਸੀਟਾਂ ਜਿੱਤ ਕੇ ਪਹਾੜੀ ਰਾਜ ਵਿਚ ਭਗਵਾ ਝੰਡਾ ਲਹਿਰਾ ਦਿੱਤਾ ਹੈ, ਹਾਲਾਂਕਿ ਚੰਡੀਗੜ੍ਹ ਦੀ ਸੀਟ ਕਾਂਗਰਸ ਨੇ ਹਲਕੇ ਫ਼ਰਕ ਨਾਲ ਭਾਜਪਾ ਤੋਂ ਹਥਿਆ ਲਈ ਹੈ। ਨਤੀਜਿਆਂ ਵਿੱਚੋਂ ਨਿਕਲੀ ਠੋਸ ਵਿਰੋਧੀ ਧਿਰ ਕੇਂਦਰ ਵਿੱਚ ਜਮਹੂਰੀਅਤ ਦੀ ਮਜ਼ਬੂਤੀ 'ਚ ਸਹਾਈ ਸਿੱਧ ਹੋਵੇਗੀ।




# ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦਾ ਬੇਰੋਕ ਪਤਨ

*ਸਫਾ ਇੱਕ ਦੀ ਬਾਕੀ ⇒*

ਮਿਲੀ ਵੱਡੀ ਸਫਲਤਾ ਨੇ 'ਆਪ' ਲੀਡਰਸ਼ਿਪ ਨੂੰ ਹੋਰ ਵਧੇਰੇ ਮਗਰੂਰ ਬਣਾ ਦਿੱਤਾ। ਇਸ ਦਾ ਨਤੀਜਾ ਇਹ ਸੀ ਕਿ ਪੰਜਾਬ ਵਿੱਚ ਬਦਲਾਖੋਰੀ ਦੀ ਸਿਆਸਤ ਸ਼ੁਰੂ ਹੋ ਗਈ। ਇਸ ਦੇ ਨਾਲ ਹੀ ਆਪਣੀ ਸਿਆਸਤ ਨੂੰ ਕਾਹਲੀ ਨਾਲ ਅੱਗੇ ਵਧਾਉਣ ਲਈ ਕਿਸੇ ਵੀ ਸੋਮੇਂ ਤੋਂ ਪੈਸਾ ਇਕੱਠਾ ਕਰਨ ਦਾ ਰੁਝਾਨ ਉਭਰ ਆਇਆ। ਕਿਸੇ ਨੀਤੀ ਖਿਲਾਫ ਸਵਾਲ ਉਠਾਉਣ, ਕੁਝ ਦੱਸਣ-ਪੁੱਛਣ ਵਾਲਿਆਂ ਨੂੰ ਬਾਹਰ ਦਾ ਰਾਹ ਵਿਖਾਉਣ ਦਾ ਰਿਵਾਜ ਜਾਰੀ ਰਿਹਾ। ਸੁੱਚਾ ਸਿੰਘ ਛੋਟੇਪੁਰ ਅਤੇ ਸੁਖਪਾਲ ਸਿੰਘ ਖਹਿਰਾ ਇਸ ਨੀਤੀ ਦਾ ਸ਼ਿਕਾਰ ਹੋਏ।

ਪਾਰਟੀ ਦਾ ਇਹ ਵਰਤਾਅ ਅਖੀਰ ਸਵਾਤੀ ਮਾਲੀਵਾਲ ਵਾਲੇ ਘਟਨਾਕ੍ਰਮ ਤੱਕ ਆਣ ਪੁੱਜਾ। ਪਾਰਟੀ ਦੇ ਮੁਖੀ ਦੇ ਡਰਾਇੰਗਰੂਮ ਵਿੱਚ ਇੱਕ ਜਵਾਨ ਔਰਤ ਦੀ ਕੇਜਰੀਵਾਲ ਦੇ ਨਿੱਜੀ ਸਕੱਤਰ ਵੱਲੋਂ ਮਾਰਕੁੱਟ ਕੀਤੀ ਗਈ ਅਤੇ ਫਿਰ ਇਸ 'ਤੇ ਨਾ ਸਿਰਫ ਪਰਦਾ ਪਾਉਣ ਦਾ ਯਤਨ ਕੀਤਾ ਗਿਆ, ਸਗੋਂ ਇੱਕ ਆਪਣੀ ਹੀ ਪਾਰਟੀ ਦੀ ਔਰਤ ਨਾਲ ਸ਼ਰੀਕਾਂ ਵਾਲਾ ਆਢਾ ਲਾਉਣ ਦਾ ਯਤਨ ਕੀਤਾ ਗਿਆ; ਉਹ ਵੀ ਚੋਣਾਂ ਦੇ ਐਨ ਵਿਚਕਾਰ। ਇਸ ਘਟਨਾ ਨੇ ਕੇਜਰੀਵਾਲ ਲਈ ਪੈਦਾ ਹੋਈ ਉਸ ਹਮਦਰਦੀ ਨੂੰ ਖਤਮ ਕਰ ਦਿੱਤਾ, ਜਿਹੜੀ ਉਨ੍ਹਾਂ ਨੂੰ ਕਥਿਤ ਸ਼ਰਾਬ ਨੀਤੀ ਵਿੱਚ ਜੇਲ੍ਹ ਅੰਦਰ ਭੇਜਣ ਤੋਂ ਬਾਅਦ ਪੈਦਾ ਹੋਈ ਸੀ। ਜੇ ਠੀਕ ਤਰ੍ਹਾਂ ਸੋਚਿਆ ਗਿਆ ਹੁੰਦਾ ਤਾਂ ਸਵਾਤੀ ਮਾਲੀਵਾਲ ਦੇ ਮਸਲੇ ਨੂੰ ਕਿਸੇ ਹੋਰ ਤਰ੍ਹਾਂ ਵੀ ਨਜਿਠਿਆ ਜਾ ਸਕਦਾ ਸੀ- ਨਰਮੀ, ਹਮਦਰਦੀ ਅਤੇ ਸ਼ਾਂਤੀ ਨਾਲ। ਇਸ ਦੇ ਉਲਟ ਆਮ ਆਦਮੀ ਪਾਰਟੀ ਤਾਂ ਸਗੋਂ ਸਵਾਤੀ ਖਿਲਾਫ ਬਰਾਬਰ ਦਾ ਕੇਸ ਦਰਜ ਕਰਵਾਉਣ ਤੱਕ ਚਲੀ ਗਈ ਅਤੇ ਮਾਰ-ਕੁੱਟ ਕਰਨ ਵਾਲੇ ਵੈਭਵ ਨੂੰ ਸੁਰੱਖਿਆ ਪ੍ਰਦਾਨ ਕਰਨ ਲੱਗੀ। ਲੱਗਦਾ ਹੈ, ਇਹ ਇਸ ਕੇਸ ਕਰਕੇ ਹੀ ਹੈ ਕਿ 'ਆਪ' ਅਤੇ ਕਾਂਗਰਸ ਗੱਠਜੋੜ ਨੂੰ ਦਿੱਲੀ ਵਿੱਚ ਇੱਕ ਸੀਟ ਵੀ ਨਹੀਂ ਮਿਲੀ। ਪੰਡਿਤਾਂ ਤਾਂ ਡੁੱਬਣਾ ਹੀ ਸੀ, ਨਾਲ ਜਜ਼ਮਾਨ ਵੀ ਡੋਬ ਲਏ!

ਹੁਣ ਗੱਲ ਰਹੀ ਸਿੱਖ ਸਿਆਸਤ ਦੀ। ਪਹਿਲਾਂ ਅਕਾਲੀ ਦਲ ਬਾਦਲ ਦੀ ਕਰਦੇ ਹਾਂ। ਇਸ ਪਾਰਟੀ ਨੇ ਬਠਿੰਡਾ ਤੋਂ ਸਿਵਾਏ ਆਪਣੀਆਂ ਸਾਰੀਆਂ ਸੀਟਾਂ ਗਵਾ ਲਈਆਂ ਹਨ। ਪੰਜ ਕੋਣੇ ਮੁਕਾਬਲੇ ਵਿੱਚ ਹਰਸਿਮਰਤ ਕੌਰ ਬਾਦਲ ਦੇ ਜਿੱਤਣ ਨਾਲ ਅਕਾਲੀ ਦਲ ਦੀ ਲੀਡਰਸ਼ਿੱਪ ਨੇ ਭਾਵੇਂ ਆਪਣਾ ਨਿੱਜੀ ਕਿਲ੍ਹਾ ਬਚਾ ਲਿਆ ਹੈ, ਪਰ ਪਾਰਟੀ ਦਾ ਪਤਨ ਰੁਕਦਾ ਵਿਖਾਈ ਨਹੀਂ ਦੇ ਰਿਹਾ। ਪੰਜਾਬ ਵਿੱਚ ਪਾਰਟੀ ਦਾ ਵੋਟ ਸ਼ੇਅਰ ਇਸ ਵਾਰ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲੋਂ ਵੀ ਘਟ ਗਿਆ ਹੈ। ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ 13% ਤੋਂ ਕੁਝ ਵਧੇਰੇ ਵੋਟਾਂ ਮਿਲੀਆਂ ਹਨ, ਜਦ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਵੋਟ ਸ਼ੇਅਰ 18 ਫੀਸਦੀ ਤੋਂ ਕੁਝ ਵੱਧ ਸੀ। ਹੁਣ ਭਾਜਪਾ ਦਾ ਵੋਟ ਸ਼ੇਅਰ 18 ਫੀਸਦੀ ਰਿਹਾ ਹੈ। ਇੰਜ ਵੋਟ ਸ਼ੇਅਰ ਦੇ ਮਾਮਲੇ ਵਿੱਚ ਅਕਾਲੀ ਦਲ ਭਾਜਪਾ ਤੋਂ ਵੀ ਹੇਠਾਂ ਆ ਗਿਆ ਹੈ। ਇਸ ਹਾਲਤ ਵਿੱਚ ਆਉਣ ਵਾਲੇ ਕਿਸੇ ਵੀ ਅਕਾਲੀ-ਭਾਜਪਾ ਗੱਠਜੋੜ ਵਿੱਚ ਅਕਾਲੀ ਦਲ ਜੂਨੀਅਰ ਪਾਰਟਨਰ ਵਜੋਂ ਸ਼ਾਮਲ ਹੋਵੇਗਾ।



■ **ਫਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਨੇ ਵੱਡੀਆਂ ਜਿੱਤਾਂ ਦਰਜ ਕਰਕੇ ਦਰਸਾ ਦਿੱਤਾ ਹੈ ਕਿ ਸਿੱਖ ਵੋਟਾਂ ਦੇ ਆਸਰੇ ਵੀ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ**

ਰਵਾਇਤੀ ਅਕਾਲੀ ਦਲ ਦੀ ਕਾਰਗੁਜ਼ਾਰੀ ਦੇ ਬਿਲਕੁਲ ਸਮਾਨੰਤਰ ਫਰੀਦਕੋਟ ਤੋਂ ਸਰਬਜੀਤ ਸਿੰਘ ਅਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਨੇ ਵੱਡੀਆਂ ਜਿੱਤਾਂ ਦਰਜ ਕਰਕੇ ਦਰਸਾ ਦਿੱਤਾ ਹੈ ਕਿ ਸਿੱਖ ਵੋਟਾਂ ਦੇ ਆਸਰੇ ਵੀ ਚੋਣਾਂ ਜਿੱਤੀਆਂ ਜਾ ਸਕਦੀਆਂ ਹਨ; ਪਰ ਨਵੇਂ ਉਭਰੇ ਇਨ੍ਹਾਂ ਸਿਖ ਨੌਜਵਾਨ ਸਿਆਸੀ ਆਗੂਆਂ ਨੇ ਵੀ ਜੇ ਪੰਜਾਬ ਵਿੱਚ ਸਿੱਖ ਸਿਆਸਤ ਦੇ ਪੁਨਰਉਥਾਨ ਦਾ ਬਾਇਸ ਬਣਨਾ ਹੈ ਤਾਂ ਉਨ੍ਹਾਂ ਨੂੰ ਬੜੀ ਤੇਜ਼ੀ ਨਾਲ ਪਾਰਟੀ ਉਸਾਰੀ ਦੇ ਵੱਡੇ ਕਾਰਜ ਨਾਲ ਮੱਥਾ ਮਾਰਨਾ ਪੈਣਾ ਹੈ।

ਇੱਕ ਸਮਰੱਥ ਅਤੇ ਵਿਚਾਰਧਾਰਕ ਤੌਰ 'ਤੇ ਸਪਸ਼ਟ ਪਾਰਟੀ ਦੀ ਉਸਾਰੀ ਦੇ ਕਾਰਜ ਲਈ ਬੜਾ ਮੁਸ਼ਕਲ ਪੈਂਡਾ ਤੈਅ ਕਰਨਾ ਪੈ ਸਕਦਾ ਹੈ। ਇਨ੍ਹਾਂ ਨੌਜਾਵਾਨਾਂ ਨੂੰ ਉਤਸ਼ਾਹੀ ਨੌਜਵਾਨ ਕਾਡਰ ਮਿਲਣ ਦੀ ਤਾਂ ਕੋਈ ਘਾਟ ਨਹੀਂ ਰਹੇਗੀ, ਪਰ ਇਸ ਨੂੰ ਅੰਦਰੂਨੀ ਜਮਹੂਰੀਅਤ ਨਾਲ ਲੈਸ ਤੇ ਸਿੱਖ ਆਦਰਸ਼ਾਂ ਦੇ ਵਿਚਾਰ ਦੁਆਲੇ ਜੋੜੀ ਰੱਖਣਾ ਅਤੇ ਇਸ ਦਾ ਪ੍ਰੈਕਟੀਕਲ ਸਿਆਸਤ ਨਾਲ ਸੁਮੇਲ ਬਿਠਾਉਣਾ ਆਸਾਨ ਕਾਰਜ ਨਹੀਂ ਹੈ। ਇਸ ਮਕਸਦ ਲਈ ਲੰਮੇ ਦਾਅ ਦੀਆਂ ਵਿਚਾਰਕ ਨੀਤੀਆਂ ਅਤੇ ਪ੍ਰੈਕਟੀਕਲ ਸਿਆਸਤ ਦੀਆਂ ਲੋੜਾਂ ਨੂੰ ਇੱਕ ਸੁਰ ਕਰਨਾ ਹੋਵੇਗਾ। ਯਾਦ ਰਹੇ, ਦੁਨੀਆਂ ਦੀ ਹਰ ਆਦਰਸ਼ਕ ਸਿਆਸਤ ਉਦੋਂ ਨਿਵਾਣਾ ਵੱਲ ਤੁਰਦੀ ਹੈ, ਜਦੋਂ ਸਿਆਸੀ ਪ੍ਰੈਕਟਿਸ ਦੇ ਮੈਦਾਨ ਵਿੱਚ ਉਤਰਦੀ ਹੈ। ਇਹ ਠੀਕ ਹੈ ਕਿ ਦੁਨੀਆਂ ਦੀ ਕੋਈ ਵੀ ਸਿਆਸਤ ਆਪਣੇ ਆਦਰਸ਼ਾਂ ਨੂੰ ਹੂਬਹੂ ਰੂਪ ਵਿੱਚ ਧਰਤੀ 'ਤੇ ਜੀਅ ਨਹੀਂ ਸਕਦੀ, ਪਰ ਆਪਣੀ ਕਹਿਣੀ ਨੂੰ ਆਪਣੇ ਅਮਲ ਦੇ ਘੱਟੋ ਘੱਟ ਨੇੜੇ ਰੱਖਣ ਦਾ ਯਤਨ ਤਾਂ ਕਰਨਾ ਹੀ ਪਏਗਾ; ਤੇ ਇਹ ਯਤਨ ਲੋਕਾਂ ਦੀ ਪ੍ਰਸੈਪਸ਼ਨ ਵਿੱਚ ਵਿਖਾਈ ਵੀ ਦੇਣਾ ਚਾਹੀਦਾ ਹੈ। ਜਿੱਥੋਂ ਤੱਕ ਕਾਂਗਰਸ ਦੇ ਪੰਜਾਬ ਵਿੱਚ 7 ਲੋਕ ਸਭਾ ਸੀਟਾਂ ਜਿੱਤ ਜਾਣ ਦਾ ਸਵਾਲ ਹੈ, ਉਸ ਦਾ ਕਾਰਨ ਇਹ ਸਬੱਬ ਹੀ ਹੈ ਕਿ ਜਦੋਂ ਆਮ ਆਦਮੀ ਪਾਰਟੀ ਲੋਕਾਂ ਦੇ ਮਨਾਂ ਵਿੱਚੋਂ ਲੱਥ ਰਹੀ ਹੈ ਤਾਂ ਕਾਂਗਰਸ ਹੀ ਕੁਝ ਮਜਬੂਤ ਵਿਖਾਈ ਦਿੰਦਾ ਬਦਲ ਸੀ, ਜਿਸ ਵੱਲ ਲੋਕ ਜਾ ਸਕਦੇ ਸਨ। ਕੌਮੀ ਪੱਧਰ 'ਤੇ ਰਾਹੁਲ ਗਾਂਧੀ ਵੱਲੋਂ ਕਾਂਗਰਸ ਪਾਰਟੀ ਨੂੰ ਕੁਝ ਰਿਵਾਈਵ ਕਰਨ ਦੇ ਯਤਨਾਂ ਦਾ ਅਸਰ ਵੀ ਪੰਜਾਬ ਵਿੱਚ ਪਿਆ ਹੈ। ਖਾਸ ਕਰਕੇ ਜਿੰਨੀ ਫਸਵੀਂ ਟੱਕਰ ਇੰਡੀਆ ਗੱਠਜੋੜ ਨੇ ਕੌਮੀ ਪੱਧਰ 'ਤੇ ਐਨ.ਡੀ.ਏ ਗੱਠਜੋੜ ਨੂੰ ਦਿੱਤੀ, ਉਸ ਨੇ ਸਾਰੇ ਦੇਸ਼ ਵਿੱਚ ਹੀ ਹਵਾ ਦਾ ਰੁਖ ਬਦਲਿਆ ਹੈ।

## ਚੋਣ ਸਰਵੇਖਣ ਹੋਏ ਛੂਮੰਤਰ

2024 ਦੀਆਂ ਆਮ ਚੋਣਾਂ ਵਿੱਚ ਐਗਜ਼ਿਟ ਪੋਲਾਂ (ਚੋਣ ਸਰਵੇਖਣਾਂ) ਦੌਰਾਨ ਭਾਜਪਾ ਦੀ ਵੱਡੀ ਜਿੱਤ ਦੇ ਕੀਤੇ ਦਾਅਵੇ ਅਸਲ 'ਚ ਕਿਤੇ ਨਜ਼ਰ ਨਹੀਂ ਆਏ; ਸੱਤਾਧਾਰੀ ਗੱਠਜੋੜ ਵੱਲੋਂ ਦਿੱਤਾ 'ਅਬਕੀ ਬਾਰ 400 ਪਾਰ' ਦਾ ਨਾਅਰਾ ਬਸ ਨਾਅਰਾ ਬਣ ਕੇ ਹੀ ਰਹਿ ਗਿਆ। ਵਿਰੋਧੀ ਧਿਰ ਨੂੰ ਦਬਾ ਕੇ ਗੋਡੇ ਟੇਕਣ ਲਈ ਮਜਬੂਰ ਕਰਨ ਦੀ ਭਾਜਪਾ ਵੱਲੋਂ ਕੀਤੀ ਗਈ ਹਰ ਸੰਭਵ ਕੋਸ਼ਿਸ਼ ਨਾਕਾਮ ਹੋ ਗਈ ਤੇ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਨੇ ਸੱਤਾਧਾਰੀਆਂ ਨੂੰ ਤਕੜੀ ਟੱਕਰ ਦਿੱਤੀ ਅਤੇ ਆਖਿਰਕਾਰ ਪ੍ਰਧਾਨ ਮੰਤਰੀ ਮੋਦੀ, ਬਦਲਾਓ ਦੇ ਤੌਰ 'ਤੇ ਮੁਕੰਮਲ ਰੂਪ 'ਚ ਓਨੇ ਸਮਰੱਥ ਨਹੀਂ ਰਹੇ, ਉਨ੍ਹਾਂ ਨੂੰ ਹੁਣ ਆਪਣੀ ਸਰਕਾਰ ਕਾਇਮ ਰੱਖਣ ਲਈ ਖੇਤਰੀ ਨੇਤਾਵਾਂ ਜਿਵੇਂ ਨਿਤੀਸ਼ ਕੁਮਾਰ ਅਤੇ ਚੰਦਰਬਾਬੂ ਨਾਇਡੂ ਦੇ ਸਹਾਰੇ ਦੀ ਲੋੜ ਪਏਗੀ।

### ਕੌਮੀ ਪੱਧਰ 'ਤੇ ਜਿੱਤਣ ਵਾਲੀਆਂ ਪਾਰਟੀਆਂ

**ਕੁੱਲ ਸੀਟਾਂ: 543**

**ਐਨ.ਡੀ.ਏ: 291**

*(ਪਿਛਲੀ ਵਾਰ ਨਾਲੋਂ 52 ਸੀਟਾਂ ਘਟੀਆਂ)*




**ਭਾਜਪਾ:** 240
**ਸ਼ਿਵ ਸੈਨਾ ਸ਼ਿੰਦੇ ਧੜਾ:** 7
**ਜਨਤਾ ਦਲ ਸੈਕੂਲਰ:** 2
**ਟੀ.ਡੀ.ਪੀ:** 16
**ਜੇ.ਡੀ.ਯੂ:** 12
**ਆਰ.ਐਲ.ਡੀ:** 2
**ਜਨ ਸੈਨਾ:** 2
**ਹਮ:** 1
**ਆਪਨਾ ਦਲ:** 1
**ਹੋਰ:** 8
**ਵੋਟ ਫੀਸਦ:** 45%

**ਇੰਡੀਆ ਗੱਠਜੋੜ: 234**

*(ਪਿਛਲੀ ਵਾਰ ਨਾਲੋਂ 107 ਵੱਧ)*

**ਕਾਂਗਰਸ:** 100
**ਸਪਾ:** 38
**ਤ੍ਰਿਣਮੂਲ ਕਾਂਗਰਸ:** 29
**ਡੀ.ਐਮ.ਕੇ:** 22
**ਆਰ.ਜੇ.ਡੀ:** 4
**ਆਪ:** 3
**ਜੇ.ਐਮ.ਐਮ:** 3
**ਹੋਰ:** 27
**ਵੋਟ ਫੀਸਦੀ:** 42%

**ਹੋਰ ਪਾਰਟੀਆਂ ਨੂੰ ਮਿਲੀਆਂ ਸੀਟਾਂ: 18**
**ਵੋਟ ਫੀਸਦ:** 13%

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ




BUYING OR SELLING?

FREE HOME EVALUATION

Contact me to find out what your home is worth!

AYUSHI KUKREJA-RAJU
REAL ESTATE AGENT
630-825-4652

ATPROPERTIES.COM/SITE/AYUSHIKUKREJA



ਹਾਏ, ਹਾਏ ਗਰਮੀ!

# ਗਰਮੀ ਨਾਲ ਭੁੱਝ ਹੁੰਦੀ ਦਿੱਲੀ ਵਿੱਚ ਪਾਣੀ ਦਾ ਗੰਭੀਰ ਸੰਕਟ

***ਤਾਪਮਾਨ 52 ਡਿਗਰੀ ਸੈਲਸੀਅਸ ਨੂੰ ਟੱਪਿਆ**

**ਪੰਜਾਬੀ ਪਰਵਾਜ਼ ਬਿਊਰੋ**

ਇੱਕ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਲੀਕੇ ਗਏ ਪੌਣੇ ਤਿੰਨ ਮਹੀਨੇ ਲੰਬੇ ਚੋਣ ਅਮਲ ਦੇ ਹੋਰ ਵੀ ਕਈ ਨਾਂਹਮੁਖੀ ਪੱਖ ਹੋ ਸਕਦੇ ਹਨ, ਪਰ ਆਪਣੇ ਸਿਖ਼ਰ ਤੱਕ ਪਹੁੰਚਦਿਆਂ ਇਸ ਨੂੰ ਅਤਿ ਦੀ ਗਰਮੀ ਨੇ ਆਪਣੀ ਮਾਰ ਹੇਠ ਲੈ ਲਿਆ। ਚੋਣਾਂ ਦੇ ਆਖਰੀ ਦਿਨ ਪਹਿਲੀ ਜੂਨ ਨੂੰ ਸਮੁੱਚੇ ਦੇਸ਼ ਵਿੱਚ ਅਤਿ ਦੀ ਗਰਮੀ ਨੇ ਤਕਰੀਬਨ 58 ਵਿਅਕਤੀਆਂ ਦੀ ਜਾਨ ਲੈ ਲਈ। ਇਨ੍ਹਾਂ ਵਿੱਚ 33 ਚੋਣ ਅਧਿਕਾਰੀ ਸ਼ਾਮਲ ਸਨ। ਇਨ੍ਹਾਂ ਚੋਣ ਅਧਿਕਾਰੀਆਂ ਦੀ ਮੌਤ ਉੱਤਰ ਪ੍ਰਦੇਸ਼ ਵਿੱਚ ਹੋਈ।

ਇਸ ਤੋਂ ਇਲਾਵਾ ਇਸ ਦਿਨ ਬਿਹਾਰ, ਉੜੀਸਾ ਅਤੇ ਮੱਧ ਪ੍ਰਦੇਸ਼ ਤੋਂ ਵੀ ਗਰਮੀ ਕਾਰਨ ਮੌਤਾਂ ਹੋਣ ਦੀਆਂ ਖਬਰਾਂ ਮਿਲੀਆਂ; ਪਰ ਸਭ ਤੋਂ ਵੱਧ ਮੌਤਾਂ ਯੂ.ਪੀ. ਵਿੱਚ ਹੀ ਹੋਈਆਂ, ਜਿੱਥੇ ਚੋਣ ਅਮਲ ਦੇ ਇਸ ਆਖਰੀ ਗੇੜ ਵਿੱਚ 13 ਹਲਕਿਆਂ ਵਿੱਚ ਵੋਟਾਂ ਪਵਾਈਆ ਗਈਆਂ। ਉੱਤਰ ਪ੍ਰਦੇਸ਼ ਦੇ ਬਲੀਆ ਕਸਬੇ ਵਿੱਚ ਹੀਟ ਇੰਡੈਕਸ ਇਸ ਦਿਨ 61 ਡਿਗਰੀ ਸੈਲਸੀਅਸ ਨੂੰ ਛੂਹ ਗਿਆ। ਉੱਤਰ ਪ੍ਰਦੇਸ਼ ਦੇ ਮੁੱਖ ਚੋਣ ਅਧਿਕਾਰੀ ਨੇ ਇਸ ਸੰਬੰਧ ਵਿੱਚ ਗੱਲ ਕਰਦਿਆਂ ਦੱਸਿਆ ਕਿ ਮਰਨ ਵਾਲਿਆਂ ਵਿੱਚ ਹੋਮਗਾਰਡ ਦੇ ਮੁਲਾਜ਼ਮ, ਸੈਨੀਟੇਸ਼ਨ ਵਰਕਰ ਅਤੇ ਹੋਰ ਪੋਲਿੰਗ ਸਟਾਫ ਨਾਲ ਸੰਬੰਧਤ ਮੁਲਾਜ਼ਮ ਸਨ। ਯਾਦ ਰਹੇ, ਇਸ ਤੋਂ ਇੱਕ ਦਿਨ ਪਹਿਲਾਂ ਵੀ ਪੋਲਿੰਗ ਸਟਾਫ ਨਾਲ ਸੰਬੰਧਤ 15 ਮੁਲਾਜ਼ਮ ਮਾਰੇ ਗਏ ਸਨ। ਮੁੱਖ ਚੋਣ ਅਧਿਕਾਰੀ ਨੇ ਮਾਰੇ ਗਏ ਵਿਅਕਤੀ ਲਈ 15 ਲੱਖ ਰੁਪਏ ਦੀ ਐਕਸਗਰੇਸ਼ੀਆ ਗਰਾਂਟ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਬਿਹਾਰ ਤੋਂ ਵੀ ਚੋਣ ਅਮਲੇ ਦੀਆਂ ਮੌਤਾਂ ਦੀਆਂ ਖ਼ਬਰਾਂ ਮਿਲੀਆਂ ਹਨ। ਬਿਹਾਰ ਵਿੱਚ ਪਹਿਲੀ ਜੂਨ ਵਾਲੇ ਦਿਨ ਚੋਣ ਅਮਲੇ ਦੀਆਂ 10 ਮੌਤਾਂ ਹੋਈਆਂ। ਬਿਹਾਰ ਦੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਭ ਤੋਂ ਜ਼ਿਆਦਾ ਮੌਤਾਂ ਭੋਜਪੁਰ ਇਲਾਕੇ ਵਿੱਚ ਹੋਈਆਂ, ਜਿੱਥੇ 5 ਚੋਣ ਅਧਿਕਾਰੀਆਂ ਦੀ ਮੌਤ ਹੋਈ। ਇਸੇ ਤਰ੍ਹਾਂ ਉੜੀਸਾ ਵਿੱਚ ਵੀ ਕਈ ਚੋਣ ਅਧਿਕਾਰੀਆਂ ਦੀ ਇੱਕ ਜੂਨ ਨੂੰ ਗਰਮੀ ਕਾਰਨ ਮੌਤ ਹੋ ਗਈ। ਮੌਜੂਦਾ ਹੀਟਵੇਵ ਨਾਲ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ 150 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ।

ਗਰਮੀ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੌਤਾਂ ਦਾ ਇਹ ਸਿਲਸਲਾ ਜਾਰੀ ਹੈ। ਉਂਝ ਰਾਜਸਥਾਨ ਅਤੇ ਪੰਜਾਬ ਦੇ ਕੁੱਝ ਹਿੱਸਿਆਂ ਵਿੱਚ ਹਲਕੀ ਬਾਰਸ਼ ਹੋਣ ਤੇ ਝੱਖੜ ਚੱਲਣ ਕਾਰਨ ਮੌਸਮ ਦੇ ਕੁਝ ਨਰਮ ਹੋਣ 'ਤੇ ਲੋਕਾਂ ਨੂੰ ਰਾਹਤ ਮਿਲੀ ਹੈ; ਪਰ ਮੌਸਮ ਵਿਭਾਗ ਦਾ ਆਖਣਾ ਹੈ ਕਿ 6 ਜੂਨ ਤੋਂ ਬਾਅਦ ਗਰਮੀ ਦਾ ਪ੍ਰਕੋਪ ਮੁੜ ਵਧ ਜਾਵੇਗਾ।

ਪਿਛਲੇ ਦਿਨੀਂ ਦਿੱਲੀ ਵਿੱਚ ਤਾਪਮਾਨ 52 ਡਿਗਰੀ ਸੈਲਸੀਅਸ ਤੋਂ ਉੱਪਰ ਚਲਾ ਗਿਆ, ਜਿਸ ਕਾਰਨ ਲੋਕ ਨਾ ਸਿਰਫ ਗਰਮੀ ਨਾਲ ਭੁੰਨ ਹੋਣ ਲੱਗੇ, ਸਗੋਂ ਕੌਮੀ ਰਾਜਧਾਨੀ ਵਿੱਚ ਪਾਣੀ ਦਾ ਇੱਕ ਗੰਭੀਰ ਸੰਕਟ ਖੜ੍ਹਾ ਹੋ ਗਿਆ। ਪਾਣੀ ਦੀ ਕਿੱਲਤ ਨੂੰ ਲੈ ਕੇ ਰਾਜਧਾਨੀ ਦੀ 'ਆਪ' ਸਰਕਾਰ ਹਰਿਆਣਾ ਅਤੇ ਰਾਜਸਥਾਨ ਨੂੰ ਅਪੀਲ ਕਰ ਰਹੀ ਹੈ ਕਿ ਇਸ ਸੰਕਟ ਦੀ ਘੜੀ ਉਸ ਨੂੰ ਵਧੇਰੇ ਪਾਣੀ ਦਿੱਤਾ ਜਾਵੇ। ਮਾਮਲੇ ਨੂੰ ਲੈ ਕੇ ਦਿੱਲੀ ਜਲ ਬੋਰਡ ਨੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਵੀ ਦਾਖਲ ਕੀਤੀ ਹੈ।

ਇਸ ਮਾਨਵੀ ਸੰਕਟ ਦੇ ਐਨ ਦਰਮਿਆਨ ਹਰਿਆਣਾ ਦੀ ਭਾਜਪਾ ਸਰਕਾਰ ਨੇ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਸਰਕਾਰ ਦਾ ਆਖਣਾ ਹੈ ਕਿ ਉਸ ਵੱਲੋਂ ਕੌਮੀ ਰਾਜਧਾਨੀ ਲਈ ਮਿੱਥੇ ਕੋਟੇ ਤੋਂ ਪਹਿਲਾਂ ਹੀ ਵੱਧ ਪਾਣੀ ਛੱਡਿਆ ਜਾ ਰਿਹਾ ਹੈ। ਦਿੱਲੀ ਵਿੱਚ ਪਾਣੀ ਦੀ ਸਮੱਸਿਆ 'ਆਪ' ਸਰਕਾਰ ਦੀਆਂ ਆਪਣੀਆਂ ਗਲਤੀਆਂ ਕਾਰਨ ਹੈ। ਹਰਿਆਣਾ ਇਰੀਗੇਸ਼ਨ ਅਤੇ ਕੁਦਰਤੀ ਸੋਮਿਆਂ ਬਾਰੇ ਮੰਤਰੀ ਅਭੈ ਯਾਦਵ ਨੇ ਦੱਸਿਆ ਕਿ ਬਵਾਨਾ ਤੋਂ ਦਿੱਲੀ ਲਈ ਸਾਰੇ ਮਈ ਮਹੀਨੇ ਵਿੱਚ ਹਰ ਰੋਜ਼ 950 ਕਿਊਸਿਕ ਪਾਣੀ ਛੱਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਾਣੀ ਦਿੱਲੀ ਦੇ ਮਿੱਥੇ ਕੋਟੇ ਤੋਂ ਵੱਧ ਹੈ। ਉਨ੍ਹਾਂ ਦਾ ਆਖਣਾ ਹੈ ਕਿ ਹਰਿਆਣਾ ਵੱਲੋਂ ਦਿੱਲੀ ਨੂੰ ਕੁੱਲ ਮਿਲਾ ਕੇ 1049 ਕਿਊਸਿਕ ਪਾਣੀ ਰੋਜ਼ਾਨਾ ਛੱਡਿਆ ਜਾ ਰਿਹਾ ਹੈ। ਹਰਿਆਣਾ ਦੇ ਅਧਿਕਾਰੀਆਂ ਦਾ ਆਖਣਾ ਹੈ ਕਿ ਵਜੀਰਾਬਾਦ ਹੈਡਵਰਕਸ ਸਮੇਤ ਦਿੱਲੀ ਦੇ ਆਪਣੇ ਖੇਤਰਾਂ ਵਿੱਚ ਹੁੰਦੀ ਪਾਣੀ ਦੀ ਬਰਬਾਦੀ ਅਤੇ ਚੋਰੀ ਨੂੰ ਰੋਕਣਾ ਦਿੱਲੀ ਸਰਕਾਰ ਦਾ ਕੰਮ ਹੈ। ਹਰਿਆਣਾ ਦੇ ਇੱਕ ਹੋਰ ਅਧਿਕਾਰੀ ਨੇ ਆਖਿਆ ਕਿ ਵਜੀਰਾਬਾਦ ਬੰਨ੍ਹ ਵਿੱਚ ਜੰਮੀ ਸਿਲਟ, ਪਾਣੀ ਦੀ ਲੀਕੇਜ ਅਤੇ ਇਸ ਦੀ ਹੋ ਰਹੀ ਚੋਰੀ ਰਾਜਧਾਨੀ ਵਿੱਚ ਪਾਣੀ ਦੀ ਘਾਟ ਦੇ ਅਸਲ ਕਾਰਨ ਹਨ। ਇਨ੍ਹਾਂ ਨੂੰ ਹੱਲ ਕਰਨਾ ਦਿੱਲੀ ਸਰਕਾਰ ਦਾ ਕੰਮ ਹੈ। ਯਾਦ ਰਹੇ, ਦਿੱਲੀ ਹਿਮਾਚਲ ਤੋਂ ਵੀ ਪਾਣੀ ਹਾਸਲ ਕਰਦੀ ਹੈ। ਦਿੱਲੀ ਵਿੱਚ ਆਏ ਪਾਣੀ ਦੇ ਸੰਕਟ ਨੂੰ ਲੈ ਕੇ ਇਹ ਤਿੰਨੋ ਸਰਕਾਰਾਂ ਮਿਹਣੋ-ਮਿਹਣੀ ਹੋਣ ਲੱਗੀਆਂ ਹਨ।



ਇਸ ਦੌਰਾਨ ਦਿੱਲੀ ਸਰਕਾਰ ਨੇ ਸੰਕਟ ਮੋਚਨ ਲਈ ਵਧੇਰੇ ਪਾਣੀ ਹਾਸਲ ਕਰਨ ਵਾਸਤੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਵੀ ਪਾਈ ਹੈ। ਇਸ ਪਟੀਸ਼ਨ ਵਿੱਚ ਦਿੱਲੀ ਸਰਕਾਰ ਨੇ ਕਿਹਾ ਕਿ ਵਧ ਰਹੀ ਅਣਕਿਆਸੀ ਗਰਮੀ ਅਤੇ ਤਾਪਮਾਨ ਦੇ 52.3 ਡਿਗਰੀ ਸੈਲਸੀਅਸ ਨੂੰ ਛੋਹ ਜਾਣ ਕਾਰਨ ਰਾਜ ਵਿੱਚ ਪਾਣੀ ਦੀ ਮੰਗ ਵਧ ਗਈ ਹੈ। ਇਸ ਦਰਮਿਆਨ ਗੁਆਂਢੀ ਰਾਜਾਂ ਵੱਲੋਂ ਪੂਰਾ ਪਾਣੀ ਨਾ ਮਿਲਣ ਕਾਰਨ ਰਾਜਧਾਨੀ ਸਟੇਟ ਵਿੱਚ ਪਾਣੀ ਦਾ ਤਕੜਾ ਸੰਕਟ ਖੜ੍ਹਾ ਹੋ ਗਿਆ ਹੈ। ਦਿੱਲੀ ਸਰਕਾਰ ਦੀ ਮੰਤਰੀ ਆਤਿਸ਼ੀ ਨੇ ਦੱਸਿਆ ਕਿ ਹਰਿਆਣਾ ਵਿੱਚ ਪੈਂਦੇ ਵਜ਼ੀਰਾਬਾਦ ਬੰਨ੍ਹ (ਜਿਸ ਰਾਹੀਂ ਦਿੱਲੀ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਹੈ) ਵਿੱਚ ਪਾਣੀ ਦਾ ਪੱਧਰ ਕਾਫੀ ਘਟ ਗਿਆ ਹੈ। ਹਰਿਆਣਾ ਵੱਲੋਂ ਯਮੁਨਾ ਵਿੱਚ ਲੋੜੀਂਦਾ ਪਾਣੀ ਨਹੀਂ ਛੱਡਿਆ ਜਾ ਰਿਹਾ। ਇਸ ਕਾਰਨ ਰਾਜਧਾਨੀ ਵਿੱਚ ਪਾਣੀ ਦਾ ਵੱਡਾ ਸੰਕਟ ਪੈਦਾ ਹੋ ਗਿਆ ਹੈ। ਦਿੱਲੀ ਸਰਕਾਰ ਅਨੁਸਾਰ ਹਰਿਆਣਾ ਵੱਲੋਂ ਦਿੱਲੀ ਨੂੰ 1000 ਮਿਲੀਅਨ ਗੈਲਨ ਪਾਣੀ ਛੱਡਿਆ ਜਾ ਰਿਹਾ ਹੈ, ਜਦੋਂ ਕਿ ਸੰਕਟ ਦੇ ਇਸ ਸਮੇਂ ਉਸ ਦੀ ਲੋੜ 1290 ਮਿਲੀਅਨ ਗੈਲਨ ਪਾਣੀ ਦੀ ਹੈ।

ਯਾਦ ਰਹੇ, ਦਿੱਲੀ ਨੂੰ ਪਾਣੀ ਦੀ ਸਪਲਾਈ ਦਾ ਮਾਮਲਾ ਪਹਿਲਾਂ ਵੀ ਕਈ ਵਾਰ ਸੁਪਰੀਮ ਕੋਰਟ ਵਿੱਚ ਜਾ ਚੁੱਕਾ ਹੈ। 23 ਜੁਲਾਈ 2021 ਨੂੰ ਸੁਪਰੀਮ ਕੋਰਟ ਨੇ ਦਿੱਲੀ ਜਲ ਬੋਰਡ ਵੱਲੋਂ ਇਸੇ ਕਿਸਮ ਦੀ ਇੱਕ ਪਟੀਸ਼ਨ ਰੱਦ ਕਰ ਦਿੱਤੀ ਸੀ। ਇਸ ਪਟੀਸ਼ਨ ਵਿੱਚ ਜਲ ਬੋਰਡ ਦੇ ਅਧਿਕਾਰੀਆਂ ਵੱਲੋਂ ਫਰਵਰੀ 1996 ਦੇ ਫੈਸਲੇ ਅਨੁਸਾਰ ਜਾਣ-ਬੁੱਝ ਕੇ ਪਾਣੀ ਨਾ ਦੇਣ ਦਾ ਦੋਸ਼ ਹਰਿਆਣੇ 'ਤੇ ਲਗਾਇਆ ਗਿਆ ਸੀ, ਪਰ ਸੁਪਰੀਮ ਕੋਰਟ ਨੇ ਇਹ ਪਟੀਸ਼ਨ ਰੱਦ ਕਰ ਦਿੱਤੀ ਸੀ ਅਤੇ ਜਲ ਬੋਰਡ ਦੇ ਅਧਿਕਾਰੀਆਂ ਨੂੰ ਝਿੜਕਿਆ ਵੀ ਸੀ ਕਿ ਇਸ ਕਿਸਮ ਦੀਆਂ ਪਟੀਸ਼ਨਾਂ ਸੋਚ ਸਮਝ ਕੇ ਦਾਖਲ ਕੀਤੀਆਂ ਜਾਣ।

ਦਿੱਲੀ ਤੋਂ ਇਲਾਵਾ ਹਰਿਆਣਾ ਦੇ ਭਿਵਾਨੀ ਅਤੇ ਹਿਸਾਰ ਜ਼ਿਲ੍ਹਿਆਂ ਨਾਲ ਸੰਬੰਧਤ ਕੁਝ ਪਿੰਡਾਂ ਵਿੱਚੋਂ ਵੀ ਪਾਣੀ ਦਾ ਸੰਕਟ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਪਾਣੀ ਦੀ ਥੁੜ੍ਹ ਕਾਰਨ ਪ੍ਰਸ਼ਾਸਨ ਵੱਲੋਂ ਇਨ੍ਹਾਂ ਪਿੰਡਾਂ ਵਿੱਚ ਟੈਂਕਰਾਂ ਰਾਹੀਂ ਪੀਣ ਵਾਲਾ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਗੱਲਬਾਤ ਕਰਦਿਆਂ ਹਿਸਾਰ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਕੀਰਤਨ ਦੇ ਰਮਨਦੀਪ ਸਿੰਘ ਨੇ ਦੱਸਿਆ ਕਿ ਬਹੁਤ ਜ਼ਿਆਦਾ ਗਰਮੀ ਕਾਰਨ ਪਿੰਡਾਂ ਦੇ ਜਲ ਘਰਾਂ ਦਾ ਪਾਣੀ ਸੁੱਕ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਲੋਕਾਂ ਨੂੰ 5000 ਲਿਟਰ ਦੇ ਪਾਣੀ ਦੇ ਟੈਂਕਰ ਦੀ ਸਪਲਾਈ ਲਈ 1000/ ਰੁਪਏ ਦੇਣੇ ਪੈ ਰਹੇ ਹਨ।

ਜ਼ਿਕਰਯੋਗ ਹੈ ਕਿ ਮੌਸਮ ਅਤੇ ਵਾਤਾਵਰਣ ਵਿਗਿਆਨੀਆਂ ਵੱਲੋਂ ਇਸ ਵਾਰ ਪਹਿਲਾਂ ਹੀ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਮਈ-ਜੂਨ ਦੇ ਮਹੀਨੇ ਵਿੱਚ ਹਿੰਦੁਸਤਾਨ ਦੇ ਬਹੁਤੇ ਹਿੱਸਿਆਂ ਵਿੱਚ ਅਣਕਿਆਸੀ ਗਰਮੀ ਪਵੇਗੀ। ਉਂਝ ਵੀ ਮਨੁੱਖੀ ਆਬਾਦੀ ਵੱਲੋਂ ਫੈਲਾਏ ਹਵਾ ਅਤੇ ਹੋਰ ਹਰ ਕਿਸਮ ਦੇ ਪ੍ਰਦੂਸ਼ਣ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਕਾਰਨ ਐਕਸਟਰੀਮ ਵੈਦਰ ਕੰਡੀਸ਼ਨਜ਼ ਪੈਦਾ ਹੋਣ ਦੇ ਮਾਮਲੇ ਵੀ ਵਧ ਰਹੇ ਹਨ, ਜਿਨ੍ਹਾਂ ਤਹਿਤ ਕਿਸੇ ਵੇਲੇ ਹੱਦੋਂ ਵੱਧ ਠੰਡ ਪੈਣ ਲਗਦੀ ਹੈ ਅਤੇ ਕਦੀ ਹੱਦੋਂ ਵੱਧ ਗਰਮੀ। ਕਿਸੇ ਵੇਲੇ ਹੱਦ ਤੋਂ ਵੱਧ ਬਾਰਸ਼ ਹੋ ਜਾਂਦੀ ਅਤੇ ਕਿਸੇ ਹੋਰ ਵੇਲੇ ਕਿਸੇ ਖਿੱਤੇ ਨੂੰ ਤੇਜ਼ ਸੋਕੇ ਦੀ ਮਾਰ ਝੱਲਣੀ ਪੈਂਦੀ ਹੈ। ਬੀਤੇ ਸਾਲ ਸਰਦੀਆਂ ਦੇ ਸੀਜ਼ਨ ਵਿੱਚ ਯੂਰਪ ਵਿੱਚ ਕਾਫੀ ਸਰਦੀ ਨਹੀਂ ਪਈ ਅਤੇ ਮੌਸਮ ਸੀਤ ਜਿਹਾ ਰਿਹਾ ਹੈ। ਇੰਜ ਹੀ ਪੰਜਾਬ ਵਿੱਚ ਮਈ ਦੇ ਅੱਧ ਤੱਕ ਰਾਤਾਂ ਕਾਫੀ ਸਰਦ ਰਹੀਆਂ ਹਨ। ਇੰਝ ਖੁਦ ਸਾਡੇ ਖਿੱਤੇ ਵਿੱਚ ਵੀ ਰੁੱਤਾਂ ਦਾ ਸਹਿਜ ਪਰਿਵਰਤਨ ਟੁੱਟ ਗਿਆ ਹੈ। ਇਸ ਤੋਂ ਇਲਾਵਾ ਵਾਧੂ ਮੱਛੀ ਮੋਟਰਾਂ, ਝੋਨੇ ਦੀ ਫਸਲ, ਤੇਜ਼ ਸ਼ਹਿਰੀਕਰਣ ਅਤੇ ਟੋਭੇ-ਛੱਪੜਾਂ ਤੇ ਦਰਿਆਵਾਂ ਦੇ ਸੁੱਕ ਜਾਣ ਕਾਰਨ ਪੰਜਾਬ ਦਾ ਪਾਣੀ ਸੰਕਟ ਵੀ ਤੇਜ਼ੀ ਨਾਲ ਵਧ ਰਿਹਾ ਹੈ। ਇੱਕ ਪਾਸੇ ਧਰਤੀ ਹੇਠਲਾ ਪਾਣੀ ਡੂੰਘਾ ਜਾ ਰਿਹਾ ਹੈ, ਦੂਜੇ ਪਾਸੇ ਧਰਤੀ ਦੀ ਸਤਹ ਉੱਪਰਲੇ ਪਾਣੀ ਦੇ ਸੋਮੇਂ ਜਾਂ ਪ੍ਰਦੂਸ਼ਿਤ ਹੋ ਗਏ ਹਨ ਜਾਂ ਸੁਕਾਏ ਜਾ ਰਹੇ ਹਨ। ਪੰਜਾਬ ਦਾ ਪ੍ਰਮੁੱਖ ਦਰਿਆ ਸਤਲੁਜ, ਬਾਰਸ਼ਾਂ ਦੇ ਮਹੀਨੇ ਤੋਂ ਇਲਾਵਾ ਸਾਰਾ ਸਾਲ ਸੁੱਕਾ ਰਹਿੰਦਾ ਹੈ। ਇਸ ਤਰ੍ਹਾਂ ਧਰਤੀ ਹੇਠ ਪਾਣੀ ਰਿਸਣ ਦੀ ਸਮਰਥਾ ਵੀ ਕਮਜ਼ੋਰ ਹੋ ਰਹੀ ਹੈ। ਇਹ ਜ਼ਿੰਦਗੀ ਨੂੰ ਹਿਲਾ ਦੇਣ ਵਾਲੇ ਸੰਕਟ ਹਨ, ਜਿਹੜੇ ਜਲਦੀ ਹੀ ਸਾਡੇ ਸੂਬੇ ਵਿੱਚ ਵੀ ਮਹਿਸੂਸ ਹੋਣਗੇ। ਸਾਡੇ ਲੋਕਾਂ ਅਤੇ ਸਰਕਾਰਾਂ ਕੋਲ ਇਨ੍ਹਾਂ ਮਸਲਿਆਂ 'ਤੇ ਵਿਚਾਰ ਕਰਨ ਲਈ ਕੋਈ ਵੇਹਲ ਨਹੀਂ ਹੈ। ਚੋਣਾਂ ਵੇਲੇ ਵੀ ਨਹੀਂ। ਲਗਦਾ ਹੈ ਅਸੀਂ ਆਫਤਾਂ ਦੀ ਉਡੀਕ ਕਰ ਰਹੇ ਹਨ। ਹਾਲਾਤ ਨਾਲ ਟੱਕਰਨ ਦੇ ਨਾ ਅਸੀਂ ਕਾਬਲ ਹਾਂ ਅਤੇ ਨਾ ਹੀ ਸਾਡੇ ਕੋਲ ਇਸ ਨਾਲ ਨਿਪਟਣ ਦੇ ਸਾਧਨ ਹਨ। ਆਉਂਦੀਆਂ ਬਾਰਸ਼ਾਂ ਹੀ ਸਾਡੀ ਪੋਲ ਖੋਲ੍ਹ ਦੇਣਗੀਆਂ। ਜ਼ਿਆਦਾ ਬਾਰਸ਼ ਕਾਰਨ ਪੈਦਾ ਹੋਣ ਵਾਲੀ ਹੜ੍ਹਾਂ ਦੀ ਹਾਲਤ ਨਾਲ ਨਿਪਟਣ ਲਈ ਰਾਜ ਕੋਲ ਨਾ ਕੋਈ ਯੋਜਨਾ ਹੈ, ਨਾ ਤਿਆਰੀ। ਲੋਕਾਂ ਨੂੰ ਆਪ ਹੀ ਆਪਣਾ ਸਿਰ ਗੁੰਦਣਾ ਪੈਂਦਾ ਹੈ।





ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਸਾਡੀ ਧਰਤੀ, ਸਾਡਾ ਭਵਿੱਖ




**ਵਿਸ਼ਵ ਵਾਤਾਵਰਣ ਦਿਵਸ**

ਡਾ. ਪੀ.ਐੱਸ. ਤਿਆਗੀ*
ਫੋਨ:+91-9855446519

ਪਰਮਾਤਮਾ ਦੀ ਸਭ ਤੋਂ ਸੁੰਦਰ ਰਚਨਾ ਜੋ ਸਾਡੇ ਚਾਰੇ ਪਾਸੇ ਮੌਜੂਦ ਹੈ, ਕੁਦਰਤ ਹੈ। ਪਾਣੀ, ਹਵਾ, ਪੌਦੇ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਕੁਦਰਤ ਨੇ ਸਾਨੂੰ ਦਿੱਤੀਆਂ ਹਨ ਤਾਂ ਜੋ ਅਸੀਂ ਇਸ ਧਰਤੀ 'ਤੇ ਜਿਉਂਦੇ ਰਹਿ ਸਕੀਏ। ਲੰਬੇ ਸਮੇਂ ਤੋਂ ਕੁਦਰਤ ਬਹੁਤ ਸਾਰੇ ਕਵੀਆਂ, ਲੇਖਕਾਂ ਅਤੇ ਕਲਾਕਾਰਾਂ ਲਈ ਪ੍ਰੇਰਨਾ ਸਰੋਤ ਰਹੀ ਹੈ। ਇਸ ਕਮਾਲ ਦੀ ਰਚਨਾ ਨੇ ਉਨ੍ਹਾਂ ਨੂੰ ਇਸ ਦੀ ਮਹਿਮਾ ਵਿਚ ਕਵਿਤਾਵਾਂ ਤੇ ਕਹਾਣੀਆਂ ਲਿਖਣ ਲਈ ਅਤੇ ਕੁਦਰਤ ਦੀ ਸੁੰਦਰਤਾ ਨੂੰ ਹਮੇਸ਼ਾ ਲਈ ਕੈਮਰੇ ਨਾਲ ਕੈਪਚਰ ਕਰਨ ਲਈ ਪ੍ਰੇਰਿਤ ਕੀਤਾ ਹੈ। ਕੁਝ ਦਹਾਕੇ ਪਹਿਲਾਂ ਸਵੇਰ ਵੇਲੇ ਅਸੀਂ ਪੰਛੀਆਂ ਦੀ ਮਨਮੋਹਕ ਮਿੱਠੀ ਆਵਾਜ਼, ਸੁਹਾਵਣੀ ਠੰਡੀ ਹਵਾ, ਲੋਕਾਂ ਤੇ ਵਾਹਨਾਂ ਦੀ ਘੱਟ ਆਵਾਜਾਈ, ਰੌਲੇ ਅਤੇ ਪ੍ਰਦੂਸ਼ਣ ਤੋਂ ਰਹਿਤ ਵਾਤਾਵਰਣ ਦੇ ਰੂਪ ਵਿੱਚ ਕੁਦਰਤ ਨੂੰ ਮਹਿਸੂਸ ਕਰਦੇ ਸੀ। ਚੜ੍ਹਦੇ ਸੂਰਜ ਦੀਆਂ ਕਿਰਨਾਂ ਸਵਰਗ ਦੀਆਂ ਅਸੀਸਾਂ ਵਾਂਗ ਲੱਗਦੀਆਂ ਸਨ। ਮੰਦਰਾਂ ਤੋਂ ਭਜਨਾਂ ਦੀ ਸੁਰੀਲੀ ਆਵਾਜ਼, ਗੁਰਦੁਆਰਿਆਂ ਤੋਂ ਗੁਰਬਾਣੀ ਪਾਠ, ਚਰਚਾਂ ਦੀਆਂ ਘੰਟੀਆਂ ਆਦਿ ਕੰਨਾਂ, ਦਿਲ ਅਤੇ ਦਿਮਾਗ ਨੂੰ ਸਕੂਨ ਪ੍ਰਦਾਨ ਕਰਦੇ ਸਨ। ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਅਤੇ ਉਦਯੋਗਿਕ ਕ੍ਰਾਂਤੀ ਹਾਵੀ ਹੁੰਦੀ ਗਈ, ਸਭ ਕੁਝ ਬਦਲ ਗਿਆ। ਮਨੁੱਖੀ ਗਤੀਵਿਧੀਆਂ ਨੇ ਸਾਡੇ ਵਾਤਾਵਰਣ ਨੂੰ ਵਿਗਾੜ ਦਿੱਤਾ। ਹੁਣ ਪਿੰਡਾਂ ਅਤੇ ਕੁਝ ਉਪਨਗਰਾਂ ਨੂੰ ਛੱਡ ਕੇ, ਵੱਡੇ ਅਤੇ ਛੋਟੇ ਸ਼ਹਿਰਾਂ ਵਿੱਚ ਅਸੀਂ ਪ੍ਰਦੂਸ਼ਣ ਮੁਕਤ, ਸ਼ਾਂਤ ਮਾਹੌਲ ਦੇ ਰੂਪ ਵਿੱਚ ਕੁਦਰਤ ਨੂੰ ਮਹਿਸੂਸ ਨਹੀਂ ਕਰਦੇ। ਅਸੀਂ ਸਵੇਰ ਤੋਂ ਹੀ ਫੈਕਟਰੀਆਂ ਅਤੇ ਵਾਹਨਾਂ ਦੀਆਂ ਉੱਚੀਆਂ ਆਵਾਜ਼ਾਂ ਸੁਣਨਾ ਸ਼ੁਰੂ ਕਰ ਦਿੰਦੇ ਹਾਂ ਅਤੇ ਧੂੰਏਂ ਨਾਲ ਭਰੀ ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣਾ ਸ਼ੁਰੂ ਕਰ ਦਿੰਦੇ ਹਾਂ।

ਇਸ ਸਭ ਦਾ ਇੱਕ ਚੰਗਾ ਪਹਿਲੂ ਇਹ ਸੀ ਕਿ ਹੌਲੀ-ਹੌਲੀ ਮਨੁੱਖ ਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ ਅਤੇ ਮਨੁੱਖ ਨੇ ਵਾਤਾਵਰਣ ਦੀ ਸੁਰੱਖਿਆ ਦੀ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੰਸਾਰ ਦੇ ਲੋਕ ਇੱਕ ਅਜਿਹੇ ਤਰੀਕੇ ਬਾਰੇ ਸੋਚਣ ਲੱਗੇ, ਜਿਸ ਨਾਲ ਪੂਰੀ ਦੁਨੀਆ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਇੱਕ ਸਾਂਝੇ ਮੰਚ 'ਤੇ ਲਿਆਂਦਾ ਜਾ ਸਕੇ। ਇਸ ਸੰਦਰਭ ਵਿੱਚ ਸਾਲ 1972 ਨੂੰ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਵਾਤਾਵਰਣ ਦੀਆਂ ਸਮੱਸਿਆਵਾਂ ਬਾਰੇ ਪਹਿਲੀ ਵੱਡੀ ਕਾਨਫਰੰਸ ਸਟਾਕਹੋਮ (ਸਵੀਡਨ) ਵਿੱਚ ਆਯੋਜਿਤ ਕੀਤੀ ਗਈ। ਇਸਦਾ ਟੀਚਾ ਮਨੁੱਖੀ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੀ ਚੁਣੌਤੀ ਨੂੰ ਕਿਵੇਂ ਹੱਲ ਕਰਨਾ ਹੈ, ਬਾਰੇ ਇੱਕ ਬੁਨਿਆਦੀ ਆਮ ਪਹੁੰਚ ਬਣਾਉਣਾ ਸੀ। ਇਸ ਤੋਂ ਬਾਅਦ 15 ਦਸੰਬਰ ਨੂੰ ਜਨਰਲ ਅਸੈਂਬਲੀ ਨੇ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਵਜੋਂ ਮਨੋਨੀਤ ਕਰਨ ਦਾ ਮਤਾ ਪਾਸ ਕੀਤਾ।

ਵਿਸ਼ਵ ਵਾਤਾਵਰਣ ਦਿਵਸ ਦਾ ਪਹਿਲਾ ਜਸ਼ਨ ਸਾਲ 1974 ਵਿੱਚ 5 ਜੂਨ ਨੂੰ ਮਨਾਇਆ ਗਿਆ ਸੀ, ਜਿਸ ਤੋਂ ਬਾਅਦ ਇਹ ਦਿਨ ਪੂਰੀ ਦੁਨੀਆ ਵਿੱਚ ਮਨਾਇਆ ਜਾਣ ਲੱਗਾ। ਅੱਜ ਵਾਤਾਵਰਣ ਅਸੰਤੁਲਨ ਵਧਦਾ ਜਾ ਰਿਹਾ ਹੈ। ਲਗਾਤਾਰ ਵੱਧ ਰਹੀ ਆਬਾਦੀ ਅਤੇ ਉਦਯੋਗੀਕਰਨ, ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਦੁਰਵਰਤੋਂ ਕਾਰਨ ਅੱਜ ਵਿਸ਼ਵ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਇਸ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਜਿਵੇਂ ਕਿ ਗਲੇਸ਼ੀਅਰਾਂ ਦਾ ਪਿਘਲਣਾ ਅਤੇ ਸਮੁੰਦਰੀ ਤੱਟਵਰਤੀ ਖੇਤਰਾਂ ਦੇ ਡੁੱਬਣ ਦਾ ਖ਼ਤਰਾ। ਅੱਜ ਪੂਰੀ ਦੁਨੀਆ ਵਾਤਾਵਰਣ ਪ੍ਰਦੂਸ਼ਣ, ਜਲਵਾਯੂ ਪਰਿਵਰਤਨ, ਗ੍ਰੀਨ ਹਾਊਸ ਪ੍ਰਭਾਵ, ਗਲੋਬਲ ਵਾਰਮਿੰਗ ਆਦਿ ਸਮੱਸਿਆਵਾਂ ਨਾਲ ਜੂਝ ਰਹੀ ਹੈ। ਇਸ ਲਈ ਵਾਤਾਵਰਣ ਨੂੰ ਬਚਾਉਣ ਲਈ ਹਰ ਇੱਕ ਨੂੰ ਆਪਣੇ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ। 'ਵਿਸ਼ਵ ਵਾਤਾਵਰਣ ਦਿਵਸ' ਲੋਕਾਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਆਯੋਜਿਤ ਸਭ ਤੋਂ ਵੱਡੇ ਸਾਲਾਨਾ ਸਮਾਗਮਾਂ ਵਿੱਚੋਂ ਇੱਕ ਹੈ ਤਾਂ ਜੋ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਵਧੀਆ ਕੱਲ੍ਹ ਦੇ ਸਕੀਏ।

ਹਰ ਸਾਲ ਵਿਸ਼ਵ ਵਾਤਾਵਰਣ ਦਿਵਸ ਇੱਕ ਵਿਸ਼ੇਸ਼ ਥੀਮ ਦੇ ਆਧਾਰ 'ਤੇ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਗ੍ਰਹਿ ਦੀ 40% ਜ਼ਮੀਨ ਨੂੰ ਨੁਕਸਾਨ ਪਹੁੰਚਿਆ ਹੈ, ਜਿਸ ਨਾਲ ਦੁਨੀਆ ਦੀ ਅੱਧੀ ਆਬਾਦੀ ਸਿੱਧੇ ਤੌਰ 'ਤੇ ਪ੍ਰਭਾਵਿਤ ਹੁੰਦੀ ਹੈ। ਸੋਕੇ ਦੀ ਸੰਖਿਆ ਅਤੇ ਮਿਆਦ 2000 ਤੋਂ 29 ਪ੍ਰਤੀਸ਼ਤ ਵਧੀ ਹੈ, ਜੋ 2050 ਤੱਕ ਦੁਨੀਆ ਦੀ ਤਿੰਨ ਚੌਥਾਈ ਆਬਾਦੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਇਹੀ ਕਾਰਨ ਹੈ ਕਿ ਵਿਸ਼ਵ ਵਾਤਾਵਰਣ ਦਿਵਸ 2024 'ਸਾਡੀ ਧਰਤੀ-ਸਾਡਾ ਭਵਿੱਖ' ਦੇ ਨਾਅਰੇ ਹੇਠ ਜ਼ਮੀਨ ਦੀ ਬਹਾਲੀ (land Restoration), ਮਾਰੂਥਲੀਕਰਨ ਨੂੰ ਰੋਕਣ (Stoppage of desertification) ਅਤੇ ਸੋਕੇ ਦੇ ਲਚਕੀਲਾਪਣ ਬਣਾਉਣ (Drought Resilience) ਦੇ ਥੀਮ 'ਤੇ ਕੇਂਦਰਿਤ ਹੈ। ਇਸ ਸਾਲ ਵਾਤਾਵਰਣ ਦਿਵਸ ਮਨਾਉਣ ਦੇ ਤਿੰਨ ਉਦੇਸ਼ ਹਨ: ਪਹਿਲਾ ਉਦੇਸ਼ ਲੋਕਾਂ ਨੂੰ ਜ਼ਮੀਨ ਦੀ ਬਹਾਲੀ ਬਾਰੇ ਸਿੱਖਿਅਤ ਕਰਨਾ ਹੈ, ਜੋ ਮਨੁੱਖੀ ਗਤੀਵਿਧੀਆਂ ਦੁਆਰਾ ਨੁਕਸਾਨੀ ਗਈ ਹੈ। ਭੂਮੀ ਦੀ ਬਹਾਲੀ ਦਾ ਮਤਲਬ ਹੈ- ਭੂਮੀ ਸੰਭਾਲ ਅਤੇ ਕੁਦਰਤੀ ਪ੍ਰਕਿਰਿਆਵਾਂ ਦੀ ਸੁਰੱਖਿਆ ਵਰਗੀਆਂ ਗਤੀਵਿਧੀਆਂ ਰਾਹੀਂ ਨੁਕਸਾਨੀ ਗਈ ਜ਼ਮੀਨ ਦਾ ਪੁਨਰਵਾਸ। ਇਸਦਾ ਮੰਤਵ ਜੈਵ ਵਿਭਿੰਨਤਾ ਨੂੰ ਵਧਾਉਣਾ, ਈਕੋਸਿਸਟਮ ਸੇਵਾਵਾਂ ਨੂੰ ਬਹਾਲ ਕਰਨਾ ਅਤੇ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਨੂੰ ਘਟਾਉਣਾ ਹੈ।

ਦੂਜਾ ਉਦੇਸ਼ ਮਾਰੂਥਲੀਕਰਨ ਬਾਰੇ ਸਿੱਖਿਆ ਹੈ। ਮਾਰੂਥਲੀਕਰਨ ਵਿਨਾਸ਼ ਦੀ ਪ੍ਰਕਿਰਿਆ ਹੈ, ਜਿਸ ਦੁਆਰਾ ਇੱਕ ਉਪਜਾਊ ਜ਼ਮੀਨ ਆਪਣੇ ਬਨਸਪਤੀ ਅਤੇ ਜੀਵ-ਜੰਤੂਆਂ ਨੂੰ ਗੁਆ ਕੇ ਮਾਰੂਥਲ ਵਿੱਚ ਬਦਲ ਜਾਂਦੀ ਹੈ, ਇਹ ਸੋਕੇ, ਜੰਗਲਾਂ ਦੀ ਕਟਾਈ, ਜਲਵਾਯੂ ਤਬਦੀਲੀ, ਮਨੁੱਖੀ ਗਤੀਵਿਧੀਆਂ ਜਾਂ ਗਲਤ ਖੇਤੀ ਕਾਰਨ ਹੋ ਸਕਦਾ ਹੈ। ਤੀਜਾ ਪਹਿਲੂ, ਸੋਕੇ ਦੀ ਲਚਕਤਾ: ਕਿਸਾਨਾਂ ਦੀ ਸੋਕੇ ਦੇ ਪ੍ਰਭਾਵਾਂ ਦਾ ਟਾਕਰਾ ਕਰਨ ਦੀ ਸਮਰੱਥਾ ਹੈ। ਇਹ ਜ਼ਮੀਨ ਅਤੇ ਜਲ ਸਰੋਤਾਂ ਦੇ ਪ੍ਰਭਾਵੀ ਪ੍ਰਬੰਧਨ ਦੁਆਰਾ ਸੰਭਵ ਹੈ।

ਵਾਤਾਵਰਣ ਦਿਵਸ ਦੇ ਵਿਸ਼ੇਸ਼ ਥੀਮ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਗਤੀਵਿਧੀਆਂ ਅਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜਿਵੇਂ ਕਿ ਕੁਇਜ਼ ਮੁਕਾਬਲਾ, ਲੇਖ ਲਿਖਣਾ, ਪੇਂਟਿੰਗ ਮੁਕਾਬਲਾ, ਪ੍ਰਦਰਸ਼ਨੀ ਆਦਿ। ਇਹ ਗਤੀਵਿਧੀਆਂ ਆਮ ਲੋਕਾਂ, ਕੁਦਰਤ ਪ੍ਰੇਮੀਆਂ, ਵਿਗਿਆਨੀਆਂ, ਪ੍ਰੋਫੈਸਰਾਂ, ਸਿਆਸਤਦਾਨਾਂ ਨੂੰ ਕੁਦਰਤ ਦੀ ਸੁਰੱਖਿਆ ਪ੍ਰਤੀ ਆਕਰਸ਼ਿਤ ਅਤੇ ਜਾਗਰੂਕ ਕਰਦੀਆਂ ਹਨ।

ਜੰਗਲਾਂ ਦੀ ਕਟਾਈ ਮਾਰੂਥਲੀਕਰਨ ਦਾ ਮੂਲ ਕਾਰਨ ਹੈ। ਜੇਕਰ ਰੁੱਖਾਂ ਨੂੰ ਹਟਾ ਦਿੱਤਾ ਜਾਂਦਾ ਹੈ, ਤਾਂ ਖੇਤਰ ਬਹੁਤ ਗਰਮ ਅਤੇ ਸੁੱਕਾ ਹੋ ਜਾਂਦਾ ਹੈ, ਨਤੀਜੇ ਵਜੋਂ ਉਪਜਾਊ ਜ਼ਮੀਨ ਰੇਗਿਸਤਾਨ ਵਿੱਚ ਬਦਲ ਜਾਂਦੀ ਹੈ। ਭਾਰਤ ਲਈ, ਜਿਸਦੀ 32% ਜ਼ਮੀਨ ਪਤਨ ਹੇਠ ਹੈ ਅਤੇ 25% ਮਾਰੂਥਲੀਕਰਨ ਅਧੀਨ ਹੈ, ਰੋਕਥਾਮ ਅਤੇ ਉਪਚਾਰਕ ਰਣਨੀਤੀਆਂ ਨੂੰ ਅਪਨਾ ਕੇ ਭੋਜਨ, ਪਾਣੀ ਤੇ ਜੀਵਿਕਾ ਸੁਰੱਖਿਆ ਨੂੰ ਯਕੀਨੀ ਬਣਾਉਣਾ ਇੱਕ ਵੱਡੀ ਚੁਣੌਤੀ ਹੈ। ਵਾਤਾਵਰਣ ਨੂੰ ਬਚਾਉਣ ਲਈ ਰੁੱਖ ਲਗਾਉਣਾ ਸਭ ਤੋਂ ਮਹੱਤਵਪੂਰਨ ਚੀਜ਼ਾਂ ਵਿੱਚੋਂ ਇੱਕ ਹੈ। ਇੱਕ ਵਿਅਕਤੀ ਦੀ ਰੋਜ਼ਾਨਾ ਆਕਸੀਜਨ ਦੀ ਲੋੜ ਨੂੰ ਪੈਦਾ ਕਰਨ ਲਈ ਬਨਸਪਤੀ ਦਾ ਲਗਭਗ 625 ਵਰਗ ਫੁੱਟ ਸਤਹ ਖੇਤਰ ਲੱਗਦਾ ਹੈ। ਰੁੱਖਾਂ ਦੀ ਕਟਾਈ ਰੋਕਣ ਦੀ ਲੋੜ ਸੈਂਕੜੇ ਸਾਲ ਪਹਿਲਾਂ ਮਨੁੱਖ ਨੇ ਮਹਿਸੂਸ ਕੀਤੀ ਸੀ। ਹੁਣ ਤੱਕ ਦੀ ਸਭ ਤੋਂ ਵੱਡੀ ਮਿਸਾਲ ਅਮ੍ਰਿਤਾ ਦੇਵੀ ਅਤੇ ਰਾਜਸਥਾਨ ਦੇ ਬਿਸ਼ਨੋਈ ਭਾਈਚਾਰੇ ਦੇ ਕਰੀਬ 363 ਪਿੰਡ ਦੇ ਲੋਕਾਂ ਨੇ ਦਿੱਤੀ, ਜਦੋਂ ਉਨ੍ਹਾਂ ਨੇ ਜੋਧਪੁਰ ਦੇ ਰਾਜਾ ਅਭੈ ਸਿੰਘ ਦੇ ਹੁਕਮਾਂ ਦੇ ਵਿਰੁੱਧ, ਖੇਜਰੀ ਦੇ ਰੁੱਖਾਂ ਨੂੰ ਕੱਟਣ ਤੋਂ ਰੋਕਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਵਾਤਾਵਰਣ ਦੀ ਸੁਰੱਖਿਆ ਦੀ ਲੋੜ ਧਾਰਮਿਕ ਗ੍ਰੰਥਾਂ ਵਿੱਚ ਵੀ ਪਾਈ ਜਾਂਦੀ ਹੈ। ਸੀਰੀਅਲ ਮਹਾਭਾਰਤ ਦੇ ਇੱਕ ਐਪੀਸੋਡ 'ਚ ਦਿਖਾਇਆ ਗਿਆ ਸੀ ਕਿ ਯੁਧਿਸ਼ਟਰ ਬਨਵਾਸ ਦੌਰਾਨ ਆਪਣੇ ਭਰਾਵਾਂ ਨੂੰ ਨਿਰਦੇਸ਼ ਦੇ ਰਿਹਾ ਹੈ ਕਿ ਉਹ ਜਾ ਕੇ ਰੁੱਖਾਂ ਦੀਆਂ ਸੁੱਕੀਆਂ ਟੁੱਟੀਆਂ ਟਹਿਣੀਆਂ ਨੂੰ ਇਕੱਠਾ ਕਰਨ ਅਤੇ ਲੋੜ ਨਾ ਪੈਣ 'ਤੇ ਦਰੱਖਤ ਨੂੰ ਨਾ ਕੱਟਣ। ਜੀਵਨ ਲਈ ਹਵਾ, ਪਾਣੀ ਅਤੇ ਧਰਤੀ ਦੀ ਮਹੱਤਤਾ ਗੁਰੂ ਗ੍ਰੰਥ ਸਾਹਿਬ ਵਿੱਚ ਵਾਰ-ਵਾਰ ਦੱਸੀ ਗਈ ਹੈ। ਧਰਤੀ ਨੂੰ ਮਾਂ ਕਿਹਾ ਜਾਂਦਾ ਹੈ ਅਤੇ ਇਸ ਲਈ ਸਾਡੇ ਸਤਿਕਾਰ ਦੀ ਲੋੜ ਹੈ। ਵਾਤਾਵਰਣ ਦਿਵਸ ਮਨਾਉਣ ਨੇ ਨਾ ਸਿਰਫ਼ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕੀਤਾ, ਸਗੋਂ ਬਹੁਤ ਸਾਰੇ ਧਾਰਮਿਕ ਆਗੂਆਂ, ਧਾਰਮਿਕ ਸੰਸਥਾਵਾਂ, ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਕੁਝ ਕਰਨ ਲਈ ਪ੍ਰੇਰਿਤ ਕੀਤਾ।

26 ਜੁਲਾਈ 2009 ਨੂੰ ਸਿੱਖਾਂ ਦੀ ਸਰਵਉੱਚ ਅਧਿਆਤਮਿਕ ਸੰਸਥਾ ਅਕਾਲ ਤਖਤ ਸਾਹਿਬ ਦੇ ਮੁਖੀ ਜਥੇਦਾਰ ਗੁਰਬਚਨ ਸਿੰਘ ਨੇ ਇੱਕ ਜਨਤਕ ਬਿਆਨ ਦਿੱਤਾ ਕਿ ਵਾਤਾਵਰਣ ਦੀ ਸੰਭਾਲ ਕਰਨਾ ਸਿੱਖ ਦਾ 'ਨੈਤਿਕ ਅਤੇ ਧਾਰਮਿਕ ਫਰਜ਼' ਹੈ। ਸਿੱਖ ਆਗੂ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਸੁਲਤਾਨਪੁਰ ਲੋਧੀ ਵਿੱਚ ਬੇਈਂ ਨਦੀ ਦੇ ਕੰਢੇ ਹਰੀ ਪੱਟੀ ਬਣਾ ਕੇ ਵਾਤਾਵਰਣ ਦੀ ਸੰਭਾਲ ਲਈ ਲੋਕਾਂ ਨੂੰ ਜਾਗਰੂਕ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਨੇ ਕੁਝ ਗੁਰਦੁਆਰਿਆਂ ਵਿੱਚ 'ਪ੍ਰਸਾਦ' ਦੀ ਥਾਂ 'ਤੇ ਰੁੱਖਾਂ ਦੇ ਬੂਟੇ ਵੰਡਣ ਦੇ ਹੁਕਮ ਦਿੱਤੇ ਹਨ। ਵਾਤਾਵਰਣ ਦੀ ਸੁਰੱਖਿਆ ਲਈ ਇਹ ਇੱਕ ਬਹੁਤ ਵੱਡਾ ਬਦਲਾਅ ਹੈ। ਭਾਰਤੀ ਅਧਿਆਤਮਿਕ ਨੇਤਾ ਸਦਗੁਰੂ ਨੇ ਮਿੱਟੀ ਦੇ ਵਿਆਪਕ ਨੁਕਸਾਨ ਅਤੇ ਪਤਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਾਰਚ 2022 ਵਿੱਚ 'ਮਿੱਟੀ ਬਚਾਓ' ਨਾਮਕ ਇੱਕ ਗਲੋਬਲ ਅੰਦੋਲਨ ਸ਼ੁਰੂ ਕੀਤਾ ਹੈ।

ਮਨੁੱਖ ਵਾਤਾਵਰਣ ਸੰਬੰਧੀ ਮੁੱਦਿਆਂ ਦਾ ਇੱਕ ਪ੍ਰਮੁੱਖ ਸਰੋਤ ਹਨ, ਪਰ ਹੁਣ ਮਨੁੱਖ ਨੇ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਹੁਣ ਇਸ ਨੂੰ ਖਤਮ ਕਰਨ ਲਈ ਕੰਮ ਕਰ ਰਿਹਾ ਹੈ। ਜੇਕਰ ਸਾਰੇ ਮਨੁੱਖ ਵਾਤਾਵਰਣ ਲਈ ਬਰਾਬਰ ਦਾ ਯੋਗਦਾਨ ਪਾਉਣ ਤਾਂ ਇਸ ਮੁੱਦੇ ਨਾਲ ਲੜਿਆ ਜਾ ਸਕਦਾ ਹੈ ਅਤੇ ਕੁਦਰਤੀ ਸੰਤੁਲਨ ਨੂੰ ਇੱਕ ਵਾਰ ਫਿਰ ਤੋਂ ਬਹਾਲ ਕੀਤਾ ਜਾ ਸਕਦਾ ਹੈ।

---

***ਖੇਤੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਲੰਧਰ।**

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Gagandeep Cheema
FINANCIAL SERVICES PROFESSIONAL
847-340-6692
Services:
Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning
ਸੇਵਾਵਾਂ:

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ
GCHEEMAWFG@GMAIL.COM
1699 Wall St., Suite 615, Mount Prospect, IL 60056

# ਗਾਜ਼ਾ ਦੇ ਮਲਬਿਆਂ 'ਚ ਸਹਿਕ ਰਹੀ ਜ਼ਿੰਦਗੀ

**ਮਨਦੀਪ (ਕੈਨੇਡਾ)**
**ਫੋਨ: 1-438-924-2052**

*ਵਿਦਿਅਕ ਤੇ ਵਿਰਾਸਤੀ ਢਾਂਚੇ ਦੀ ਯੋਜਨਾਬੱਧ ਤਬਾਹੀ*
*ਕੌਮਾਂਤਰੀ ਮਨੁੱਖੀ ਅਧਿਕਾਰਾਂ/ਕਾਨੂੰਨਾਂ ਨੂੰ ਛਿੱਕੇ ਟੰਗਿਆ*
*ਜਿਊਣ ਦੇ ਬੁਨਿਆਦੀ ਹੱਕ ਦੀ ਰਾਖੀ ਲਈ ਤਰੱਦਦ ਦੀ ਲੋੜ*




ਤਬਾਹ ਹੋਈ ਗਾਜ਼ਾ ਦੀ ਅਲ ਅਜ਼ਹਰ ਯੂਨੀਵਰਸਿਟੀ

ਅਮਰੀਕੀ ਸਾਮਰਾਜ ਅਤੇ ਇਸ ਦੀਆਂ ਭਾਈਵਾਲ ਪੱਛਮੀ ਤਾਕਤਾਂ ਦੇ ਸਹਿਯੋਗ ਨਾਲ ਇਜ਼ਰਾਇਲ ਵੱਲੋਂ ਫਲਿਸਤੀਨ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਵਿੱਚ ਜਿੱਥੇ ਮਨੁੱਖੀ ਜਾਨ-ਮਾਲ, ਧਾਰਮਿਕ ਇਮਾਰਤਾਂ, ਹਸਪਤਾਲ ਆਦਿ ਦੀ ਤਬਾਹੀ ਕੀਤੀ ਜਾ ਰਹੀ ਹੈ, ਉੱਥੇ ਫਲਿਸਤੀਨ ਦੇ ਅਤੀਤ ਤੇ ਵਰਤਮਾਨ ਇਤਿਹਾਸ ਦਾ ਅਹਿਮ ਪੰਨਾ ਸਾੜ ਕੇ ਸੁਆਹ ਕੀਤਾ ਜਾ ਰਿਹਾ ਹੈ। ਫਲਿਸਤੀਨ ਦਾ ਮੌਜੂਦਾ ਸੱਭਿਆਚਾਰ, ਸਾਹਿਤ, ਕਲਾ, ਲਾਇਬਰੇਰੀਆਂ, ਇਤਿਹਾਸਕ ਵਿਰਾਸਤੀ ਇਮਾਰਤਾਂ, ਹਸਪਤਾਲ, ਸੁਰੱਖਿਆ ਕੈਂਪ, ਅਜਾਇਬ ਘਰ ਅਤੇ ਸਿੱਖਿਆ ਸੰਸਥਾਵਾਂ ਜੰਗੀ ਤਬਾਹੀ ਦੀ ਮਾਰ ਹੇਠ ਹਨ। ਸਾਹਿਤ, ਕਲਾ ਤੇ ਸੱਭਿਆਚਾਰਕ ਗਤੀਵਿਧੀਆਂ ਅਤੇ ਪ੍ਰਦਰਸ਼ਨੀਆਂ ਪੂਰੀ ਤਰ੍ਹਾਂ ਬੰਦ ਹਨ। ਫਲਿਸਤੀਨ ਦੀ ਗਾਜ਼ਾ ਪੱਟੀ ਦੇ ਵਿਦਿਆਰਥੀ, ਅਧਿਆਪਕ, ਲੇਖਕ ਤੇ ਸਾਹਿਤਕ ਕਾਮੇ ਜਿਨ੍ਹਾਂ ਨੇ ਵਰਤਮਾਨ ਤੇ ਭਵਿੱਖ ਦੇ ਬੌਧਿਕ ਸਮਾਜ ਦਾ ਨਿਰਮਾਣ ਕਰਨਾ ਹੈ, ਉਹ ਖੁਦ ਜੰਗੀ ਤਬਾਹੀ ਦਾ ਸ਼ਿਕਾਰ ਹਨ। ਇਸ ਜੰਗੀ ਵਿਨਾਸ਼ ਵਿੱਚ ਫਲਿਸਤੀਨ ਦਾ ਵਿੱਦਿਅਕ ਢਾਂਚਾ ਗੰਭੀਰ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ। ਗਾਜ਼ਾ ਵਿੱਚ ਹੋ ਰਿਹਾ ਇਹ ਬੌਧਿਕ ਨਾਸ ਜਾਂ ਵਿਦਿਆ ਘਾਤ ਫਲਿਸਤੀਨੀ ਨਸਲਕੁਸ਼ੀ ਦਾ ਹੀ ਹਿੱਸਾ ਹੈ।

ਹਾਸਲ ਰਿਪੋਰਟਾਂ ਮੁਤਾਬਕ ਗਾਜ਼ਾ ਵਿੱਚ 80% ਤੋਂ ਵੱਧ ਸਕੂਲ ਯੂਨੀਵਰਸਿਟੀਆਂ ਨੁਕਸਾਨੀਆਂ ਜਾਂ ਨਸ਼ਟ ਕਰ ਦਿੱਤੀਆਂ ਗਈਆਂ ਹਨ। 400 ਤੋਂ ਵੱਧ ਸਕੂਲ ਸਿੱਧੀ ਇਜ਼ਰਾਇਲੀ ਬੰਬਾਰੀ ਦਾ ਸ਼ਿਕਾਰ ਹੋਏ ਹਨ ਤੇ 56 ਸਕੂਲ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤੇ ਗਏ ਹਨ। ਯੂ.ਐੱਨ. ਦੀ ਰਿਪੋਰਟ ਮੁਤਾਬਕ 195 ਇਤਿਹਾਸਕ ਵਿਰਾਸਤੀ ਇਮਾਰਤਾਂ, 229 ਮਸਜਿਦਾਂ, 3 ਚਰਚ, 13 ਲਾਇਬਰੇਰੀਆਂ, ਲੈਬਾਂ, ਮੁਰਦਾਘਾਟ ਤੇ ਕੁਝ ਕੇਂਦਰੀ ਪੁਰਾਲੇਖ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਜਾਂ ਮਲਬੇ ਦੇ ਢੇਰ ਵਿੱਚ ਬਦਲ ਦਿੱਤਾ ਗਿਆ ਹੈ। ਬੰਬਾਰੀ ਵਿੱਚ 5800 ਤੋਂ ਵੱਧ ਵਿਦਿਆਰਥੀਆਂ, 260 ਅਧਿਆਪਕਾਂ ਅਤੇ 10 ਸਾਇੰਸਦਾਨਾਂ ਤੇ ਬੁੱਧੀਜੀਵੀਆਂ ਦੀ ਯੋਜਨਾਬੱਧ ਹੱਤਿਆ ਇਨਸਾਨੀਅਤ, ਸਿੱਖਿਆ ਪ੍ਰਣਾਲੀ ਤੇ ਬੌਧਿਕਤਾ ਦੇ ਕਤਲ ਸਮਾਨ ਹੈ। ਗਾਜ਼ਾ ਦੇ ਅਲ-ਮਗਾਜ਼ੀ, ਜਬਾਲੀਆ, ਅਲ-ਫਖੌਰਾ ਤੇ ਉਸਾਮਾ ਬਿਨ ਜ਼ੈਦ ਐਲੀਮੈਂਟਰੀ ਸਕੂਲਾਂ ਉੱਤੇ ਇਜ਼ਰਾਇਲੀ ਹਵਾਈ ਹਮਲਿਆਂ ਵਿੱਚ 35 ਤੋਂ ਜ਼ਿਆਦਾ ਲੋਕ ਮਾਰੇ ਗਏ, ਜੋ ਇੱਥੇ ਸ਼ਰਨ ਲੈ ਕੇ ਰਹਿ ਰਹੇ ਸਨ। ਹਜ਼ਾਰਾਂ ਵਿਦਿਆਰਥੀ ਤੇ ਅਧਿਆਪਕ ਮਹਿਜ਼ ਕਲਾਸਰੂਮਾਂ ਤੇ ਸਕੂਲਾਂ ਯੂਨੀਵਰਸਿਟੀਆਂ ਤੋਂ ਹੀ ਨਹੀਂ ਬਲਕਿ ਆਪਣੇ ਘਰਾਂ ਤੋਂ ਵੀ ਉਜੜਨ ਲਈ ਮਜਬੂਰ ਕਰ ਦਿੱਤੇ ਗਏ। ਜੰਗ ਕਾਰਨ 6,25,000 ਤੋਂ ਵੱਧ ਗਾਜ਼ਾਨ ਵਿਦਿਆਰਥੀ ਸਿੱਖਿਆ ਦੇ ਬੁਨਿਆਦੀ ਹੱਕ ਤੋਂ ਸੱਖਣੇ ਹੋ ਚੁੱਕੇ ਹਨ ਤੇ ਬਾਕੀ ਬਚਦੇ ਸਿਲੇਬਸਾਂ ਦੀਆਂ ਕਿਤਾਬਾਂ, ਕੰਪਿਊਟਰ ਤੇ ਹੋਰ ਲੋੜੀਂਦੀ ਵਿਦਿਅਕ ਸਮੱਗਰੀ ਦੀ ਘਾਟ ਤੇ ਨਾਕਾਬੰਦੀ ਦਾ ਸੰਤਾਪ ਭੋਗ ਰਹੇ ਹਨ। ਗਾਜ਼ਾ ਦੇ ਵਿਦਿਆਰਥੀਆਂ ਲਈ ਇਸ ਸਮੇਂ ਜੰਗ ਦਾ ਮੈਦਾਨ ਹੀ ਸਕੂਲ ਯੂਨੀਵਰਸਿਟੀਆਂ ਬਣੇ ਹੋਏ ਹਨ, ਜਿੱਥੇ ਉਹ ਜੰਗ ਦੇ ਭੂਗੋਲ, ਅਰਥ ਸ਼ਾਸਤਰ, ਸਮਾਜ ਸ਼ਾਸਤਰ ਤੇ ਸਿਆਸਤ ਬਾਰੇ ਸਿੱਧੇ ਤੇ ਇਤਿਹਾਸ ਦੇ ਸਭ ਤੋਂ ਕਰੂਰ ਸਬਕ ਗ੍ਰਹਿਣ ਕਰ ਰਹੇ ਹਨ। ਸਿੱਖਿਆ, ਸਿਹਤ, ਰਿਹਾਇਸ਼ ਤੇ ਰੁਜ਼ਗਾਰ ਬੁਨਿਆਦੀ ਮਨੁੱਖੀ ਅਧਿਕਾਰ ਹੁੰਦੇ ਹਨ, ਪਰ ਇਸ ਸਮੇਂ ਇਹ ਗਾਜ਼ਾ ਦੇ ਬੱਚਿਆਂ ਲਈ ਨਹੀਂ ਹਨ। ਸਾਹਿਤ, ਸਿੱਖਿਆ ਤੇ ਸੱਭਿਆਚਾਰ ਉੱਤੇ ਹਮਲਾ ਕਿਸੇ ਵੀ ਨਸਲ ਦੇ ਭਵਿੱਖ ਦੀ ਤਬਾਹੀ ਲਈ ਵੱਡਾ ਹਮਲਾ ਹੁੰਦਾ ਹੈ, ਜਿਸ ਦੇ ਜ਼ਖ਼ਮ ਜੰਗਬੰਦੀ ਤੋਂ ਬਾਅਦ ਵੀ ਸਦੀਆਂ ਤੱਕ ਨਹੀਂ ਭਰਦੇ।

ਸਭ ਤੋਂ ਪਹਿਲਾਂ ਦਸੰਬਰ 2008 ਵਿੱਚ ਇਜ਼ਰਾਇਲੀ ਫੌਜ ਨੇ 'ਅਪਰੇਸ਼ਨ ਕਾਸਟ ਲੀਡ' ਤਹਿਤ ਗਾਜ਼ਾ ਦੇ ਮੁੱਖ ਵਿਦਿਅਕ ਅਦਾਰੇ ਇਸਲਾਮਿਕ ਯੂਨੀਵਰਸਿਟੀ ਉੱਤੇ ਭਿਅੰਕਰ ਹਮਲਾ ਕਰ ਕੇ ਫਲਿਸਤੀਨੀ ਵਿਦਿਅਕ ਢਾਂਚੇ ਦੀ ਤਬਾਹੀ ਦਾ ਮੁੱਢ ਬੰਨ੍ਹਿਆ ਸੀ। ਉਸ ਸਮੇਂ ਇਜ਼ਰਾਇਲ ਦਾ ਤਰਕ ਸੀ ਕਿ ਯੂਨੀਵਰਸਿਟੀ ਨੂੰ ਹਮਾਸ ਆਪਣੇ ਫੌਜੀ ਮਕਸਦ ਲਈ ਹਥਿਆਰਾਂ ਦੀ ਖੋਜ, ਫੌਜੀ ਸਿਖਲਾਈ, ਹਥਿਆਰ ਨਿਰਮਾਣ ਅਤੇ ਸਟੋਰ ਕਰਨ ਲਈ ਵਰਤ ਰਹੀ ਹੈ। ਹਮਾਸ ਦੇ ਇਸਲਾਮਿਕ ਕੱਟੜਪੰਥੀ ਮਨਸੂਬਿਆਂ ਲਈ ਵਿਦਿਆਰਥੀਆਂ, ਅਧਿਆਪਕਾਂ ਤੇ ਵਿਦਿਅਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਗੈਰ-ਮਨੁੱਖੀ, ਅਨੈਤਿਕ, ਜੰਗੀ ਤੇ ਕੌਮਾਂਤਰੀ ਕਾਨੂੰਨਾਂ ਦੀ ਘੋਰ ਉਲੰਘਣਾ ਹੈ; ਤੇ ਇਜ਼ਰਾਇਲ ਇਹ ਉਲੰਘਣਾ ਲਗਾਤਾਰ ਤੇ ਬੇਖੌਫ ਹੋ ਕੇ ਕਰ ਰਿਹਾ ਹੈ।

ਮੌਜੂਦਾ ਜੰਗ 'ਚ ਗਾਜ਼ਾ ਦੀਆਂ 16 ਵਿੱਚੋਂ 12 ਯੂਨੀਵਰਸਿਟੀਆਂ ਅਤੇ ਉੱਚ ਵਿਦਿਅਕ ਕੈਂਪਸ ਹਮਲੇ ਦੀ ਮਾਰ ਹੇਠ ਆਏ ਹੋਏ ਹਨ, ਜਿਨ੍ਹਾਂ 'ਚ ਪੜ੍ਹਦੇ 88,000 ਵਿਦਿਆਰਥੀ ਜੰਗ ਸ਼ੁਰੂ ਹੋਣ ਪਿੱਛੋਂ ਕਲਾਸਾਂ 'ਚ ਨਹੀਂ ਗਏ। ਸਕਾਲਰਸ਼ਿਪ ਪ੍ਰਾਪਤ 500 ਤੋਂ ਵੱਧ ਕੌਮਾਂਤਰੀ ਵਿਦਿਆਰਥੀ ਆਪਣੀ ਪੜ੍ਹਾਈ ਅਤੇ ਗਾਜ਼ਾ ਛੱਡਣ ਲਈ ਮਜਬੂਰ ਹੋ ਗਏ। ਇਸਲਾਮੀ ਯੂਨੀਵਰਸਿਟੀ ਅਤੇ ਅਲ-ਅਜ਼ਹਰ ਯੂਨੀਵਰਸਿਟੀ ਵਰਗੀਆਂ ਮੁੱਖ ਵਿਦਿਅਕ ਸੰਸਥਾਵਾਂ ਸਮੇਤ ਗਾਜ਼ਾ ਦੀ ਹਰ ਯੂਨੀਵਰਸਿਟੀ ਜਾਂ ਤਾਂ ਨੁਕਸਾਨੀ ਗਈ ਜਾਂ ਫਿਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੀ ਗਈ ਹੈ। ਜਿੱਥੇ ਸਕੂਲਾਂ/ਯੂਨੀਵਰਸਿਟੀਆਂ ਵਿੱਚ ਪੜ੍ਹਾਈ ਠੱਪ ਹੋ ਗਈ ਹੈ, ਉੱਥੇ ਇੰਟਰਨੈੱਟ ਅਤੇ ਬਿਜਲੀ ਸਪਲਾਈ ਦੀ ਸਮੱਸਿਆ ਕਰ ਕੇ ਈ-ਲਰਨਿੰਗ ਨੂੰ ਵੀ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। 17 ਜਨਵਰੀ ਨੂੰ ਜਿਊਨਵਾਦੀ ਇਜ਼ਰਾਇਲੀ ਧਾੜਵੀਆਂ ਨੇ ਇਤਿਹਾਸਕ ਕਲਾਕ੍ਰਿਤੀਆਂ ਸਾਂਭਣ ਵਾਲੀ ਅਲ ਅਜ਼ਹਰ ਯੂਨੀਵਰਸਿਟੀ ਕਬਜ਼ੇ ਵਿੱਚ ਲੈ ਕੇ ਤੇ ਬਾਰੂਦੀ ਸੁਰੰਗਾਂ ਵਿਛਾ ਕੇ ਨਸ਼ਟ ਕਰ ਦਿੱਤੀ। ਰਸ਼ਾਦ ਸ਼ਾਵਾ ਸੱਭਿਆਚਾਰਕ ਕੇਂਦਰ, ਅਰਬ ਆਰਥੋਡੌਕਸ ਕਲਚਰ ਐਂਡ ਸੋਸ਼ਲ ਸੈਂਟਰ, ਅਲ-ਸੁਨੂਨ ਫਾਰ ਕਲਚਰ ਐਂਡ ਆਰਟਸ ਐਸ਼ੋਸੀਏਸ਼ਨ ਆਦਿ ਵਰਗੀਆਂ ਸੱਭਿਆਚਾਰਕ ਤੇ ਕਲਾਤਮਿਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਹ ਗਾਜ਼ਾ ਦੀਆਂ ਇਤਿਹਾਸਕ ਵਿਰਾਸਤ ਤੇ ਸੱਭਿਆਚਾਰਕ ਜੀਵਨ ਦਾ ਅਮੁੱਲ ਖਜ਼ਾਨਾ ਸਨ। ਗਾਜ਼ਾ ਦੀਆਂ ਤਬਾਹ ਕੀਤੀਆਂ 13 ਲਾਇਬ੍ਰੇਰੀਆਂ ਵਿੱਚੋਂ ਮੁੱਖ ਗਾਜ਼ਾ ਯੂਨੀਵਰਸਿਟੀ ਲਾਇਬ੍ਰੇਰੀ, ਗਾਜ਼ਾ ਦੀ ਮੁੱਖ ਪਬਲਿਕ ਲਾਇਬ੍ਰੇਰੀ ਅਤੇ ਦੀਆਨਾ ਤਾਮਾਰੀ ਲਾਇਬ੍ਰੇਰੀਆਂ ਵਿੱਚ ਹਜ਼ਾਰਾਂ ਕਿਤਾਬਾਂ ਤੇ ਇਤਿਹਾਸਕ ਦਸਤਾਵੇਜ਼ ਪੂਰੀ ਤਰ੍ਹਾਂ ਨਸ਼ਟ ਕਰ ਦਿੱਤੇ ਗਏ ਹਨ। ਯੂਨੀਵਰਸਿਟੀਆਂ ਤੋਂ ਬਿਨਾ ਗਾਜ਼ਾ ਦੇ ਲਗਭਗ 737 ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਨੂੰ ਜਾਂ ਤਾਂ ਗੰਭੀਰ ਨੁਕਸਾਨ ਪਹੁੰਚਾਇਆ ਗਿਆ ਜਾਂ ਜ਼ਿਆਦਾਤਰ ਨੂੰ ਤਬਾਹ ਕਰ ਦਿੱਤਾ ਗਿਆ।

ਤਬਾਹੀ ਦਾ ਮੰਜ਼ਰ ਉਦੋਂ ਹੋਰ ਵੀ ਵੱਧ ਭਿਅੰਕਰ ਬਣ ਜਾਂਦਾ ਹੈ, ਜਦੋਂ ਹਮਲਾਵਰ ਸਮਾਜ ਦੇ ਸਭ ਤੋਂ ਮਜ਼ਬੂਤ ਤੇ ਭਵਿੱਖਮੁਖੀ ਵਰਗ ਨੂੰ ਨਿਸ਼ਾਨਾ ਬਣਾਉਂਦੇ ਹਨ। ਬੁੱਧੀਜੀਵੀਆਂ ਦੇ ਨਾਲ-ਨਾਲ ਗਾਜ਼ਾ ਦੀ ਨਵੀਂ ਪੀੜ੍ਹੀ ਨੂੰ ਗਿਣ-ਮਿਥ ਕੇ ਖਤਮ ਕੀਤਾ ਜਾ ਰਿਹਾ ਹੈ। ਗਾਜ਼ਾ ਦੇ 22 ਲੱਖ ਬਾਸ਼ਿੰਦਿਆਂ ਵਿੱਚੋਂ 50% ਵਸੋਂ 20 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਹੈ ਅਤੇ ਇਹੀ ਉਹ ਵਰਗ ਹੈ ਜੋ ਭਵਿੱਖਮੁੱਖੀ, ਸ਼ਕਤੀਸ਼ਾਲੀ ਤੇ ਫਲਿਸਤੀਨ ਦੀ ਰੀੜ੍ਹ ਦੀ ਹੱਡੀ ਹੈ। ਇਜ਼ਰਾਇਲ ਇਸ ਸਮੇਂ ਫਲਿਸਤੀਨ ਦੀ ਰੀੜ੍ਹ ਦੀ ਹੱਡੀ ਤੋੜਨ ਅਤੇ ਕਮਜ਼ੋਰ ਕਰਨ ਵਿੱਚ ਲੱਗਾ ਹੋਇਆ ਹੈ। ਗਾਜ਼ਾ ਵਿੱਚੋਂ ਪਹਿਲਾਂ ਹੀ 9 ਲੱਖ ਲੋਕ ਜੰਗੀ ਉਜਾੜੇ ਕਰ ਕੇ ਹਿਜਰਤ ਕਰ ਗਏ ਹਨ ਤੇ ਬਾਕੀ ਵਸੋਂ ਭੋਜਨ, ਪਾਣੀ ਤੇ ਦਵਾਈਆਂ ਦੀ ਸਪਲਾਈ ਦੀ ਘਾਟ ਕਰ ਕੇ ਬਾਰੂਦ ਦਾ ਖਾਜਾ ਬਣਨ ਲਈ ਮਜਬੂਰ ਹੈ।

'ਪੱਤਰਕਾਰ ਬਚਾਓ ਕਮੇਟੀ' ਦੀ ਰਿਪੋਰਟ ਮੁਤਾਬਕ ਇਸ ਜੰਗ ਵਿੱਚ 105 ਪੱਤਰਕਾਰ ਮਾਰੇ ਗਏ ਤੇ ਬਚੇ ਹੋਇਆਂ ਦੀ ਜ਼ਿੰਦਗੀ ਦਾਅ 'ਤੇ ਲੱਗੀ ਹੋਈ ਹੈ। ਸੈਂਕੜੇ ਸੱਭਿਆਚਾਰਕ ਕਾਮੇ ਅਤੇ ਬੁੱਧੀਜੀਵੀ ਮੌਤ ਦੇ ਸਾਏ ਹੇਠ ਰਹਿ ਰਹੇ ਹਨ। ਆਮ ਲੋਕਾਂ ਸਮੇਤ ਸਮਾਜ ਲਈ ਚਿੰਤਤ ਲੋਕ ਮਨੋਵਿਗਿਆਨਕ ਸਦਮੇ ਵਿੱਚ ਹਨ। ਰੋਜ਼ਾਨਾ ਦਾ ਜਨ-ਜੀਵਨ ਇਸ ਤੋਂ ਵੀ ਵੱਧ ਭਿਅੰਕਰ ਅਤੇ ਅਸੁਰੱਖਿਅਤ ਹੈ। ਫਲਿਸਤੀਨੀ ਨੌਜਵਾਨ ਲੇਖਕ ਯੂਸਫ਼ ਦਵਾਸ ਇਜ਼ਰਾਇਲ ਦੇ ਹਵਾਈ ਹਮਲੇ ਵਿੱਚ ਮਾਰ ਦਿੱਤਾ ਗਿਆ। ਫਲਿਸਤੀਨ ਦੀ ਮੁਕਤੀ ਲਈ ਗਾਉਂਦੇ ਬਾਗੀ ਗਾਇਕ ਆਪਣੇ ਸਿਆਸੀ ਪੈਂਤੜੇ ਕਰ ਕੇ ਹਿੰਸਕ ਤੇ ਜਾਨਲੇਵਾ ਹਮਲਿਆਂ ਦਾ ਨਿਸ਼ਾਨਾ ਬਣਾਏ ਜਾ ਰਹੇ ਹਨ। ਬੁੱਧੀਜੀਵੀਆਂ ਅਤੇ ਲੇਖਕਾਂ ਨੂੰ ਨਿਸ਼ਾਨਾ ਬਣਾਉਣਾ ਵੀ ਇਜ਼ਰਾਇਲ ਦੀ ਲੰਮੇ ਸਮੇਂ ਦੀ ਰਣਨੀਤੀ ਰਹੀ ਹੈ। ਵਿਅੰਗਮਈ ਗੀਤਕਾਰ ਬਸ਼ਰ ਮੁਰਾਦ ਵਰਗੇ ਬਾਗੀ ਗਾਇਕ ਜੰਗੀ ਹਾਲਾਤ ਦੇ ਬਾਵਜੂਦ ਆਪਣੀ ਕਲਾ ਰਾਹੀਂ ਫਲਿਸਤੀਨੀ ਨਸਲਕੁਸ਼ੀ, ਅਨਿਆਂ, ਜੰਗ ਤੇ ਜਬਰ ਖਿਲਾਫ ਆਵਾਜ਼ ਉਠਾ ਰਹੇ ਹਨ। ਜੰਗੀ ਖਤਰਿਆਂ ਤੇ ਚੁਣੌਤੀਆਂ ਦੇ ਬਾਵਜੂਦ ਉਨ੍ਹਾਂ ਦੀ ਗਾਜ਼ਾ ਦੇ ਮਲਬਿਆਂ 'ਚੋਂ ਉੱਠ ਰਹੀ ਹੇਕ ਵਿਸ਼ਵ ਭਾਈਚਾਰੇ ਨੂੰ ਹਲੂਣ ਰਹੀ ਹੈ।

ਇਜ਼ਰਾਇਲ ਵੱਲੋਂ ਯੋਜਨਾਬੱਧ ਢੰਗ ਨਾਲ ਗਾਜ਼ਾ ਦੇ ਵਿਦਿਅਕ ਤੇ ਵਿਰਾਸਤੀ ਢਾਂਚੇ ਨੂੰ ਬਰਬਾਦ ਕਰਨਾ, ਫਲਿਸਤੀਨੀ ਨਸਲ ਅਤੇ ਦੇਸ਼ ਨੂੰ ਨਕਸ਼ੇ ਤੋਂ ਮਿਟਾਉਣ ਦੇ ਪ੍ਰਾਜੈਕਟ ਦਾ ਹਿੱਸਾ ਹੈ। ਨਸਲਕੁਸ਼ੀ ਦਾ ਇਹ ਪ੍ਰਾਜੈਕਟ ਕੌਮਾਂਤਰੀ ਮਨੁੱਖੀ ਅਧਿਕਾਰਾਂ/ਕਾਨੂੰਨਾਂ ਨੂੰ ਛਿੱਕੇ ਟੰਗ ਕੇ ਰਚਾਇਆ ਜਾ ਰਿਹਾ ਹੈ। ਸੰਸਾਰ ਅਮਨ-ਚੈਨ ਤੇ ਪ੍ਰਭੂਸੱਤਾ ਦਾ ਦਮ ਭਰਨ ਵਾਲੀਆਂ ਸੰਸਾਰ ਤਾਕਤਾਂ ਤੇ ਕੌਮਾਂਤਰੀ ਅਦਾਲਤਾਂ/ਕਾਨੂੰਨ ਮੂਕ ਦਰਸ਼ਕ ਬਣੇ ਹੋਏ ਹਨ। ਉਲਟਾ ਵਿਸ਼ਵ ਸ਼ਾਂਤੀ ਦਾ ਝੰਡਾਬਰਦਾਰ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀ, ਫਲਿਸਤੀਨ ਵਿੱਚ ਇਜ਼ਰਾਇਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੇ ਮੁਲਜ਼ਮ ਹਨ। ਇਹ ਪੱਛਮੀ ਤਾਕਤਾਂ ਫਲਿਸਤੀਨ ਖਿਲਾਫ ਅਸਿੱਧੀ ਜੰਗ ਲੜ ਰਹੀਆਂ ਹਨ ਅਤੇ ਗਾਜ਼ਾ ਦੇ ਬੱਚਿਆਂ, ਔਰਤਾਂ, ਬਜ਼ੁਰਗਾਂ, ਬਿਮਾਰਾਂ ਤੇ ਜ਼ਖ਼ਮੀਆਂ ਨੂੰ ਬਾਰੂਦ ਅਤੇ ਭੁੱਖ ਨਾਲ ਮਾਰਨ ਲਈ ਇਜ਼ਰਾਇਲ ਨੂੰ ਵਿੱਤੀ ਤੇ ਫੌਜੀ ਸਹਾਇਤਾ ਦੇ ਰਹੀਆਂ ਹਨ। ਇਹ ਜੰਗਬਾਜ਼ ਪੱਛਮੀ ਤਾਕਤਾਂ ਆਪਣੇ ਦੇਸ਼ ਦੇ ਲੋਕਾਂ ਦੀ ਸਿੱਖਿਆ, ਸਿਹਤ ਤੇ ਹੋਰ ਜਨਤਕ ਸੇਵਾਵਾਂ ਉੱਤੇ ਖਰਚੇ ਜਾਂਦੇ ਬਜਟ 'ਤੇ ਕੱਟ ਲਾ ਕੇ ਹਥਿਆਰਾਂ ਦੇ ਨਿਰਮਾਣ ਉੱਤੇ ਖਰਚੇ ਵਧਾ ਰਹੀਆਂ ਹਨ। ਇਸ ਤਰ੍ਹਾਂ ਇਹ ਸਾਮਰਾਜੀ ਤਾਕਤਾਂ ਸੰਸਾਰ ਨੂੰ ਜੰਗ, ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਵਾਤਾਵਰਨ ਤਬਾਹੀ, ਕਰਜ਼ ਆਦਿ ਵੱਲ ਧੱਕ ਰਹੀਆਂ ਹਨ।

ਸੰਸਾਰ ਭਰ ਦੇ ਇਨਸਾਫਪਸੰਦ ਲੋਕ ਫਲਿਸਤੀਨ ਦੀ ਨਸਲਕੁਸ਼ੀ ਤੇ ਜੰਗੀ ਤਬਾਹੀ ਵਿਰੁੱਧ ਲਾਮਬੰਦ ਹੋ ਕੇ ਜੰਗਬਾਜ਼ ਤਾਕਤਾਂ ਦਾ ਵਿਰੋਧ ਕਰ ਰਹੇ ਹਨ। ਫਲਿਸਤੀਨ ਦੇ ਹੱਕ ਵਿੱਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਸ਼ੁਰੂ ਹੋਇਆ ਸ਼ਾਨਦਾਰ ਵਿਦਿਆਰਥੀ ਸੰਘਰਸ਼ ਅੱਜ ਅਮਰੀਕਾ ਦੀਆਂ 100 ਤੋਂ ਵੱਧ ਯੂਨੀਵਰਸਿਟੀਆਂ ਤੇ ਹੋਰ ਅਕਾਦਮਿਕ ਸੰਸਥਾਵਾਂ ਤੱਕ ਫੈਲ ਚੁੱਕਾ ਹੈ। ਇਸ ਵਿਦਿਆਰਥੀ ਸੰਘਰਸ਼ ਦਾ ਪ੍ਰਭਾਵ ਸੰਸਾਰ ਦੇ ਹਰ ਕੋਨੇ ਵਿੱਚ ਪੈ ਰਿਹਾ ਹੈ। ਦੁਨੀਆ ਭਰ ਦੇ ਵਿਦਿਆਰਥੀਆਂ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਫਲਿਸਤੀਨੀ ਨੌਜਵਾਨਾਂ, ਵਿਦਿਆਰਥੀਆਂ ਦੇ ਸਿੱਖਿਆ ਤੇ ਜਿਊਣ ਦੇ ਬੁਨਿਆਦੀ ਹੱਕ ਦੀ ਰਾਖੀ ਲਈ ਜੰਗ ਖਿਲਾਫ ਸੰਘਰਸ਼ ਕਰਕੇ ਕੌਮਾਂਤਰੀ ਵਿਦਿਆਰਥੀ ਏਕਤਾ ਦਾ ਸਬੂਤ ਦੇਣ। ਕੌਮਾਂਤਰੀ ਭਾਈਚਾਰੇ ਨੂੰ ਵੀ ਫਲਿਸਤੀਨ ਵਿੱਚ ਹੋ ਰਹੀ ਨਸਲਕੁਸ਼ੀ ਤੇ ਤਬਾਹੀ ਖਿਲਾਫ ਸੰਘਰਸ਼ ਕਰ ਕੇ ਉੱਚ ਮਾਨਵੀ ਨੈਤਿਕਤਾ ਦਾ ਇਜ਼ਹਾਰ ਕਰਨਾ ਚਾਹੀਦਾ ਹੈ। ਗਾਜ਼ਾ ਦੇ ਬੱਚੇ ਤੇ ਵਿਦਿਆਰਥੀ ਕੁੱਲ ਸੰਸਾਰ ਦਾ ਸਾਂਝਾ ਸਰਮਾਇਆ ਹਨ।

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ


# ਆਤਮ ਚਿੰਤਨ, ਸੰਵਾਦ ਤੇ ਸ਼ਾਂਤੀਪੂਰਨ ਸਹਿ-ਹੋਂਦ ਦੇ ਰਾਹ

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ 1999 ਦੇ ਲਾਹੌਰ ਸਮਝੌਤੇ ਦੀ ਉਨ੍ਹਾਂ ਦੇ ਦੇਸ਼ ਦੀ ਸਰਕਾਰ ਵੱਲੋਂ ਉਲੰਘਣਾ ਨੂੰ ਨਿਰਪੱਖ ਢੰਗ ਨਾਲ ਸਵੀਕਾਰ ਕਰਨਾ ਹਿੰਦ-ਪਾਕਿ ਰਿਸ਼ਤਿਆਂ ਦੇ ਇਤਿਹਾਸ 'ਚ ਇੱਕ ਮਹੱਤਵਪੂਰਨ ਘਟਨਾ ਵਰਗਾ ਹੈ। ਨਵਾਜ਼ ਸ਼ਰੀਫ਼ ਵੱਲੋਂ ਦੁਹਰਾਉਣ ਤੋਂ ਬਾਅਦ ਕਿ ਕਾਰਗਿਲ ਯੁੱਧ ਇਸਲਾਮਾਬਾਦ ਦੀ ਇੱਕ ਗਲਤੀ ਸੀ, ਭਾਰਤ ਨੇ ਕਿਹਾ ਕਿ ਉਸਨੇ ਸਰਹੱਦ ਪਾਰ ਇੱਕ 'ਉਦੇਸ਼ਪੂਰਨ ਦ੍ਰਿਸ਼ਟੀਕੋਣ' ਨੂੰ ਦੇਖਿਆ ਹੈ। ਸ਼ਰੀਫ ਵੱਲੋਂ ਦਿੱਤਾ ਕਾਰਗਿਲ ਜੰਗ ਦਾ ਹਵਾਲਾ ਦੋਹਾਂ ਮੁਲਕਾਂ ਦੇ ਇਤਿਹਾਸ ਵਿੱਚ ਇੱਕ ਵਿਵਾਦਤ ਤੇ ਗੰਭੀਰ ਅਧਿਆਏ ਨੂੰ ਉਭਾਰ ਕੇ ਪੇਸ਼ ਕਰਦਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨਵਾਜ਼ ਸ਼ਰੀਫ ਛੇ ਸਾਲਾਂ ਦੇ ਵਕਫ਼ੇ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੇ ਪ੍ਰਧਾਨ ਵਜੋਂ ਆਪਣੇ ਅਹੁਦੇ 'ਤੇ ਵਾਪਸ ਪਰਤ ਆਏ ਹਨ। ਮੁੜ ਪਾਰਟੀ ਪ੍ਰਧਾਨ ਵਜੋਂ ਸਹੁੰ ਚੁੱਕਣ ਤੋਂ ਬਾਅਦ ਪੀ.ਐੱਮ.ਐੱਲ.-ਐੱਨ. ਦੀ ਜਨਰਲ ਕੌਂਸਲ ਮੀਟਿੰਗ ਵਿੱਚ ਬੋਲਦਿਆਂ ਸ਼ਰੀਫ ਨੇ ਉਨ੍ਹਾਂ ਅਤੇ ਤਤਕਾਲੀ ਭਾਰਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਵੱਲੋਂ ਆਰੰਭੇ ਸ਼ਾਂਤੀ ਯਤਨਾਂ ਨੂੰ ਕਮਜ਼ੋਰ ਕਰਨ 'ਚ ਪਾਕਿਸਤਾਨ ਦੇ ਕਸੂਰ ਨੂੰ ਸਵੀਕਾਰ ਕੀਤਾ ਹੈ। ਲਾਹੌਰ ਸਮਝੌਤਾ ਜੋ ਕਿ 21 ਫਰਵਰੀ 1999 ਨੂੰ ਕੀਤਾ ਗਿਆ ਸੀ, ਭਾਰਤ ਤੇ ਪਾਕਿਸਤਾਨ ਦਰਮਿਆਨ ਸ਼ਾਂਤੀ-ਸਥਿਰਤਾ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ 'ਚ ਇੱਕ ਮੀਲ ਦਾ ਪੱਥਰ ਸੀ। ਉਂਜ ਉਮੀਦ ਦੇ ਇਹ ਪਲ ਜ਼ਿਆਦਾ ਸਮਾਂ ਕਾਇਮ ਨਾ ਰਹਿ ਸਕੇ। ਕੁਝ ਮਹੀਨਿਆਂ ਬਾਅਦ ਭਾਰਤੀ ਖੇਤਰ 'ਚ ਪਾਕਿਸਤਾਨੀ ਫ਼ੌਜ ਦੀ ਘੁਸਪੈਠ ਤੋਂ ਬਾਅਦ ਸ਼ੁਰੂ ਹੋਈ ਕਾਰਗਿਲ ਜੰਗ ਨੇ ਇਸ ਭਰੋਸੇ ਨੂੰ ਤੋੜ ਦਿੱਤਾ।

'ਡਾਨ' ਅਖਬਾਰ ਦੀ ਰਿਪੋਰਟ ਅਨੁਸਾਰ ਆਪਣੇ ਸਹੁੰਚੁੱਕ ਸਮਾਗਮ ਨੂੰ ਚਿੰਨ੍ਹਿਤ ਕਰਨ ਲਈ ਸ਼ਰੀਫ ਨੇ 'ਪਨਾਮਾ ਪੇਪਰਜ਼ ਕੇਸ ਵਿੱਚ ਉਨ੍ਹਾਂ ਦੀ ਅਯੋਗਤਾ ਵਿੱਚ ਭੂਮਿਕਾ ਨਿਭਾਉਣ ਵਾਲਿਆਂ' ਨੂੰ ਆਪਣੇ ਭਾਸ਼ਣ ਵਿੱਚ ਕਰੜੇ ਹੱਥੀਂ ਲਿਆ। ਆਪਣੇ ਭਾਸ਼ਣ ਵਿੱਚ ਸ਼ਰੀਫ ਨੇ ਨਿਆਂਪਾਲਿਕਾ ਦੀ ਭੂਮਿਕਾ ਬਾਰੇ ਗੱਲ ਕੀਤੀ ਅਤੇ ਆਪਣੇ ਦਾਅਵੇ ਨੂੰ ਦੁਹਰਾਇਆ ਕਿ ਸਾਬਕਾ ਆਈ.ਐਸ.ਆਈ. ਮੁਖੀ ਜ਼ਹੀਰੁਲ ਇਸਲਾਮ ਨੇ ਇੱਕ ਪ੍ਰਾਪਰਟੀ ਟਾਈਕੂਨ ਰਾਹੀਂ ਉਨ੍ਹਾਂ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਨਵਾਜ਼ ਸ਼ਰੀਫ ਨੇ ਆਪਣੇ ਚੋਣ ਨਾਮਜ਼ਦਗੀ ਪੱਤਰਾਂ ਵਿੱਚ ਯੂ.ਏ.ਈ. ਆਧਾਰਤ ਕੰਪਨੀ ਤੋਂ 10,000 ਦਿਰਹਾਮ ਪ੍ਰਾਪਤ ਕਰਨ ਦਾ ਐਲਾਨ ਨਾ ਕਰਨ ਲਈ 2017 ਵਿੱਚ ਪਾਕਿਸਤਾਨ ਦੀ ਸੁਪਰੀਮ ਕੋਰਟ ਦੁਆਰਾ ਅਹੁਦੇ ਤੋਂ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਪਾਰਟੀ ਪ੍ਰਧਾਨ ਦਾ ਅਹੁਦਾ ਛੱਡ ਦਿੱਤਾ ਸੀ।

ਇਕਬਾਲ-ਏ-ਸ਼ਰੀਫ



ਸ਼ਰੀਫ਼ ਨੇ ਪੀ.ਐਮ.ਐਲ.-ਐਨ. ਦੀ ਜਨਰਲ ਮੀਟਿੰਗ ਦੌਰਾਨ ਕਿਹਾ, "ਇੱਕ ਵਾਰ ਪਾਕਿਸਤਾਨ ਨੇ ਭਾਰਤ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸਾਹਿਬ ਦੇ ਜਵਾਬ ਵਿੱਚ ਪੰਜ ਪ੍ਰਮਾਣੂ ਪ੍ਰੀਖਣ ਕੀਤੇ ਸਨ ਅਤੇ ਸਾਡੇ ਨਾਲ ਇੱਕ ਸ਼ਾਂਤੀ ਸਮਝੌਤਾ ਕੀਤਾ ਸੀ, ਪਰ ਅਸੀਂ ਇਸ ਦੀ ਉਲੰਘਣਾ ਕੀਤੀ ਅਤੇ ਇਹ ਸਾਡੀ ਗਲਤੀ ਸੀ।"

ਸਿਆਸੀ ਮੋਰਚੇ 'ਤੇ ਸ਼ਰੀਫ ਦਾ ਪ੍ਰਮੁੱਖਤਾ ਨਾਲ ਉਭਰਨਾ ਤੇ ਅਤੀਤ ਦੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਉਨ੍ਹਾਂ ਵੱਲੋਂ ਜਨਤਕ ਤੌਰ 'ਤੇ ਜਤਾਈ ਇੱਛਾ, ਆਸ ਦੀ ਕਿਰਨ ਜਗਾਉਂਦੀ ਹੈ। ਪਾਕਿਸਤਾਨ ਲਈ ਇਹ ਇੱਕ ਚੁਣੌਤੀ ਹੈ ਕਿ ਉਹ ਭਾਰਤ ਪ੍ਰਤੀ ਆਪਣੀ ਪਹੁੰਚ ਦਾ ਮੁੜ ਮੁਲੰਕਣ ਕਰੇ। ਇੱਥੇ ਵਿਸ਼ੇਸ਼ ਤੌਰ 'ਤੇ ਇੱਕ ਵਿਆਪਕ ਸਵਾਲ ਉੱਠਦਾ ਹੈ ਕਿ ਕੀ ਸ਼ਰੀਫ ਲੀਡਰਸ਼ਿਪ ਆਤਮ ਚਿੰਤਨ ਦੇ ਇਸ ਪਲ ਨੂੰ ਸ਼ਾਂਤੀ ਦੇ ਯਤਨ ਨਵਿਆਉਣ 'ਚ ਤਬਦੀਲ ਕਰ ਸਕਦੀ ਹੈ?

ਸ਼ਰੀਫ ਨੇ 1998 ਵਿੱਚ ਪਾਕਿਸਤਾਨ ਦੇ ਪੰਜ ਪ੍ਰਮਾਣੂ ਪ੍ਰੀਖਣਾਂ ਦਾ ਜ਼ਿਕਰ ਕੀਤਾ, ਜੋ ਕਿ ਦੋ ਹਫ਼ਤੇ ਪਹਿਲਾਂ ਕੀਤੇ ਗਏ ਭਾਰਤ ਦੇ ਪ੍ਰਮਾਣੂ ਪ੍ਰੀਖਣਾਂ ਦਾ ਬਦਲਾ ਸੀ: "ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਪਾਕਿਸਤਾਨ ਨੂੰ ਪ੍ਰਮਾਣੂ ਪ੍ਰੀਖਣ ਨਾ ਕਰਨ ਲਈ 5 ਬਿਲੀਅਨ ਡਾਲਰ ਦੀ ਪੇਸ਼ਕਸ਼ ਕੀਤੀ ਸੀ, ਪਰ ਮੈਂ ਇਨਕਾਰ ਕਰ ਦਿੱਤਾ।"

ਉਹ 21 ਫਰਵਰੀ 1999 ਨੂੰ ਸ਼ਰੀਫ਼ ਅਤੇ ਵਾਜਪਾਈ ਦੇ ਲਾਹੌਰ ਐਲਾਨਨਾਮੇ 'ਤੇ ਦਸਤਖਤ ਕਰਨ ਦਾ ਹਵਾਲਾ ਦੇ ਰਹੇ ਸਨ। ਦੋ ਮਹੀਨਿਆਂ ਬਾਅਦ ਭਾਰਤੀ ਬਲਾਂ ਨੂੰ ਪਤਾ ਲੱਗਾ ਕਿ ਪਾਕਿਸਤਾਨੀ ਫ਼ੌਜ ਕੰਟਰੋਲ ਰੇਖਾ ਤੋਂ ਪਾਰ ਘੁਸਪੈਠ ਕਰ ਗਈ ਹੈ, ਉਦੋਂ ਕਾਰਗਿਲ ਯੁੱਧ ਸ਼ੁਰੂ ਹੋ ਗਿਆ ਸੀ। ਸ਼ਰੀਫ ਨੇ ਪਹਿਲਾਂ ਵੀ ਕਿਹਾ ਸੀ ਕਿ ਉਹ ਘੁਸਪੈਠ ਨੂੰ ਲੈ ਕੇ ਪਾਕਿਸਤਾਨੀ ਫੌਜ ਦੀਆਂ ਯੋਜਨਾਵਾਂ ਤੋਂ ਜਾਣੂ ਨਹੀਂ ਸਨ।

ਦੋ ਦਿਨ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸੰਕੇਤ ਦਿੱਤਾ ਕਿ ਭਾਰਤ ਨੇ ਸ਼ਰੀਫ ਦੀ ਟਿੱਪਣੀ ਦਾ ਸਕਾਰਾਤਮਕ ਨੋਟਿਸ ਲਿਆ ਹੈ: "ਤੁਸੀਂ ਇਸ ਮੁੱਦੇ 'ਤੇ ਸਾਡੀ ਸਥਿਤੀ ਤੋਂ ਜਾਣੂ ਹੋ। ਅਸੀਂ ਨੋਟ ਕਰਦੇ ਹਾਂ ਕਿ ਪਾਕਿਸਤਾਨ ਵਿੱਚ ਵੀ ਇੱਕ ਬਾਹਰਮੁਖੀ ਨਜ਼ਰੀਆ ਉਭਰ ਰਿਹਾ ਹੈ।"

ਇਹ ਪਹਿਲੀ ਵਾਰ ਨਹੀਂ ਸੀ ਜਦੋਂ ਸ਼ਰੀਫ ਨੇ ਜਨਤਕ ਤੌਰ 'ਤੇ ਕਿਹਾ ਸੀ ਕਿ ਵਾਜਪਾਈ ਨੂੰ ਦੋਸਤੀ ਦਾ ਹੱਥ ਦੇਣ ਤੋਂ ਬਾਅਦ ਪਾਕਿਸਤਾਨੀ ਸਥਾਪਨਾ ਦੁਆਰਾ ਧੋਖਾ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਵਜੋਂ ਆਪਣੇ ਤੀਜੇ ਕਾਰਜਕਾਲ ਦੌਰਾਨ ਫਰਵਰੀ 2016 ਵਿੱਚ ਇੱਕ ਰੈਲੀ ਵਿੱਚ ਸ਼ਰੀਫ਼ ਨੇ ਕਿਹਾ ਸੀ, "ਵਾਜਪਾਈ ਨੇ ਮੈਨੂੰ ਦੱਸਿਆ ਸੀ ਕਿ ਕਾਰਗਿਲ ਵਿੱਚ ਪਾਕਿਸਤਾਨ ਦੀ ਦੁਰਦਸ਼ਾ ਕਾਰਨ, ਖਾਸ ਕਰਕੇ ਲਾਹੌਰ ਐਲਾਨਨਾਮੇ ਦੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਗਿਆ ਸੀ। ਵਾਜਪਾਈ ਨੇ ਸਹੀ ਕਿਹਾ ਸੀ। ਮੈਂ ਵੀ ਇਹੀ ਗੱਲ ਕਹਾਂਗਾ- ਉਹ ਯਕੀਨੀ ਤੌਰ 'ਤੇ (ਕਾਰਗਿਲ ਵਿੱਚ) ਪਿੱਠ ਵਿੱਚ ਛੁਰਾ ਮਾਰਿਆ ਗਿਆ ਸੀ।" ਉਦੋਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਵੀ ਸ਼ਰੀਫ ਦੇ ਸ਼ਬਦਾਂ ਦਾ ਨੋਟਿਸ ਲਿਆ ਸੀ: "ਨਵਾਜ਼ ਸ਼ਰੀਫ ਨੇ ਕੁਝ ਅਜਿਹਾ ਕਿਹਾ ਹੈ ਜੋ ਸਭ ਨੂੰ ਪਤਾ ਸੀ। ਹਰ ਕੋਈ ਇਸ ਬਾਰੇ ਜਾਣਦਾ ਸੀ। ਉਸ ਨੇ ਸਿਰਫ ਇੱਕ ਸੱਚਾਈ ਦੀ ਪੁਸ਼ਟੀ ਕੀਤੀ ਹੈ ਜਿਸ ਬਾਰੇ ਅਸੀਂ ਸਾਰੇ ਜਾਣਦੇ ਹਾਂ।"

ਹਿੰਦ-ਪਾਕਿਸਤਾਨ ਸਬੰਧਾਂ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਵਿਆਪਕ ਭੂ-ਰਾਜਨੀਤਕ ਸੰਦਰਭ 'ਚ ਵੀ ਇਹ ਇਕਬਾਲ ਮਹੱਤਵਪੂਰਨ ਹੈ। ਸਾਲ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਕੂਟਨੀਤਕ ਸਬੰਧ ਬੁਰੀ ਤਰ੍ਹਾਂ ਵਿਗੜੇ ਹੋਏ ਹਨ। ਦੋਵੇਂ ਮੁਲਕ ਆਪੋ-ਆਪਣੇ ਸਫ਼ਾਰਤੀ ਅਮਲੇ ਦੇ ਪੱਧਰ ਨੂੰ ਘੱਟ ਕਰ ਚੁੱਕੇ ਹਨ। ਅਸਥਿਰਤਾ ਦੇ ਸ਼ਿਕਾਰ ਖੇਤਰ ਲਈ ਸ਼ਰੀਫ ਦੀਆਂ ਟਿੱਪਣੀਆਂ ਸੁਲ੍ਹਾ ਤੇ ਚਿੰਤਨ ਦੀ ਇੱਕ ਨਵੀਂ ਖਿੜਕੀ ਖੋਲ੍ਹਦੀਆਂ ਹਨ। ਇਹ ਘਟਨਾਕ੍ਰਮ ਦੋਵਾਂ ਦੇਸ਼ਾਂ ਲਈ ਇਤਿਹਾਸਕ ਵੈਰ-ਵਿਰੋਧ ਨੂੰ ਭੁਲਾਉਣ ਅਤੇ ਆਪਣੀਆਂ ਕੂਟਨੀਤਕ ਰਣਨੀਤੀਆਂ 'ਤੇ ਮੁੜ ਝਾਤ ਮਾਰਨ ਦਾ ਜ਼ਰੀਆ ਬਣਨਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਭਾਰਤ ਤੇ ਪਾਕਿਸਤਾਨ- ਦੋਵੇਂ ਇਸ ਸਮੇਂ ਦਾ ਲਾਹਾ ਲੈਣ, ਜੋ ਭਾਵੇਂ ਨਾਜ਼ੁਕ ਹੈ ਪਰ ਦੋਵਾਂ ਮੁਲਕਾਂ ਨੂੰ ਸੰਵਾਦ ਤੇ ਸ਼ਾਂਤੀਪੂਰਨ ਸਹਿ-ਹੋਂਦ ਦੇ ਰਾਹ ਤਲਾਸ਼ਣੇ ਚਾਹੀਦੇ ਹਨ। ਅਤੀਤ ਦੇ ਗ਼ਲਤ ਕਦਮਾਂ ਨੂੰ ਪਿੱਛੇ ਛੱਡ ਕੇ ਅਤੇ ਵਧੇਰੇ ਸਥਿਰ ਅਤੇ ਸ਼ਾਂਤੀਪੂਰਨ ਭਵਿੱਖ ਦੀ ਸੰਭਾਵਨਾ ਤਲਾਸ਼ ਕੇ ਇਹ ਇਨ੍ਹਾਂ ਲਈ ਆਪਣੇ ਰਿਸ਼ਤਿਆਂ ਦੀ ਨਵੇਂ ਸਿਰਿਓਂ ਵਿਆਖਿਆ ਕਰਨ ਦਾ ਮੌਕਾ ਹੈ।

## Matrimonial

### ਲੜਕੇ ਦੀ ਭਾਲ

Looking for a suitable match for our Canadian Citizen Ramgarhia Sikh daughter 30, 5'-8" beautiful, family oriented, graduated in M.B.A (Canada). The boy must be from the USA or Canada, professionally qualified, good-natured, well settled, and with good family values. Serious enquiries only. Please respond to hunjan.inders@gmail.com with bio-data.


DIABETIC LIMB SALVAGE AND MAJOR AMPUTATION PREVENTION

Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience

HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



Hiring Local & Midwest Drivers and Dedicated Lanes & Owner Operators



NT corp

4800 Vernon Ave, Ste. C, McCook, IL 60525

Ph: 847-562-5860 ext. 1003

Fax: 847-897-2660



Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com www.hampshiretires.com

# ਇੰਡੀਅਨਐਪੋਲਿਸ ਦਾ ਪੰਜਾਬੀ ਮੇਲਾ ਬਨਾਮ 'ਮਾਸੀ ਦੇ ਪਕੌੜੇ'

***ਮੇਲੇ ਵਿੱਚ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ *ਹਰਜੀਤ ਹਰਮਨ ਤੇ ਗੁਲਾਬ ਸਿੱਧੂ ਨੇ ਸਰੋਤਿਆਂ ਦਾ ਮਨੋਰੰਜਨ ਕਰ ਕੇ ਮੇਲਾ ਲੁੱਟਿਆ***

## ਅੱਖੀਂ ਡਿੱਠਾ, ਕੰਨੀਂ ਸੁਣਿਆ

**ਕੁਲਜੀਤ ਦਿਆਲਪੁਰੀ**

ਕੁਝ ਸਫਰ ਸੁਹਾਵਣੇ ਹੁੰਦੇ ਹਨ ਤੇ ਉਨ੍ਹਾਂ ਨਾਲ ਜੁੜੀਆਂ ਘਟਨਾਵਾਂ ਯਾਦ ਬਣ ਜਾਂਦੀਆਂ ਹਨ; ਇਸੇ ਤਰ੍ਹਾਂ ਕੁਝ ਮੇਲੇ ਯਾਦ ਬਣ ਜਾਂਦੇ ਹਨ ਤੇ ਕੁਝ ਘਟਨਾਵਾਂ! ਹਾਲ ਹੀ ਵਿੱਚ ਇੰਡੀਅਨਐਪੋਲਿਸ (ਇੰਡੀਆਨਾ) ਵਿੱਚ ਹੋਏ ਪੰਜਾਬੀ ਮੇਲੇ ਅਤੇ ਮੇਲੇ 'ਤੇ ਜਾਣ ਦਾ ਸਫਰ ਵੀ ਕੁਝ ਅਜਿਹੇ ਹੀ ਅਹਿਸਾਸ ਦਾ ਅਨੁਭਵ ਸੀ। ਮੇਲੇ 'ਤੇ ਪਹੁੰਚਣ ਲਈ ਦਰਸ਼ਨ ਬਸਰਾਓਂ ਦਾ ਸੱਦਾ ਕਈ ਦਿਨ ਪਹਿਲਾਂ ਹੀ ਮਿਲ ਗਿਆ ਸੀ, ਪਰ ਮੇਰੀ ਮਾਤਾ ਦੇ ਹਸਪਤਾਲ ਵਿੱਚ ਜੇਰੇ-ਇਲਾਜ ਹੋਣ ਕਾਰਨ ਮੈਨੂੰ ਅਚਨਚੇਤ ਪੰਜਾਬ ਜਾਣਾ ਪੈ ਗਿਆ ਅਤੇ ਮੇਲੇ 'ਤੇ ਜਾਣ ਦਾ ਕੋਈ ਪੱਕ-ਠੱਕ ਨਹੀਂ ਸੀ। ਵਾਪਸ ਸ਼ਿਕਾਗੋ ਮੁੜਿਆ ਤਾਂ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਗਏ ਨੂੰ ਬਿੰਦਰ ਸੇਖੋਂ ਨੇ ਮੇਲੇ 'ਤੇ ਜਾਣ ਦੀ ਸੁਲ੍ਹਾ ਮਾਰ ਲਈ। ਮੈਂ ਦੋਚਿੱਤੀ ਵਿੱਚ ਪੈ ਗਿਆ। "ਚੱਲ ਦੇਖਦਾਂ, ਮੈਂ ਤਾਂ ਮੱਥਾ ਵੀ ਹਾਲੇ ਟੇਕਿਆ ਨਹੀਂ... ਚਾਹ-ਪਾਣੀ ਤਾਂ ਛਕ ਲਈਏ।" ਕਹਿ ਕੇ ਮੈਂ ਤੁਰ ਪਿਆ।

ਲੰਗਰ ਹਾਲ ਵਿੱਚ ਹਾਲੇ ਚਾਹ ਦਾ ਘੁੱਟ ਹੀ ਭਰਿਆ ਸੀ ਕਿ ਪਾਲ ਧਾਲੀਵਾਲ ਨੇ ਫੋਨ ਖੜਕਾ ਦਿੱਤਾ। ਉਸ ਦੀ ਖਰਵੀਂ ਆਵਾਜ਼ ਮੇਰੇ ਕੰਨਾਂ ਵਿੱਚ ਗੂੰਜੀ, "ਕਿੱਥੇ ਤੂੰ? ਜਾਣਾ ਨ੍ਹੀਂ, ਆਪਾਂ ਲੇਟ ਹੋਈ ਜਾਂਦੇ ਆਂ।" ਮੈਂ ਕਿਹਾ ਕਿ ਪੰਜ ਮਿੰਟ ਤਾਂ ਦੇ, ਬਸ ਆਇਆ। ਉਹ ਹੋਰ ਭੜਕ ਪਿਆ, "ਯਾਰ ਕੀ ਕਰੀ ਜਾਂਦੇ ਤੁਸੀਂ, ਇੱਕ ਏਧਰ ਨੂੰ ਤੁਰ ਪੈਂਦਾ, ਦੂਜਾ ਓਧਰ ਨੂੰ।" ਪਾਲ ਨੇ ਨਾਲ ਹੀ ਮੈਨੂੰ ਤਾਕੀਦ ਕਰ ਦਿੱਤੀ ਕਿ ਪਕੌੜੇ ਤੇ ਚਾਹ ਹੱਥ 'ਚ ਚੁੱਕ ਕੇ ਨਿਕਲ ਆ। ਮੈਂ ਕਾਹਲੀ ਕਾਹਲੀ ਚਾਹ ਦੇ ਸੜੂਕੇ ਮਾਰੇ ਅਤੇ ਮੱਥਾ ਟੇਕ ਕੇ ਕਾਰਸੇਵਾ ਵਾਲੇ ਕਮਰੇ ਵਿੱਚ ਪਹੁੰਚ ਗਿਆ; ਪਰ ਪਾਲ ਤਾਂ ਲਾਮ-ਲਸ਼ਕਰ ਲੈ ਕੇ ਤੁਰਦਾ ਹੋ ਗਿਆ ਸੀ।

ਕੈਪਟਨ ਗੁਰਬਚਨ ਸਿੰਘ ਕਾਰਸੇਵਾ ਵਾਲੇ ਕਮਰੇ ਵਿੱਚ ਬੈਠੇ ਜਗਜੀਤ ਸਿੰਘ ਢੀਂਡਸਾ ਦੀ ਉਡੀਕ ਕਰ ਰਹੇ ਸਨ, ਕਹਿਣ ਲੱਗੇ ਕਿ ਤੂੰ ਸਾਡੇ ਨਾਲ ਚੱਲੀਂ, ਪਾਲ ਨੇ ਤਾਂ ਰਸਤੇ 'ਚੋਂ ਕੋਈ ਸਾਮਾਨ ਖਰੀਦਣਾ ਐ। ਮੈਨੂੰ ਵੱਟ ਚੜ੍ਹ ਗਿਆ ਕਿ ਚੰਗਾ ਬੰਦਾ ਪਾਲ, ਪਹਿਲਾਂ ਤਾਂ ਚਾਹ ਵੀ ਨਹੀਂ ਪੀਣ ਦਿੱਤੀ ਤੇ ਫਿਰ ਉਡੀਕਿਆ ਵੀ ਨਹੀਂ! 'ਸੱਦੀ ਹੋਈ ਮਿੱਤਰਾਂ ਦੀ, ਪੈਰ ਜੁੱਤੀ ਨਾ ਪਾਵਾਂ' ਵਾਂਗ ਕਰੀਬ ਸਾਢੇ ਤਿੰਨ ਘੰਟੇ ਦਾ ਕਾਰ ਸਫਰ ਕਰ ਕੇ ਪਾਲ ਨੂੰ ਮੇਲੇ ਪਹੁੰਚਣ ਦੀ ਕਾਹਲੀ ਸੀ। ਅਸੀਂ ਮਜ਼ਾਕ ਕਰਨ ਲੱਗ ਪਏ ਕਿ ਉਹਨੇ ਤਾਂ ਸਾਨੂੰ ਚਾਹ ਨਾਲ ਪਕੌੜੇ ਵੀ ਚੱਜ ਨਾਲ ਖਾਣ ਨਹੀਂ ਦਿੱਤੇ।

ਖੈਰ, ਜਗਜੀਤ ਸਿੰਘ ਢੀਂਡਸਾ ਆਏ ਤਾਂ ਕੁਝ ਮਿੰਟਾਂ 'ਚ ਹੀ ਅਸੀਂ ਇੰਡੀਅਨਐਪੋਲਿਸ ਲਈ ਤੁਰ ਪਏ। ਕਿਣ-ਮਿਣ ਪਿੱਛੋਂ ਭਰਵਾਂ ਮੀਂਹ ਪੈਣ ਲੱਗ ਪਿਆ ਸੀ। ਰਸਤੇ 'ਚ ਪਾਲ ਨੂੰ ਫੋਨ ਕੀਤਾ ਕਿ ਕਿੱਥੇ ਪਹੁੰਚ ਗਏ ਤਾਂ ਪਤਾ ਲੱਗ ਕਿ ਉਨ੍ਹਾਂ ਦਾ ਟੋਲਾ ਸਾਥੋਂ ਅੱਧੇ ਕੁ ਘੰਟੇ ਦੇ ਸਫਰ ਦੀ ਵਿੱਥ 'ਤੇ ਹੈ। ਮੀਂਹ ਰੁਕ ਗਿਆ ਤਾਂ ਜਗਜੀਤ ਸਿੰਘ ਢੀਂਡਸਾ ਨੇ ਕਾਰ ਦੀ ਰੇਸ ਹੋਰ ਨੱਪ ਦਿੱਤੀ। ਇੰਨੇ ਨੂੰ ਕਾਉਂਕਿਆਂ ਵਾਲੇ ਇੰਦਰਜੀਤ ਸਿੰਘ ਸੇਖੋਂ ਦਾ ਸੁਨੇਹਾ ਆ ਗਿਆ ਕਿ ਮੇਲੇ ਜਾਣ ਤੋਂ ਪਹਿਲਾਂ ਮਾਸੀ ਦੇ ਘਰ ਜਾਣਾ ਹੈ। ਚਾਹ-ਪਾਣੀ ਉਹਦੀ ਮਾਸੀ ਦੇ ਘਰ ਛਕ ਕੇ ਮੇਲੇ ਪਹੁੰਚਣ ਦਾ ਪ੍ਰੋਗਰਾਮ ਤੈਅ ਹੋ ਗਿਆ।

ਹੁਣ ਇੱਕ ਫੋਨ ਦਾ ਨੈਵੀਗੇਸ਼ਨ ਮੇਲੇ ਦੀ ਵਾਟ ਕੱਢਦਾ ਜਾ ਰਿਹਾ ਸੀ, ਪਰ ਨਾਲ ਹੀ ਕੈਪਟਨ ਦੇ ਫੋਨ ਦੀ 'ਗੂਗਲ ਨੈਵੀਗੇਸ਼ਨ ਮਾਸੀ' ਇੰਦਰਜੀਤ ਦੀ ਮਾਸੀ ਦੇ ਘਰ ਦਾ ਪਤਾ ਦੱਸਣ ਲੱਗ ਪਈ। ਰਸਤੇ ਵਿੱਚ ਗੱਲਾਂਬਾਤਾਂ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਨਾਲ ਦੀ ਨਾਲ ਇੰਦਰਜੀਤ ਦੀ 'ਮਾਸੀ ਦੇ ਘਰ ਤਲ਼ੇ ਜਾ ਰਹੇ ਪਕੌੜਿਆਂ ਦੀ ਮਹਿਕ' ਸਾਡੇ ਨੱਕਾਂ ਨੂੰ ਚੜ੍ਹਨ ਲੱਗੀ। ਮੀਂਹ ਵਾਲੇ ਮੌਸਮ ਵਿੱਚ ਗੁਰਦੁਆਰੇ ਵਿੱਚ ਛੁਟ ਗਏ ਪਕੌੜਿਆਂ ਤੇ ਮਾਸੀ ਦੇ ਪਕੌੜਿਆਂ ਦੀ ਗੱਲਾਂ ਕਰ ਕਰ ਅਸੀਂ ਵਿਅੰਗਮਈ ਠਹਾਕੇ ਮਾਰ ਮਾਰ ਸਵਾਦ ਲੈਣ ਲੱਗ ਪਏ ਕਿ 'ਲੈ ਬਈ ਹੁਣ ਤਾਂ ਮਾਸੀ ਦੇ ਘਰ ਜਾ ਕੇ ਹੀ ਪਕੌੜਿਆਂ ਦੀ ਤਹਿ ਲਾਵਾਂਗੇ।' ਜੋਧ ਸਿੱਧੂ ਆਪਣਾ ਟਰੱਕ ਭਜਾਈ ਪਿੱਛੇ ਪਿੱਛੇ ਹੀ ਆ ਰਿਹਾ ਸੀ। ਉਸ ਨੂੰ ਵੀ 'ਮਾਸੀ ਦੇ ਘਰ ਪਕੌੜੇ ਖਾਣ' ਦੀ ਸੁਲ੍ਹਾ ਮਾਰੀ, ਪਰ ਉਸ ਨੇ ਲੋਡ ਚੁੱਕਿਆ ਹੋਇਆ ਸੀ ਤੇ ਮੇਲੇ ਤੋਂ ਥੋੜ੍ਹੀ ਦੂਰ ਟਰੱਕ ਪਾਰਕ ਕਰਨਾ ਸੀ।

ਹਾਲੇ ਕੁਝ ਸਮਾਂ ਪਹਿਲਾਂ ਹੀ ਜ਼ਿੰਦਗੀ ਦੇ ਤਜ਼ਰਬੇ ਸਾਂਝੇ ਕਰਦਿਆਂ ਜਗਜੀਤ ਸਿੰਘ ਢੀਂਡਸਾ ਨੇ 'ਪੇਂਡੂ ਜੀਵਨ ਨਾਲ ਜੁੜੀ ਇੱਕ ਗੱਲ' ਸਾਂਝੀ ਕਰਦਿਆਂ ਕਿਹਾ ਸੀ ਕਿ ਕਈ ਵਾਰ ਇੱਕ ਗਲਤੀ ਨਾਲ ਬੜਾ ਕੁਝ ਬਦਲ ਜਾਂਦਾ ਹੈ। ਗੱਲਾਂ ਕਰਦਿਆਂ ਬੇਧਿਆਨੇ ਵਿੱਚ ਸਾਡੇ ਤੋਂ ਵੀ ਗਲਤੀ ਹੋ ਗਈ ਸੀ। ਆਪਣੀ ਸਟੇਟ ਤੋਂ ਦੂਜੀ ਸਟੇਟ ਨੂੰ ਜਾਂਦੇ ਜਾਂਦੇ ਅਸੀਂ ਇੱਕ ਐਗਜ਼ਿਟ ਗਲਤ ਲੈ ਲਿਆ। ਨੈਵੀਗੇਸ਼ਨ ਨੇ 'ਮਾਸੀ ਦੇ ਘਰ' ਦੇ ਜਿਸ ਰਾਹ ਸਾਨੂੰ ਪਾਇਆ, ਉਹ ਕਿਧਰੇ ਹੋਰ ਹੀ ਲੈ ਗਿਆ। ਜਦ ਅਸੀਂ ਪਹੁੰਚੇ ਤਾਂ ਅਹਿਸਾਸ ਹੋ ਗਿਆ ਕਿ ਅਸੀਂ ਕਰੀਬ 17 ਮੀਲ ਦੂਰ ਗਲਤ ਪਤੇ 'ਤੇ ਪਹੁੰਚ ਗਏ ਹਾਂ। ਸਾਡਾ ਪੈਂਡਾ ਵਧ ਗਿਆ ਸੀ ਤੇ ਭੁੱਖ ਵੀ ਵਧ ਗਈ ਸੀ; ਉਤੋਂ 'ਮਾਸੀ ਦੇ ਪਕੌੜੇ' ਵੀ ਠੰਢੇ ਹੁੰਦੇ ਜਾ ਰਹੇ ਸਨ!

ਖੈਰ! ਪਕੌੜਿਆਂ ਦਾ ਲਾਲਚ ਛੱਡ ਕੇ ਮੇਲੇ ਵਾਲੀ ਥਾਂ ਹੀ ਮਿਲਣ ਦਾ ਤੈਅ ਹੋਇਆ। ਉਥੇ ਪਹੁੰਚੇ ਤਾਂ ਕਾਰਾਂ ਪਾਰਕ ਕਰਨ ਲਈ ਕਰੀਬ ਅੱਧਾ ਮੀਲ ਲੰਮੀ ਲਾਈਨ ਲੱਗੀ ਹੋਈ ਸੀ। ਭੁੱਖੇ ਨੂੰ ਪੁੱਛਿਆ ਕਿ 'ਦੋ ਅਤੇ ਦੋ ਕਿੰਨੇ ਹੁੰਦੇ ਹਨ?' ਕਹਿੰਦਾ, 'ਚਾਰ ਰੋਟੀਆਂ।' ਬਸ ਅਜਿਹਾ ਹੀ ਹਾਲ ਸਾਡਾ ਸੀ। ਸੋਚਿਆ ਸੀ ਕਿ 'ਮਾਸੀ ਦੇ ਪਕੌੜੇ' ਤਾਂ ਚਲੋ ਸਾਡੇ ਨਸੀਬ ਵਿੱਚ ਨਹੀਂ, ਮੇਲੇ 'ਤੇ ਪਹੁੰਚ ਕੇ ਹੀ ਢਿੱਡ ਨੂੰ ਝੁਲਕਾ ਦੇ ਲਵਾਂਗੇ; ਕਿਉਂਕਿ ਰਸਤੇ ਵਿੱਚ ਅਸੀਂ ਕੌਫੀ ਵਗੈਰਾ ਇਸ ਕਰਕੇ ਨਹੀਂ ਸੀ ਲਈ ਕਿ 'ਮਾਸੀ ਦੇ ਘਰ' ਚਾਹ ਨਾਲ ਪਕੌੜੇ ਖਾਵਾਂਗੇ। ਮਾੜੀ ਕਿਸਮਤ ਕਿ ਸਾਨੂੰ ਕਾਰ ਪਾਰਕ ਕਰਨ ਲਈ ਕਰੀਬ ਇੱਕ ਘੰਟਾ ਲੱਗ ਗਿਆ। ਸ਼ਿਕਾਗੋ ਤੋਂ ਕਰੀਬ ਦੁਪਹਿਰ ਬਾਰਾਂ ਵਜੇ ਦੇ ਤੁਰੇ ਅਸੀਂ ਕਾਰ ਪਾਰਕਿੰਗ ਵਿੱਚ ਛੇ ਕੁ ਵਜੇ ਦਾਖਲ ਹੋਏ। ਪੁਲਿਸ ਵਾਲੇ ਆਪਣੀ ਡਿਊਟੀ ਨਿਭਾਅ ਰਹੇ ਸਨ, ਪਰ ਕਾਰਾਂ ਪਾਰਕ ਕਰਨ ਲਈ ਥਾਂ ਥੋੜ੍ਹੀ ਪੈ ਗਈ। ਕਈਆਂ ਨੂੰ ਮੇਲਾ ਦੇਖੇ ਤੋਂ ਬਿਨਾ ਹੀ ਮੁੜਨਾ ਪਿਆ।

ਲੰਗਰ-ਪਾਣੀ ਦਾ ਪਤਾ ਕੀਤਾ ਤਾਂ ਦੱਸਿਆ ਗਿਆ ਕਿ ਪਿਛਲੇ ਸ਼ੈੱਡ ਵਿੱਚ ਫੂਡ ਸਟਾਲ ਲੱਗੇ ਹਨ, ਖਰੀਦੋ ਤੇ ਖਾਓ। ਸਾਡੀ ਟੋਲੀ ਦੇ ਚਾਰਾਂ ਜਣਿਆਂ- ਬਾਈ ਢੀਂਡਸਾ, ਕੈਪਟਨ, ਜਸਵੀਰ ਦਿਓਲ ਤੇ ਮੈਂ ਪਹਿਲਾਂ ਜਾਂਦਿਆਂ ਹੀ ਗੰਨੇ ਦਾ ਰਸ ਪੀਤਾ। ਬਾਅਦ ਵਿੱਚ ਜਗਜੀਤ ਢੀਂਡਸਾ ਨੇ ਫੂਡ ਆਰਡਰ ਕਰ ਦਿੱਤਾ। ਖਾ-ਪੀ ਕੇ ਅਸੀਂ ਤ੍ਰਿਪਤ ਹੋ ਗਏ। ਇੰਨੇ ਨੂੰ ਸਾਡੀ ਦੂਜੀ ਟੋਲੀ ਆਣ ਪਹੁੰਚੀ। ਜੋਧ ਸਿੱਧੂ ਨੂੰ ਉਨ੍ਹਾਂ ਨੇ ਟਰੱਕ ਵਾਲੀ ਥਾਂ ਤੋਂ ਚੁੱਕ ਲਿਆ ਸੀ। ਫੂਡ ਸਬੰਧੀ ਪ੍ਰਬੰਧਾਂ ਦਾ ਦੇਖ/ਸੁਣ ਕੇ ਸਾਡੀਆਂ ਦੋਹਾਂ ਟੋਲੀਆਂ ਨੂੰ ਸ਼ਿਕਾਗੋ ਦੇ ਮੇਲਿਆਂ ਦੀ ਯਾਦ ਆ ਗਈ ਅਤੇ ਨਾਲ ਹੀ ਸਾਰਿਆਂ ਨੂੰ ਇੰਦਰਜੀਤ ਦੀ 'ਮਾਸੀ ਦੇ ਪਕੌੜੇ' ਵੀ ਯਾਦ ਆ ਗਏ। ਜਿਹੜੇ ਚਾਹ ਨਾਲ ਪਕੌੜੇ ਤੇ ਬਰਫੀ ਛਕ ਆਏ ਸਨ, ਉਹ ਸਾਡੀ ਟੋਲੀ ਨੂੰ ਝੇਡਾਂ ਕਰਨੋਂ ਬਾਜ ਨਹੀਂ ਸਨ ਆ ਰਹੇ। ਸਾਰੇ ਮੇਲੇ ਵਿੱਚ ਅਤੇ ਵਾਪਸੀ ਸਮੇਂ ਰਸਤੇ 'ਚ ਵੀ ਪਕੌੜਿਆਂ ਦਾ ਕਿੱਸਾ ਤਲ਼ ਹੁੰਦਾ ਰਿਹਾ; ਕਾਰਨ ਇਹ ਵੀ ਸੀ ਕਿ ਕਈਆਂ ਦੀ ਉਦੋਂ ਤੱਕ ਅੱਖ ਖੜ੍ਹੀ ਹੋ ਚੁਕੀ ਹੋਈ ਸੀ ਤੇ ਮਜ਼ਾਹੀਆ ਮਾਹੌਲ ਸਿਖਰ 'ਤੇ ਸੀ। ਅਖੀਰ ਕਿਸਮਤ ਵਿੱਚ ਲਿਖੇ ਦਾਣੇ-ਪਾਣੀ ਦਾ ਵਿਚਾਰ ਕੇ ਮਸਲਾ ਠੰਡੇ ਬਸਤੇ ਪਿਆ।

ਦੂਜੇ ਪਾਸੇ ਮੈਰੀਆਨ ਕਾਊਂਟੀ ਫੇਅਰਗਰਾਊਂਡਜ਼ ਵਿਖੇ ਕਰਵਾਇਆ ਗਿਆ 'ਪੰਜਾਬੀ ਮੇਲਾ' ਪੂਰਾ ਭਖਿਆ ਹੋਇਆ ਸੀ। ਇੰਡੀਆਨਾ ਦੇ ਵੱਖ ਵੱਖ ਸ਼ਹਿਰਾਂ ਤੋਂ ਇਲਾਵਾ ਸ਼ਿਕਾਗੋ, ਵਿਸਕਾਨਸਿਨ, ਮਿਸ਼ੀਗਨ ਤੇ ਓਹਾਇਓ ਤੋਂ ਲੋਕ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਹੋਣ ਕਾਰਨ ਮੇਲਾ ਖੂਬ ਭਰਿਆ ਹੋਇਆ ਸੀ। ਪਹਿਲਾਂ ਮੇਲਾ ਬਾਹਰ ਖੁੱਲ੍ਹੇ ਮੈਦਾਨ ਵਿੱਚ ਜੁੜਨਾ ਸੀ, ਪਰ ਮੌਸਮ ਦੀ ਖਰਾਬੀ ਕਾਰਨ ਮੇਲੇ ਦਾ ਪ੍ਰਬੰਧ ਸਟੇਡੀਅਮ ਵਿੱਚ ਕਰਨਾ ਪਿਆ। ਸੋ, ਪ੍ਰਬੰਧਕਾਂ ਨੇ ਇਨਡੋਰ ਸਟੇਡੀਅਮ ਵਿੱਚ ਅਖਾੜਾ ਗੱਡ ਲਿਆ ਸੀ, ਪਰ ਇਹ ਗੱਲ ਵੱਖਰੀ ਕਿ ਇਸ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤਰੱਦਦ ਕਰਨੇ ਪਏ।

ਗਾਇਕ ਵਾਰੋ ਵਾਰੀ ਆਪਣੀ ਗਾਇਕੀ ਦਾ ਮੁਜਾਹਰਾ ਕਰਦੇ ਰਹੇ, ਜਦਕਿ ਹਰਜੀਤ ਹਰਮਨ ਤੇ ਗੁਲਾਬ ਸਿੱਧੂ ਨੇ ਮੇਲਾ ਲੁੱਟ ਲਿਆ। ਰੇਡੀਓ ਚੰਨ ਪਰਦਸੀ ਦੇ ਸਰਵਣ ਸਿੰਘ ਟਿਵਾਣਾ ਸਮੇਤ ਕੁਝ ਲੋਕ ਹਰਜੀਤ ਹਰਮਨ ਦੀ ਗਾਇਕੀ ਦੇ ਦੀਵਾਨੇ ਸਨ, ਜਦਕਿ ਨਵੀਂ ਉਮਰ ਦੇ ਸਰੋਤੇ ਗੁਲਾਬ ਸਿੱਧੂ ਤੋਂ ਪ੍ਰਭਾਵਿਤ ਸਨ। ਗੁਲਾਬ ਸਿੱਧੂ ਜਦੋਂ ਆਪਣੇ ਹਿੱਟ ਗੀਤ ਗਾਉਣ ਪਿੱਛੋਂ ਹੋਰ ਗਾਇਕਾਂ ਦੇ ਗੀਤ ਗਾਉਣ ਲੱਗਾ ਤਾਂ ਇੱਕ ਸੱਜਣ ਨੇ ਕਿਹਾ, ਲੱਗਦਾ ਇਹਦੇ ਕੋਲ ਆਪਣਾ ਮਸਾਲਾ ਮੁੱਕ ਗਿਆ। ਇਸ ਤੋਂ ਪਹਿਲਾਂ ਰਾਜ ਕਾਕੜਾ ਤੇ ਗਾਇਕਾ ਹਰਮਨ ਦੀਪ ਨੇ ਵੀ ਗੀਤ ਪੇਸ਼ ਕੀਤੇ। ਸਟੇਜ ਦੇ ਮੂਹਰੇ ਭੰਗੜਚੀਆਂ ਦੀ ਇੱਕ ਟੋਲੀ ਭੰਗੜਾ ਪਾ ਰਹੀ ਸੀ, ਜਦਕਿ ਤਰਾਰੇ ਵਿੱਚ ਆਏ ਕੁਝ ਸੱਜਣ ਡਾਲਰਾਂ ਦੇ ਵਾਰਨੇ ਕਰਨ ਤੋਂ ਪਿੱਛੇ ਨਹੀਂ ਸਨ ਹਟ ਰਹੇ।



ਗਾਇਕ ਹਰਜੀਤ ਹਰਮਨ ਸਰੋਤਿਆਂ/ਦਰਸ਼ਕਾਂ ਦੇ ਭਰੇ ਇਕੱਠ ਦਾ ਮਨੋਰੰਜਨ ਕਰਦਾ ਹੋਇਆ

ਇੱਕ ਵੱਖਰੇ ਹਾਲ ਵਿੱਚ ਖਰੀਦੋ-ਫਰੋਖਤ ਦੇ ਸਟਾਲ ਲੱਗੇ ਹੋਏ ਸਨ। ਦੋ ਢਾਣੀਆਂ ਵਿੱਚ ਬੈਠੇ ਕੁਝ ਲੋਕ ਤਾਸ਼ ਦੀ ਬਾਜ਼ੀ ਲਾ ਰਹੇ ਸਨ। ਕੁੜਤੇ-ਪਜਾਮਿਆਂ ਅਤੇ ਡੱਬੀਆਂ ਵਾਲੇ ਪਰਨੇ ਬੰਨ੍ਹੀ ਕੁਝ ਲੋਕ ਆਪਣੀ ਹੀ ਮੌਜ ਵਿੱਚ ਸਨ। ਮੇਲੇ ਦੌਰਾਨ ਵਾਲੀਬਾਲ ਤੇ ਫੁੱਟਬਾਲ ਸਮੇਤ ਕੁਝ ਹੋਰ ਖੇਡਾਂ ਦੇ ਸ਼ੋਅ ਮੈਚ ਵੀ ਕਰਵਾਏ ਗਏ। ਰੱਸਾਕਸ਼ੀ ਦਾ ਮੁਕਾਬਲਾ ਦਿਲਚਸਪ ਸੀ, ਜੋ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ। ਚਸ਼ਮਦੀਦਾਂ ਅਨੁਸਾਰ ਇਉਂ ਲੱਗ ਰਿਹਾ ਸੀ, ਜਿਵੇਂ ਜ਼ੋਰ ਰੱਸਾ ਖਿੱਚਣ ਵਾਲਿਆਂ ਦਾ ਘੱਟ, ਪਰ ਦੇਖਣ ਵਾਲਿਆਂ ਦਾ ਵੱਧ ਲੱਗ ਰਿਹਾ ਹੋਵੇ। ਸਮਰਾ ਬ੍ਰਦਰਜ਼ ਵੱਲੋਂ ਤਿਆਰ ਕੀਤੀ ਟੀਮ ਪੂਰਾ ਜੌਹਰ ਦਿਖਾ ਰਹੀ ਸੀ। ਸੁਖਦੇਵ ਸਿੰਘ ਸਮਰਾ ਨੇ ਦੱਸਿਆ ਕਿ ਇਹ ਇੱਕ ਪੰਜਾਬੀ ਮੇਲਾ ਸੀ, ਪਰ ਇਸ ਦੌਰਾਨ ਖੇਡਾਂ ਦੇ ਮੁਕਾਬਲੇ ਮਨਪ੍ਰਚਾਵੇ ਲਈ ਹੀ ਕਰਵਾਏ ਗਏ ਸਨ।

ਮੇਲੇ ਵਿੱਚ ਮੁੰਡਿਆਂ ਦੀਆਂ ਦੋ ਟੋਲੀਆਂ ਟਰੈਕਟਰਾਂ 'ਤੇ ਚੜ੍ਹ ਕੇ ਮੇਲਾ ਵੇਖਣ ਪਹੁੰਚੀਆਂ ਹੋਈਆਂ ਸਨ। ਇਕੱਲੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ











ਰਾਜ ਕਾਕੜਾ, ਗੁਲਾਬ ਸਿੱਧੂ ਤੇ ਹਰਮਨ ਦੀਪ ਗੀਤ ਪੇਸ਼ ਕਰਦੇ ਹੋਏ
(ਤਸਵੀਰਾਂ: ਕੁਮਾਰ ਫੋਟੋਗ੍ਰਾਫੀ, ਇੰਡੀਆਨਾ। ਫੋਨ: 260-704-0576)





# ਮੈਮੋਰੀਅਲ ਡੇਅ ਮੌਕੇ ਸਿੱਖ ਸੈਨਿਕਾਂ ਦੀ ਕੁਰਬਾਨੀ ਨੂੰ ਸਜਦਾ



**ਸ਼ਿਕਾਗੋ:** ਮੈਮੋਰੀਅਲ ਡੇਅ ਉਹ ਦਿਨ ਹੈ, ਜਦੋਂ ਅਸੀਂ ਉਨ੍ਹਾਂ ਸੈਨਿਕਾਂ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਨੇ ਉਸ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਜਿਸ ਦਾ ਅਸੀਂ ਨਾ ਸਿਰਫ਼ ਅਮਰੀਕਾ ਵਿੱਚ ਹੀ ਸਗੋਂ ਦੁਨੀਆ ਭਰ ਵਿੱਚ ਆਨੰਦ ਮਾਣ ਰਹੇ ਹਾਂ। ਨਿਊ ਯਾਰਕ ਇਸਦੇ ਸਾਲਾਨਾ ਭਾਈਚਾਰਿਆਂ ਦੇ ਵਿਆਪਕ ਸਮਾਰੋਹਾਂ ਲਈ ਮੈਮੋਰੀਅਲ ਡੇਅ ਦਾ ਜਨਮ ਸਥਾਨ ਹੈ। 1971 ਵਿੱਚ ਸ਼ੁਰੂ ਹੋਇਆ ਮੈਮੋਰੀਅਲ ਡੇਅ ਸੋਮਵਾਰ ਨੂੰ ਮੰਨੀ ਜਾਣ ਵਾਲੀ ਫਲੋਟਿੰਗ ਸੰਘੀ ਛੁੱਟੀਆਂ ਵਿੱਚੋਂ ਇੱਕ ਬਣ ਗਿਆ ਹੈ। ਇਹ ਯਾਦਗਾਰੀ ਦਿਨ ਮਈ ਦੇ ਆਖਰੀ ਸੋਮਵਾਰ ਨੂੰ ਮਨਾਇਆ ਜਾਂਦਾ ਹੈ।

ਇਸ ਆਜ਼ਾਦ ਸੰਸਾਰ ਵਿੱਚ ਸਿੱਖਾਂ ਨੇ ਬਰਤਾਨਵੀ ਭਾਰਤ ਅਧੀਨ ਦੋਵੇਂ ਵਿਸ਼ਵ ਯੁੱਧਾਂ ਵਿੱਚ ਵੱਡਾ ਯੋਗਦਾਨ ਪਾਇਆ ਹੈ। ਦੁੱਖ ਦੀ ਗੱਲ ਹੈ ਕਿ ਬਹੁਤੇ ਸਿੱਖ ਇਸ ਆਜ਼ਾਦ ਸੰਸਾਰ ਲਈ ਆਪਣੀਆਂ ਜਾਨਾਂ ਵਾਰਨ ਵਾਲਿਆਂ ਨੂੰ ਯਾਦ ਨਹੀਂ ਕਰਦੇ। ਵਿਸ਼ਵ ਯੁੱਧਾਂ ਵਿੱਚ ਸਿੱਖਾਂ ਦਾ ਯੋਗਦਾਨ ਇਤਿਹਾਸ ਦੀਆਂ ਜ਼ਿਆਦਾਤਰ ਕਿਤਾਬਾਂ ਵਿੱਚ ਇੱਕ ਫੁੱਟ ਨੋਟ ਹੈ। ਇਸਦੇ ਕਈ ਕਾਰਨ ਹੋ ਸਕਦੇ ਹਨ, ਪਰ ਕਿਉਂਕਿ ਸਿੱਖ ਹੁਣ ਮੂਲ ਰੂਪ ਵਿੱਚ ਸਾਰੇ ਵੱਡੇ ਦੇਸ਼ਾਂ ਵਿੱਚ ਰਹਿ ਰਹੇ ਹਨ। ਅਮਰੀਕੀ ਸਿੱਖ ਭਾਈਚਾਰੇ ਨੇ ਇਲੀਨਾਏ ਸਟੇਟ ਦੇ ਸ਼ਿਕਾਗੋ, ਸ਼ਾਮਬਰਗ, ਇਟਾਸਕਾ ਅਤੇ ਨੇਪਰਵਿਲ ਵਿੱਚ 2013 ਤੋਂ ਵਿਸ਼ਵ ਯੁੱਧਾਂ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਯਾਦਗਾਰ ਦਿਵਸ ਦਾ ਹਿੱਸਾ ਬਣਨ ਦੀ ਅਗਵਾਈ ਕੀਤੀ ਹੈ।

ਇਸ ਯਾਦਗਾਰੀ ਦਿਵਸ ਦੇ ਹਫਤੇ ਦੇ ਅੰਤ ਵਿੱਚ ਸ਼ਿਕਾਗੋ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਆਏ ਹੋਏ ਸਨ। ਸਰਵਣ ਸਿੰਘ ਬੋਲੀਨਾ ਉਨ੍ਹਾਂ ਪ੍ਰੋਜੈਕਟਾਂ ਦੇ ਮੋਢੀ ਰਹੇ ਹਨ, ਜਿਸ ਦਾ ਮਕਸਦ ਵਿਸ਼ਵ ਯੁੱਧ ਦੌਰਾਨ ਸਿੱਖ ਇਤਿਹਾਸ ਨੂੰ ਸਾਡੇ ਗੁਆਂਢੀਆਂ, ਸਹਿਕਰਮੀਆਂ, ਦੋਸਤਾਂ ਅਤੇ ਨਵੀਂ ਪੀੜ੍ਹੀ ਤੇ ਆਉਣ ਵਾਲੀ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਸਾਹਮਣੇ ਲਿਆਉਣਾ ਹੈ। ਸ. ਬੋਲੀਨਾ ਨੇ ਕਿਹਾ ਕਿ ਇਸ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਇੱਕ ਸਨਮਾਨ ਦੀ ਗੱਲ ਸੀ ਅਤੇ ਦੋਵਾਂ ਵਿਸ਼ਵ ਯੁੱਧਾਂ ਵਿੱਚ ਸੇਵਾ ਕਰਨ ਵਾਲੇ ਸਾਡੇ ਨਾਇਕਾਂ ਨੂੰ ਯਾਦ ਕਰਨ ਦੇ ਵਿਸ਼ੇ 'ਤੇ ਚਰਚਾ ਕੀਤੀ ਗਈ। ਵਿਸਥਾਰ ਵਿੱਚ ਚਰਚਾ ਇਹ ਸੀ ਕਿ ਸ਼ਿਕਾਗੋ ਵਿੱਚ ਸਿੱਖ ਬਰਤਾਨਵੀ ਇਤਿਹਾਸਕਾਰਾਂ, ਫੌਜੀ ਜਨਰਲਾਂ ਅਤੇ ਪ੍ਰਧਾਨ ਮੰਤਰੀ ਚਰਚਿਲ ਵਿੰਡਸਰ ਸਮੇਤ ਸਾਡੇ ਪੂਰਵਜਾਂ ਦੇ ਮਾਣ ਨੂੰ ਦਰਸਾਉਂਦੇ ਹੋਏ ਯਾਦਗਾਰੀ ਦਿਵਸ ਪਰੇਡ ਵਿੱਚ ਹਿੱਸਾ ਲੈ ਰਹੇ ਹਨ, ਜਿਨ੍ਹਾਂ ਨੇ ਇਸ ਆਜ਼ਾਦ ਸੰਸਾਰ ਲਈ ਆਪਣੀਆਂ ਜਾਨਾਂ ਦਿੱਤੀਆਂ ਸਨ।

ਗੁਲਜ਼ਾਰ ਸਿੰਘ ਮੁਲਤਾਨੀ ਵੱਲੋਂ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਦੌਰਾਨ ਇਹ ਵੱਡੇ ਪੋਸਟਰ ਮੀਟਿੰਗ ਦਾ ਹਿੱਸਾ ਸਨ ਅਤੇ ਚਰਚਾ ਵੀ ਜਾਰੀ ਸੀ। ਗੁਲਜ਼ਾਰ ਸਿੰਘ ਮੁਲਤਾਨੀ ਉਨ੍ਹਾਂ ਕਮਿਊਨਿਟੀ ਮੈਂਬਰਾਂ ਵਿੱਚੋਂ ਇੱਕ ਹਨ, ਜੋ ਸ਼ਿਕਾਗੋ ਵਿੱਚ ਮੈਮੋਰੀਅਲ ਡੇਅ ਪਰੇਡ ਲਈ ਫਲੋਟ ਨੂੰ ਸਪਾਂਸਰ ਕਰਦੇ ਰਹਿੰਦੇ ਹਨ। ਸ਼ਿਕਾਗੋਲੈਂਡ ਵਿੱਚ ਅਮਰੀਕਨ ਸਿੱਖ ਕਮਿਊਨਿਟੀ ਦੀ ਤਰਫੋਂ ਗੁਲਜ਼ਾਰ ਸਿੰਘ ਮੁਲਤਾਨੀ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁੱਕ ਕੇ ਲੈ ਜਾਣ ਵਾਲੇ ਸਿੱਖਾਂ ਦਾ ਇੱਕ ਪੋਸਟਰ ਜਥੇਦਾਰ ਹਰਪ੍ਰੀਤ ਸਿੰਘ ਨੂੰ ਭੇਟ ਕੀਤਾ। ਇਸ ਮੌਕੇ ਸਰਵਣ ਸਿੰਘ ਬੋਲੀਨਾ, ਬਾਬਾ ਦਲਜੀਤ ਸਿੰਘ ਅਤੇ ਠਾਕਰ ਸਿੰਘ ਬਸਾਤੀ ਵੀ ਹਾਜ਼ਰ ਸਨ। ਸਿੱਖ ਸੈਨਿਕਾਂ ਨਾਲ ਸਬੰਧਤ ਹੋਰ ਪੋਸਟਰ AmericanSikhCommunity.com 'ਤੇ ਦੇਖੇ ਜਾ ਸਕਦੇ ਹਨ।

ਜ਼ਿਕਰਯੋਗ ਹੈ ਕਿ ਦੋਵਾਂ ਵਿਸ਼ਵ ਯੁੱਧਾਂ ਵਿੱਚ ਸਿੱਖਾਂ ਨੇ ਮੁੱਖ ਭੂਮਿਕਾ ਨਿਭਾਈ ਸੀ। ਹਰੇਕ ਪੋਸਟਰ ਵਿੱਚ ਬ੍ਰਿਟਿਸ਼ ਇਤਿਹਾਸਕਾਰਾਂ, ਬ੍ਰਿਟਿਸ਼ ਫੌਜ ਦੇ ਅਧਿਕਾਰੀਆਂ ਅਤੇ ਪ੍ਰਧਾਨ ਮੰਤਰੀ ਵਿੰਡਸਰ ਚਰਚਿਲ ਦੁਆਰਾ ਵੱਖ-ਵੱਖ ਕਿਤਾਬਾਂ ਤੇ ਭਾਸ਼ਣਾਂ ਵਿੱਚੋਂ ਸਿੱਖਾਂ ਬਾਰੇ ਹਵਾਲੇ ਹਨ। ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ ਕਿ ਯੁੱਧ ਖੇਤਰ ਦੌਰਾਨ ਸਾਡੇ ਪੁਰਖਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾਲ ਰੱਖਣਾ ਤੇ ਲੈ ਕੇ ਜਾਣਾ ਕਿੰਨਾ ਮੁਸ਼ਕਲ ਹੋਵੇਗਾ ਅਤੇ ਜੰਗਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਰਨੀ ਕਿੰਨੀ ਔਖੀ ਹੋਵੇਗੀ? ਇਹ ਤਸਵੀਰ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਦੋਵਾਂ ਵਿਸ਼ਵ ਯੁੱਧਾਂ ਦੌਰਾਨ ਸਾਡੇ ਪੂਰਵਜਾਂ ਦੇ ਯੋਗਦਾਨ ਬਾਰੇ ਦੂਜਿਆਂ ਨੂੰ ਸਿੱਖਿਅਤ ਕਰਨਾ ਸਾਡੀ ਜ਼ਿੰਮੇਵਾਰੀ ਹੈ। ਸ਼ਿਕਾਗੋ ਦੀ ਸਿੱਖ ਸੰਗਤ 2013 ਤੋਂ ਯਾਦਗਾਰੀ ਦਿਵਸ ਪਰੇਡਾਂ ਵਿੱਚ ਹਿੱਸਾ ਲੈ ਕੇ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ।

## ਪੰਜਾਬੀ ਮੇਲਾ...

ਮਰਦ ਮੇਲੀ ਹੀ ਨਹੀਂ, ਸਗੋਂ ਬੀਬੀਆਂ, ਬਜ਼ੁਰਗ ਤੇ ਬੱਚੇ ਵੀ ਹੁੰਮਹੁਮਾ ਕੇ ਪਹੁੰਚੇ ਹੋਏ ਸਨ। ਬਿਨਾ ਸ਼ੱਕ ਮੇਲਾ ਖੂਬ ਭਰਿਆ ਹੋਇਆ ਸੀ ਅਤੇ ਅਮਰੀਕਾ ਦੇ ਇੰਡੀਅਨਐਪੋਲਿਸ ਵਿੱਚ 'ਜਰਗ ਦੇ ਮੇਲੇ' ਦਾ ਭੁਲੇਖਾ ਪੈ ਰਿਹਾ ਸੀ। ਇੱਕ ਪ੍ਰਬੰਧਕ ਦਰਸ਼ਨ ਬਸਰਾਓਂ ਅਨੁਸਾਰ ਮੇਲਾ ਆਸ ਨਾਲੋਂ ਵੱਧ ਭਰਿਆ ਅਤੇ ਖੜ੍ਹੇ ਪੈਰ ਆਈਆਂ ਕੁਝ ਸਮੱਸਿਆਵਾਂ ਦੇ ਬਾਵਜੂਦ ਮੇਲਾ ਠੀਕ ਹੋ ਨਿਬੜਿਆ। ਮੇਲੇ ਦੀ ਪ੍ਰਬੰਧਕੀ ਟੀਮ- ਕਮਲ ਬੈਂਸ, ਗੁਰਬਖ਼ਸ਼ ਰੰਧਾਵਾ, ਦਰਸ਼ਨ ਬਸਰਾਓਂ, ਰਿੱਕ ਸਿੰਘ, ਜਸਪ੍ਰੀਤ ਗੋਲੇਵਾਲਾ, ਹਰਮਨਦੀਪ ਮੱਲ੍ਹੀ ਤੇ ਗੈਰੀ ਸੇਖੋਂ ਨੇ ਆਏ ਮਹਿਮਾਨਾਂ ਅਤੇ ਮੇਲੇ ਦੇ ਸਪਾਂਸਰਾਂ ਦਾ ਧੰਨਵਾਦ ਕੀਤਾ। ਸਟੇਜ ਦੀ ਜ਼ਿੰਮੇਵਾਰੀ ਗੁਰਪ੍ਰੀਤ ਸਿੰਘ ਬਰਾੜ, ਮੱਖਣ ਬਰਾੜ ਤੇ ਕਿਰਨ ਸ਼ਰਮਾ ਨੇ ਸੰਭਾਲੀ।

ਦਿਲਚਸਪ ਇਹ ਵੀ ਸੀ ਕਿ ਮੇਲੇ ਵਿੱਚ ਆਈਆਂ ਬਹੁਤੀਆਂ ਕਾਰਾਂ ਦੇ ਨੰਬਰ ਫੈਂਸੀ ਸਨ। ਉਂਜ ਇਸ ਗੱਲ ਦੀ ਤਸੱਲੀ ਸੀ ਕਿ ਕੈਨੇਡਾ ਵਿੱਚ ਕੁਝ ਪੰਜਾਬੀਆਂ ਵੱਲੋਂ ਖਰੀਦੀਆਂ ਦੋਹਰੇ ਅਰਥਾਂ ਵਾਲੀਆਂ ਨੰਬਰ ਪਲੇਟਾਂ ਦੀ ਥਾਂ ਇਸ ਮੇਲੇ ਵਿੱਚ ਨਾਂਵਾਂ ਤੇ ਗੋਤਾਂ ਸਮੇਤ ਵਿਸ਼ੇਸ਼ ਅੰਕਾਂ ਦੇ ਨਾਲ ਨਾਲ ਪੰਜਾਬੀ ਲਹਿਜੇ ਵਾਲੇ ਵਿਸ਼ੇਸ਼ ਨਾਂ ਵਾਲੀਆਂ ਪਲੇਟਾਂ ਕਈਆਂ ਦਾ ਧਿਆਨ ਖਿੱਚ ਰਹੀਆਂ ਸਨ।

ਖੁਲ੍ਹੇਆਮ ਤੇ ਬੇਰੋਕ-ਟੋਕ ਦਾਰੂ ਪੀਂਦੇ ਕੁਝ ਮੁੰਡਿਆਂ ਨੂੰ ਵੇਖ ਕੇ ਇੱਕ ਸੱਜਣ ਦੀ ਟਿੱਪਣੀ ਸੀ ਕਿ ਲੱਗਦਾ ਹੀ ਨਹੀਂ ਰਿਹਾ ਕਿ ਇਹ ਮੇਲਾ ਅਮਰੀਕਾ ਦੇ ਕਿਸੇ ਸ਼ਹਿਰ ਵਿੱਚ ਲੱਗ ਰਿਹਾ ਹੋਵੇ। ਇੱਕ ਸੱਜਣ ਦੀ ਟਿੱਪਣੀ ਸੀ, 'ਇਸ ਨੂੰ ਕਿਹੜੇ ਮੇਲੇ ਦਾ ਨਾਂ ਦਈਏ?' ਦੂਜੀ ਦੀ ਟਿੱਪਣੀ ਸੀ, 'ਪੰਜਾਬੀ ਮੇਲਿਆਂ ਵਿੱਚ ਅਜਿਹਾ ਆਮ ਹੀ ਹੁੰਦਾ!' ਮਹਿਸੂਸ ਕੀਤਾ ਜਾ ਰਿਹਾ ਸੀ ਕਿ ਗੌਣ-ਪਾਣੀ ਸੁਣ ਕੇ ਮੁੰਢੀਰ ਲੋਰ ਵਿੱਚ ਆਈ ਹੋਈ ਸੀ। ਇੱਕ ਵਾਰ ਤਾਂ ਮੁੰਢੀਰ ਦੇ ਉਤਸ਼ਾਹ ਤੇ ਖ਼ਰੂਦ ਦਾ ਮਿਲਗੋਭਾ ਵੇਖ ਕੇ ਪੁਲਿਸ ਕਰਮੀ ਵੀ ਕੁਝ ਕੁਝ ਤੈਸ਼ ਵਿੱਚ ਆ ਗਏ ਸਨ। ਇੱਕ ਸਮੇਂ ਤਾਂ ਸੁਰੱਖਿਆ ਅਮਲੇ ਵੱਲੋਂ ਮੇਲਾ ਬੰਦ ਕਰਨ ਦੀ ਨੌਬਤ ਆ ਗਈ ਸੀ, ਤੇ ਇੱਕ ਮਹਿਲਾ ਪੁਲਿਸ ਕਰਮੀ ਸਟੇਜ ਉਤੇ ਚੜ੍ਹ ਕੇ ਸਟੇਡੀਅਮ ਦੇ ਐਗਜ਼ਿਟ ਦੁਆਰਾ ਖਾਲੀ ਕਰਨ ਦੀ ਤਾਕੀਦ ਕਰ ਰਹੀ ਸੀ।

ਸਟੇਡੀਅਮ ਦੇ ਬਹਾਰ ਤਾਂ ਹਾਲ ਇਹ ਸੀ ਕਿ ਬਹੁਤੀਆਂ ਕਾਰਾਂ ਦੇ ਟਰੰਕ ਖੁੱਲ੍ਹੇ ਸਨ ਤੇ ਉਨ੍ਹਾਂ ਵਿੱਚ ਠੇਕੇ ਖੁਲ੍ਹੇ ਹੋਏ ਸਨ ਤੇ ਖਾਣ-ਪੀਣ ਦਾ ਸਾਮਾਨ ਪਿਆ ਸੀ। 'ਜਦ ਘੁੱਟ ਕੁ ਅੰਦਰ ਜਾਂਦੀ ਐ, ਖੌਰੂ ਹੋ ਜਾਂਦਾ ਕੀ ਮਿੱਤਰੋ' ਵਾਂਗ ਖ਼ਰੂਦੀ ਮਾਹੌਲ ਬਣ ਗਿਆ ਸੀ। ਅਖੀਰ ਇੱਕ ਚਿੱਟੇ ਰੰਗ ਦੀ ਗੱਡੀ ਵਿੱਚੋਂ ਇੱਕ ਪੁਲਿਸ ਕਰਮੀ ਨੇ ਸ਼ਰਾਬ ਦੀਆਂ ਬੋਤਲਾਂ ਜ਼ਬਤ ਕਰ ਲਈਆਂ। ਇੰਨੇ ਨੂੰ ਹੋਰਨਾਂ ਗੱਡੀਆਂ ਵਾਲੇ ਸੁਚੇਤ ਹੋ ਗਏ ਤੇ ਉਨ੍ਹਾਂ ਨੇ ਅੱਖ ਬਚਾ ਕੇ ਟਰੰਕ ਬੰਦ ਕਰਨੇ ਸ਼ੁਰੂ ਕਰ ਦਿੱਤੇ। ਦੇਖਦਿਆਂ ਹੀ ਦੇਖਦਿਆਂ ਮੇਲਾ ਖਿੰਡ ਗਿਆ ਤੇ ਲੋਕ ਘਰੋ-ਘਰੀਂ ਤੁਰ ਪਏ...।

ਸਾਡੀਆਂ ਕਾਰਾਂ ਵੀ ਸ਼ਹਿਰ ਸ਼ਿਕਾਗੋ ਨੂੰ ਦੌੜਨ ਲੱਗ ਪਈਆਂ। ਵਾਟਾਂ ਝਾਗਦੇ ਅਸੀਂ ਖਾਣ-ਪੀਣ ਲਈ ਦੋ ਵੱਖ-ਵੱਖ ਥਾਂਵਾਂ 'ਤੇ ਰੁਕੇ, ਪਰ ਖਾਧਾ ਅਸੀਂ ਤੀਜੀ ਥਾਂ ਪਹੁੰਚ ਕੇ ਹੀ। ਉੱਥੋਂ ਤੁਰਨ ਲੱਗੇ ਤਾਂ ਇੰਦਰਜੀਤ ਦੀਆਂ ਬੋਲੀਆਂ ਉਬਾਲੇ ਮਾਰਨ ਲੱਗ ਪਈਆਂ। ਉਹਨੇ ਪਾਰਕਿੰਗ ਲਾਟ ਵਿੱਚ ਹੀ ਬੋਲੀਆਂ ਦਾ ਪਿੜ ਬੰਨ੍ਹ ਲਿਆ। ਹੁਣ ਉਹ ਸਾਡੀ ਕਾਰ ਵਿੱਚ ਬੈਠ ਗਿਆ ਸੀ, ਪਰ ਬੋਲੀਆਂ ਓਹਦੀਆਂ ਉਛਲ ਰਹੀਆਂ ਸਨ। ਰਾਤ ਵਧ ਰਹੀ ਸੀ ਤੇ ਸਫਰ ਘਟ ਰਿਹਾ ਸੀ।

## ਵਿੱਕ ਸਿੰਘ ਲੇਕ ਕਾਉਂਟੀ ਲਈ ਪ੍ਰਾਪਰਟੀ ਅਸੈਸਮੈਂਟ ਜੱਜ ਨਿਯੁਕਤ

**ਸ਼ਿਕਾਗੋ:** ਲੇਕ ਕਾਉਂਟੀ ਬੋਰਡ ਨੇ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਸ. ਵਿੱਕ ਸਿੰਘ ਨੂੰ ਨਵੇਂ ਪ੍ਰਾਪਰਟੀ ਅਸੈਸਮੈਂਟ ਜੱਜ ਵਜੋਂ ਨਿਯੁਕਤ ਕੀਤਾ ਹੈ, ਜੋ ਕਿ 18 ਟਾਊਨਸ਼ਿਪਾਂ ਅਤੇ 7,50,000 ਤੋਂ ਵੱਧ ਆਬਾਦੀ ਵਾਲੇ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਰਿਵਿਊ ਬੋਰਡ ਨੂੰ ਅਪੀਲ ਕੀਤੇ ਜਾਣ 'ਤੇ ਜਾਇਦਾਦ ਦੇ ਮੁਲੰਕਣਾਂ ਨੂੰ ਐਡਜਸਟ ਕਰਨ ਦੇ ਅਧਿਕਾਰ ਦੇ ਨਾਲ ਸ. ਵਿਕ ਸਿੰਘ ਦੀਆਂ ਜ਼ਿੰਮੇਵਾਰੀਆਂ ਸਿੱਧੇ ਤੌਰ 'ਤੇ ਨਿਵਾਸੀਆਂ ਦੇ ਜੀਵਨ ਨੂੰ ਪ੍ਰਭਾਵਿਤ ਕਰਨਗੀਆਂ।



ਰੀਅਲ ਅਸਟੇਟ ਦੀ ਵਿਕਰੀ, ਨਿਵੇਸ਼, ਮੁਲੰਕਣ ਅਤੇ ਪ੍ਰਾਪਰਟੀ ਟੈਕਸ ਮੁਲੰਕਣ ਵਿੱਚ 35 ਸਾਲਾਂ ਤੋਂ ਵੱਧ ਮੁਹਾਰਤ ਰੱਖਦੇ ਵਿੱਕ ਸਿੰਘ ਨੇ ਹਜ਼ਾਰਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਰੀਅਲ ਅਸਟੇਟ ਲੈਣ-ਦੇਣ ਵਿੱਚ ਸਹਾਇਤਾ ਕਰਨ ਦਾ ਇੱਕ ਸਾਬਤ ਟਰੈਕ ਰਿਕਾਰਡ ਰੱਖਿਆ ਹੈ। ਉਨ੍ਹਾਂ ਦਾ ਵਿਆਪਕ ਗਿਆਨ ਅਤੇ ਤਜਰਬਾ ਉਨ੍ਹਾਂ ਨੂੰ ਇਸ ਅਹੁਦੇ ਲਈ ਚੰਗੀ ਤਰ੍ਹਾਂ ਅਨੁਕੂਲ ਬਣਾਉਂਦਾ ਹੈ। ਉਹ ਲੇਕ ਕਾਉਂਟੀ ਬੋਰਡ ਆਫ਼ ਰਿਵਿਊ ਦਫ਼ਤਰ ਲਈ ਨਿਯੁਕਤ ਕੀਤੇ ਗਏ ਪਹਿਲੇ ਅਮਰੀਕੀ ਏਸ਼ੀਆਈ/ਭਾਰਤੀ ਹੋਣਗੇ।

ਆਪਣੀਆਂ ਪੇਸ਼ੇਵਰ ਪ੍ਰਾਪਤੀਆਂ ਤੋਂ ਇਲਾਵਾ ਸ. ਵਿੱਕ ਸਿੰਘ ਭਾਈਚਾਰੇ ਵਿੱਚ ਵੀ ਰੁਝੇਵਾਂ ਰੱਖਦੇ ਹਨ। ਇਸ ਵੇਲੇ ਉਹ ਮਿਡਵੈਸਟ ਵਿੱਚ ਸਭ ਤੋਂ ਵੱਡੀ ਗੈਰ-ਮੁਨਾਫ਼ਾ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਦੇ ਬੋਰਡ ਆਫ ਗਵਰਨਰਜ਼ ਵਿੱਚ ਸ਼ਾਮਲ ਹਨ। ਸਾਲ 2015 ਵਿੱਚ ਉਹ ਸੰਸਥਾ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਚੁਕੇ ਹਨ। ਇਸ ਤੋਂ ਇਲਾਵਾ ਵਿੱਕ ਸਿੰਘ ਮੇਨਸਟ੍ਰੀਟ ਬੋਰਡ ਆਫ਼ ਰੀਅਲਟਰਜ਼ ਦੇ ਅੰਦਰ ਵੱਖ-ਵੱਖ ਪੇਸ਼ੇਵਰ ਕਮੇਟੀਆਂ ਵਿੱਚ ਸ਼ਾਮਲ ਰਹੇ ਹਨ। ਇਸ ਸੰਸਥਾ ਵਿੱਚ 19,000 ਰੀਅਲ ਅਸਟੇਟ ਪੇਸ਼ੇਵਰਾਂ ਦੀ ਮੈਂਬਰਸ਼ਿਪ ਹੈ।

ਹੋਰ ਜਾਣਕਾਰੀ ਜਾਂ ਸਹਾਇਤਾ ਲਈ ਸ. ਵਿੱਕ ਸਿੰਘ ਨਾਲ ਈਮੇਲ VSRealtors@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


Prepare for Tomorrow Now With Comprehensive Retirement Planning

■Annuities ■Life Insurance ■Long-Term Care ■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

CALL FOR A FREE QUOTE: Auto • Home • Condo • Life

Bicky Sarkaria
847-465-1484
KSARKARIA@allstate.com

482 N. Milwaukee #3
Wheeling, IL

15700 103rd St #250
Lemont, IL

Building a stronger community together

Allstate
You're In Good Hands With Allstate

*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ

# ਰਾਜਕੋਟ ਗੇਮ ਜ਼ੋਨ ਫਾਇਰ

# 'ਦੋਸ਼ੀ ਕੌਣ?'

*ਹਾਈ ਕੋਰਟ ਵੱਲੋਂ ਗੁਜਰਾਤ ਸਰਕਾਰ ਦੀ ਖਿਚਾਈ

*ਅਫਸਰਾਂ ਨੂੰ ਦੋਸ਼ੀ ਬਣਾਉਣ ਦੀ ਪਟੀਸ਼ਨ 'ਤੇ ਸਿੱਟ ਨੂੰ ਕੋਰਟ ਦਾ ਨੋਟਿਸ

ਗੁਜਰਾਤ ਹਾਈ ਕੋਰਟ ਨੇ ਰਾਜਕੋਟ ਵਿੱਚ ਗੇਮਿੰਗ ਜ਼ੋਨ ਵਿੱਚ ਅੱਗ ਲੱਗਣ ਦੀ ਘਟਨਾ ਨੂੰ 'ਮਨੁੱਖੀ ਤਬਾਹੀ' ਕਰਾਰ ਦਿੰਦਿਆਂ ਰਾਜ ਸਰਕਾਰ ਨੂੰ ਸਖ਼ਤ ਫਟਕਾਰਾਂ ਪਾਈਆਂ ਹਨ। ਹਾਈ ਕੋਰਟ ਨੇ ਬਹੁਤ ਜ਼ਿਆਦਾ ਜਲਣਸ਼ੀਲ ਸਮੱਗਰੀ ਦੇ ਸਟੋਰੇਜ ਕਾਰਨ ਇਸ ਤ੍ਰਾਸਦੀ ਨੂੰ 'ਮਨੁੱਖ ਦੁਆਰਾ ਬਣਾਈ ਤਬਾਹੀ' ਕਿਹਾ ਹੈ। ਸੀ.ਸੀ.ਟੀ.ਵੀ. ਫੁਟੇਜ ਦੇ ਆਧਾਰ 'ਤੇ ਮੁਢਲੀ ਜਾਂਚ ਦਾ ਹਵਾਲਾ ਦਿੰਦਿਆਂ ਰਾਜਕੋਟ ਦੇ ਇੱਕ ਪ੍ਰਸ਼ਾਸਕੀ ਅਧਿਕਾਰੀ ਨੇ ਦੱਸਿਆ ਕਿ ਅੱਗ ਇੱਕ ਵੈਲਡਿੰਗ ਮਸ਼ੀਨ ਦੀਆਂ ਚੰਗਿਆੜੀਆਂ ਨਾਲ ਸ਼ੁਰੂ ਹੋਈ ਹੋ ਸਕਦੀ ਹੈ, ਜੋ ਜਲਣਸ਼ੀਲ ਸਮੱਗਰੀ ਦੇ 'ਢੇਰਾਂ' ਉਤੇ ਡਿੱਗ ਗਈ ਸੀ। ਖਦਸ਼ਾ ਜਾਹਰ ਕੀਤਾ ਜਾ ਰਿਹਾ ਹੈ ਕਿ ਅੱਗ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਵੀ ਲੱਗੀ ਹੋ ਸਕਦੀ ਹੈ, ਕਿਉਂਕਿ ਸ਼ੈੱਡ ਹੇਠ ਬਹੁਤ ਸਾਰੇ ਏਅਰ-ਕੰਡੀਸ਼ਨਰ ਲਗਾਏ ਗਏ ਸਨ। ਹੋ ਸਕਦਾ ਹੈ ਕਿ ਗਰਮ ਮੌਸਮ ਕਾਰਨ ਬਿਜਲੀ ਦੀਆਂ ਤਾਰਾਂ ਲੋਡ ਨੂੰ ਸੰਭਾਲਣ ਦੇ ਯੋਗ ਨਾ ਹੋਣ, ਜਿਸ ਕਾਰਨ ਸ਼ਾਰਟ-ਸਰਕਟ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੱਸ ਦਈਏ, ਪਾਰਕ ਇੱਕ ਟੀਨ ਸ਼ੈੱਡ ਦੇ ਹੇਠਾਂ ਸਥਾਪਿਤ ਕੀਤਾ ਗਿਆ ਸੀ ਅਤੇ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਨੂੰ ਖੇਤਰ ਤੱਕ ਪਹੁੰਚਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਜ਼ਿਕਰਯੋਗ ਹੈ ਕਿ ਅੱਗ ਦੀ ਇਸ ਘਟਨਾ ਵਿੱਚ ਹੁਣ ਤੱਕ ਦੋ ਦਰਜਨ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ ਤੇ ਬਹੁਤ ਸਾਰੇ ਲੋਕ ਸੜ ਜਾਣ ਕਾਰਨ ਸਹਿਕ ਰਹੇ ਹਨ। ਰਾਜ ਸਰਕਾਰ ਨੇ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ ਅਤੇ ਹਰੇਕ ਮ੍ਰਿਤਕ ਦੇ ਵਾਰਸਾਂ ਨੂੰ 4 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ ਹੈ। ਕੇਂਦਰ ਸਰਕਾਰ ਨੇ ਪ੍ਰਤੀ ਮ੍ਰਿਤਕ ਵਿਅਕਤੀ ਲਈ 2 ਲੱਖ ਰੁਪਏ ਵਾਧੂ ਸ਼ਾਮਲ ਕੀਤੇ ਹਨ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਇਸੇ ਦੌਰਾਨ ਰਾਜਕੋਟ ਦੀ ਇੱਕ ਅਦਾਲਤ ਨੇ ਇਸ ਦੁਖਾਂਤ ਸਬੰਧੀ ਤਬਾਦਿਲ ਕੀਤੇ ਗਏ ਆਈ.ਪੀ.ਐਸ. ਅਤੇ ਆਈ.ਏ.ਐਸ. ਅਧਿਕਾਰੀਆਂ ਤੇ ਹੋਰ ਜਿਨ੍ਹਾਂ ਨੂੰ ਦੁਖਾਂਤ ਤੋਂ ਬਾਅਦ ਮੁਅੱਤਲ ਕਰ ਦਿੱਤਾ ਗਿਆ ਸੀ, ਵਿਰੁੱਧ ਅਪਰਾਧਿਕ ਕੇਸ ਦਰਜ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਜਾਂਚ ਕਰ ਰਹੀ ਸਿੱਟ (ਐਸ.ਆਈ.ਟੀ.) ਤੋਂ ਰਿਪੋਰਟ ਮੰਗੀ ਹੈ। ਚੇਤੇ ਰਹੇ, ਗੁਜਰਾਤ ਸਰਕਾਰ ਨੇ ਗੇਮ ਜ਼ੋਨ ਵਿੱਚ ਅੱਗ ਲੱਗਣ ਨਾਲ ਜੁੜੀ ਲਾਪਰਵਾਹੀ ਕਾਰਨ ਦੋ ਪੁਲਿਸ ਇੰਸਪੈਕਟਰਾਂ ਅਤੇ ਸਿਵਲ ਸਟਾਫ਼ ਸਮੇਤ ਸੱਤ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਸੀ। ਇਹ ਮੁਅੱਤਲੀ ਮੁੱਖ ਮੰਤਰੀ ਭੂਪੇਂਦਰ ਪਟੇਲ ਵੱਲੋਂ ਘਟਨਾ ਸਥਾਨ ਦਾ ਨਿਰੀਖਣ ਕਰਨ ਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ਾਂ ਤੋਂ ਬਾਅਦ ਕੀਤੀ ਗਈ।

ਮੀਡੀਆ ਰਿਪੋਰਟਾਂ ਮੁਤਾਬਕ ਗੇਮਿੰਗ ਜ਼ੋਨ ਕੋਲ ਨਾ ਤਾਂ ਫਾਇਰ ਬ੍ਰਿਗੇਡ ਵਿਭਾਗ ਦਾ 'ਨੋ ਅਬਜੈਕਸ਼ਨ ਸਰਟੀਫਿਕੇਟ' ਸੀ ਅਤੇ ਨਾ ਨਗਰ ਨਿਗਮ ਦੀ ਐੱਨ.ਓ.ਸੀ.। ਗੇਮਿੰਗ ਜ਼ੋਨ ਵਿੱਚ ਦਾਖ਼ਲੇ ਤੇ ਬਾਹਰ ਨਿਕਲਣ ਲਈ ਇੱਕੋ ਰਾਹ ਸੀ। ਇਸ ਤੋਂ ਇਲਾਵਾ ਜ਼ੋਨ ਦੇ ਵੱਖਰੇ-ਵੱਖਰੇ ਹਿੱਸਿਆਂ ਵਿੱਚ ਹਜ਼ਾਰਾਂ ਲਿਟਰ ਪੈਟਰੋਲ ਤੇ ਡੀਜ਼ਲ ਭੰਡਾਰ ਕੀਤਾ ਹੋਇਆ ਸੀ। ਇਸ ਨਾਲ ਅੱਗ ਤੇਜ਼ੀ ਨਾਲ ਫੈਲੀ ਤੇ ਸਭ ਕੁਝ ਖਾਕ ਹੋ ਗਿਆ।

ਸਵਾਲ ਹੈ ਕਿ ਇਹ ਕਿਸ ਤਰ੍ਹਾਂ ਦਾ ਗੁਜਰਾਤ ਮਾਡਲ ਹੈ, ਜਿਸ ਅੰਦਰ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਫਸੇ ਰਾਜਨੀਤਕ ਆਗੂ ਤੇ ਅਧਿਕਾਰੀ ਲੋਕਾਂ ਦੀ ਜਾਨ ਨਾਲ ਖਿਲਵਾੜ ਕਰ ਰਹੇ ਹਨ? ਬਗੈਰ ਮਨਜ਼ੂਰੀ ਤੋਂ ਚੱਲਣ ਵਾਲੇ ਅਦਾਰੇ ਮੋਟੀਆਂ ਰਕਮਾਂ ਦੇ ਕੇ ਲੋਕਾਂ ਨੂੰ ਲੁੱਟਣ ਦਾ ਲਾਇਸੈਂਸ ਹਾਸਲ ਕਰ ਲੈਂਦੇ ਹਨ ਅਤੇ ਸੁਰੱਖਿਆ ਸਬੰਧੀ ਨਿਯਮਾਂ ਨੂੰ ਨਜ਼ਰਅੰਦਾਜ਼ ਕਰ ਕੇ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰ ਲੈਂਦੇ ਹਨ। ਇਨ੍ਹਾਂ ਜਾਨਾਂ ਦੇ ਦੋਸ਼ੀ ਉਹ ਅਧਿਕਾਰੀ ਤੇ ਉਨ੍ਹਾਂ ਦੇ ਸਰਪ੍ਰਸਤ ਆਗੂ ਹਨ, ਜਿਨ੍ਹਾਂ ਦੀ ਛਤਰਛਾਇਆ ਹੇਠ ਇਹ ਧੰਦਾ ਚਲਦਾ ਰਿਹਾ ਸੀ। ਕੀ ਅਸਲ ਸਜ਼ਾ ਦੇ ਹੱਕਦਾਰ ਇਹ ਲੋਕ ਨਹੀਂ? ਇਹ ਉਹੀ ਸੂਬਾ ਹੈ, ਜਿਸ ਦੇ ਗੁਜਰਾਤ ਮਾਡਲ ਦੇ ਘੋੜੇ 'ਤੇ ਸਵਾਰ ਹੋ ਕੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁੱਜੇ ਸਨ। ਉਂਜ ਇਸ ਨਾਲ ਸਬੰਧਤ ਘਟਨਾਕ੍ਰਮ ਵਿੱਚ ਅਦਾਲਤ ਨੇ ਅੱਗ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਵੇਂ ਮੁਲਜ਼ਮ ਕਿਰੀਤ ਸਿੰਘ ਜਡੇਜਾ ਨੂੰ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਟੀ.ਆਰ.ਪੀ. ਅਮਿਊਜ਼ਮੈਂਟ ਪਾਰਕ ਦੇ ਮਾਲਕ ਅਤੇ ਮੈਨੇਜਰ ਸਮੇਤ ਛੇ ਵਿਅਕਤੀਆਂ ਦੇ ਖਿਲਾਫ ਐਫ.ਆਈ.ਆਰ. ਦਰਜ ਕੀਤੀ ਗਈ ਹੈ।



ਇਸ ਅਗਨੀਕਾਂਡ ਦਾ ਹਾਈ ਕੋਰਟ ਨੇ ਖੁਦ ਨੋਟਿਸ ਲੈਂਦਿਆਂ ਕਾਰਵਾਈ ਸ਼ੁਰੂ ਕੀਤੀ ਸੀ। ਸੁਣਵਾਈ ਦੌਰਾਨ ਅਦਾਲਤ ਨੇ ਸ਼ਹਿਰ ਵਿੱਚ ਅਜਿਹੀਆਂ ਹੀ ਦੋ ਹੋਰ ਉਸਾਰੀਆਂ ਦੀ ਘਟਨਾ ਦੇ ਦੋ ਦਿਨ ਬਾਅਦ ਵੀ ਹਕੀਕਤ ਦੱਸਣ ਵਿੱਚ ਨਾਕਾਮ ਰਹਿਣ ਉੱਤੇ ਨਗਰ ਨਿਗਮ ਦੀ ਖਿਚਾਈ ਕੀਤੀ ਹੈ। ਜਦੋਂ ਹਾਈ ਕੋਰਟ ਨੂੰ ਨਗਰ ਨਿਗਮ ਨੇ ਦੱਸਿਆ ਕਿ ਦੋ ਗੇਮਿੰਗ ਜ਼ੋਨ ਅਗਨੀ ਸੁਰੱਖਿਆ ਸਰਟੀਫਿਕੇਟ ਤੇ ਹੋਰ ਜ਼ਰੂਰੀ ਮਨਜ਼ੂਰੀਆਂ ਤੋਂ ਬਿਨਾਂ ਪਿਛਲੇ 24 ਮਹੀਨਿਆਂ ਤੋਂ ਚੱਲ ਰਹੇ ਹਨ ਤਾਂ ਅਦਾਲਤ ਨੇ ਕਿਹਾ ਕਿ ਹੁਣ ਉਸ ਨੂੰ ਰਾਜ ਸਰਕਾਰ ਉੱਤੇ ਭਰੋਸਾ ਨਹੀਂ ਰਿਹਾ। ਗੁਜਰਾਤ ਵਿੱਚ ਲਗਭਗ 20 ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਭਾਜਪਾ ਦੀ ਸਰਕਾਰ ਹੈ। ਕੀ ਇਸ ਤ੍ਰਾਸਦੀ ਦੀ ਜ਼ਿੰਮੇਵਾਰੀ ਸਰਕਾਰ ਲੈਣ ਨੂੰ ਤਿਆਰ ਹੈ?

ਨਗਰ ਨਿਗਮ ਨੇ ਜਦੋਂ ਦੱਸਿਆ ਕਿ ਗੇਮਿੰਗ ਜ਼ੋਨ ਨੇ ਸਾਥੋਂ ਮਨਜ਼ੂਰੀ ਨਹੀਂ ਲਈ ਸੀ ਤਾਂ ਅਦਾਲਤ ਨੇ ਕਿਹਾ, "ਗੇਮਿੰਗ ਜ਼ੋਨ ਢਾਈ ਸਾਲਾਂ ਤੋਂ ਚੱਲ ਰਿਹਾ ਸੀ। ਕੀ ਅਸੀਂ ਮੰਨ ਲਈਏ ਕਿ ਤੁਸੀਂ ਅੱਖਾਂ ਬੰਦ ਕਰ ਰੱਖੀਆਂ ਸਨ।" ਐੱਨ.ਡੀ.ਟੀ.ਵੀ. ਦੀ ਇੱਕ ਰਿਪੋਰਟ ਵਿੱਚ ਨਿਗਮ ਦੇ ਕੁਝ ਅਧਿਕਾਰੀਆਂ ਦੀਆਂ ਗੇਮਿੰਗ ਜ਼ੋਨ ਵਿੱਚ ਤਸਵੀਰਾਂ ਸਾਹਮਣੇ ਆ ਜਾਣ ਬਾਅਦ ਕੋਰਟ ਨੇ ਪੁੱਛਿਆ ਕਿ ਇਹ ਅਧਿਕਾਰੀ ਕੌਣ ਹਨ, ਕੀ ਇਹ ਉੱਥੇ ਗੇਮ ਖੇਡਣ ਗਏ ਸਨ? ਅਦਾਲਤ ਨੇ ਰਾਜ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ, "ਕੀ ਤੁਸੀਂ ਅੰਨ੍ਹੇ ਹੋ ਗਏ ਹੋ? ਕੀ ਤੁਸੀਂ ਸੁੱਤੇ ਹੋਏ ਸੀ? ਹੁਣ ਸਾਨੂੰ ਸਥਾਨਕ ਪ੍ਰਸ਼ਾਸਨ ਤੇ ਰਾਜ ਸਰਕਾਰ 'ਤੇ ਭਰੋਸਾ ਨਹੀਂ ਰਿਹਾ।"

ਜਸਟਿਸ ਬੀਰੇਨ ਵੈਸ਼ਣਵ ਤੇ ਜਸਟਿਸ ਦੇਵਨ ਡੇਸਾਈ ਦੇ ਵਿਸ਼ੇਸ਼ ਬੈਂਚ ਨੇ ਰਾਜਕੀ ਮਸ਼ੀਨਰੀ 'ਤੇ ਬੇਵਿਸ਼ਵਾਸੀ ਪ੍ਰਗਟ ਕਰਦਿਆਂ ਸਵਾਲ ਕੀਤਾ ਕਿ ਪਿਛਲੇ ਅਦਾਲਤੀ ਹੁਕਮਾਂ ਦੇ ਬਾਵਜੂਦ ਇਹ ਤ੍ਰਾਸਦੀ ਕਿਵੇਂ ਵਾਪਰ ਸਕਦੀ ਹੈ? ਜਦੋਂ ਨਗਰ ਨਿਗਮ ਨੇ ਅਦਾਲਤ ਨੂੰ ਦੱਸਿਆ ਕਿ ਗੇਮਿੰਗ ਜ਼ੋਨ ਦੀ ਮਨਜ਼ੂਰੀ ਨਹੀਂ ਮੰਗੀ ਗਈ ਸੀ ਤਾਂ ਅਦਾਲਤ ਨੇ ਕਿਹਾ, "ਇਹ ਤੁਹਾਡੀ ਵੀ ਜ਼ਿੰਮੇਵਾਰੀ ਹੈ।"

ਟੀ.ਆਰ.ਪੀ. ਗੇਮਿੰਗ ਜ਼ੋਨ ਵਿੱਚ ਵਾਪਰੇ ਅਗਨੀਕਾਂਡ ਦਾ ਹਾਈ ਕੋਰਟ ਨੇ ਨੋਟਿਸ ਲੈਂਦਿਆਂ ਰਾਜ ਸਰਕਾਰ ਤੇ ਨਗਰ ਨਿਗਮ ਤੋਂ ਰਿਪੋਰਟ ਮੰਗੀ ਸੀ ਕਿ ਕਿਹੜੇ ਕਾਨੂੰਨ ਤਹਿਤ ਅਜਿਹੇ ਗੇਮਿੰਗ ਜ਼ੋਨ ਤੇ ਮਨੋਰੰਜਨ ਅਦਾਰੇ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ। ਹਾਈ ਕੋਰਟ ਨੇ ਗੇਮਿੰਗ ਜ਼ੋਨ ਵਿੱਚ ਸੁਰੱਖਿਆ ਦੇ ਉਪਾਅ ਨਾ ਹੋਣ ਦੀਆਂ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ ਕਿ ਇਹ ਮਨੁੱਖ ਵੱਲੋਂ ਪੈਦਾ ਕੀਤੀ ਗਈ ਭਿਆਨਕ ਘਟਨਾ ਹੈ। ਹਾਈ ਕੋਰਟ ਨੇ ਕਿਹਾ ਕਿ ਰਾਜਕੋਟ ਸ਼ਹਿਰ ਤੋਂ ਇਲਾਵਾ ਅਹਿਮਦਾਬਾਦ ਦੇ ਸਿੰਧੂ ਭਵਨ ਰੋਡ ਅਤੇ ਐੱਸ.ਪੀ. ਰਿੰਗ ਰੋਡ 'ਤੇ ਵੀ ਅਜਿਹੇ ਹੀ ਗੇਮਿੰਗ ਜ਼ੋਨ ਹਨ, ਜੋ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਹਨ।

'ਅਪਰਾਧਿਕ ਜਾਂਚ ਪਟੀਸ਼ਨ' ਨੇ ਰਾਜਕੋਟ ਦੇ ਤਤਕਾਲੀ ਪੁਲਿਸ ਕਮਿਸ਼ਨਰ ਰਾਜੂ ਭਾਰਗਵ, ਮਿਊਂਸਪਲ ਕਮਿਸ਼ਨਰ ਆਨੰਦ ਪਟੇਲ ਅਤੇ ਤਬਾਦਲੇ ਕੀਤੇ ਗਏ ਦੋ ਆਈ.ਪੀ.ਐਸ. ਅਧਿਕਾਰੀਆਂ ਤੇ ਘਟਨਾ ਤੋਂ ਬਾਅਦ ਮੁਅੱਤਲ ਕੀਤੇ ਗਏ ਨੌਂ ਅਧਿਕਾਰੀਆਂ ਦੇ ਵਿਰੁੱਧ ਪਹਿਲੀ ਸੂਚਨਾ ਰਿਪੋਰਟਾਂ (ਐਫ.ਆਈ.ਆਰ.) ਦੀ ਮੰਗ ਕੀਤੀ ਸੀ, ਜਿਸ ਵਿੱਚ 28 ਲੋਕਾਂ ਦੀ ਮੌਤ ਹੋ ਗਈ ਸੀ।

ਪਟੀਸ਼ਨਰ ਵਿਨੇਸ਼ ਛਾਇਆ ਦੀ ਨੁਮਾਇੰਦਗੀ ਕਰ ਰਹੇ ਵਕੀਲ ਰਾਜੇਸ਼ ਜਾਲੂ ਨੇ ਕਿਹਾ ਕਿ ਵਧੀਕ ਨਿਆਂਇਕ ਮੈਜਿਸਟਰੇਟ ਬੀ.ਪੀ. ਠਾਕਰ ਨੇ ਵਿਸ਼ੇਸ਼ ਜਾਂਚ ਟੀਮ ਸਿੱਟ ਨੂੰ ਨੋਟਿਸ ਜਾਰੀ ਕਰਕੇ 20 ਜੂਨ ਤੱਕ ਸਾਰੇ ਅਧਿਕਾਰੀਆਂ ਵਿਰੁੱਧ ਚੱਲ ਰਹੀ ਜਾਂਚ ਦੀ ਸਥਿਤੀ ਰਿਪੋਰਟ ਮੰਗੀ ਹੈ।

ਪਟੀਸ਼ਨ ਵਿਚ ਦਲੀਲ ਦਿੱਤੀ ਗਈ ਸੀ ਕਿ ਜਿਨ੍ਹਾਂ ਆਧਾਰਾਂ 'ਤੇ ਇਨ੍ਹਾਂ ਅਧਿਕਾਰੀਆਂ ਦਾ ਤਬਾਦਲਾ ਜਾਂ ਮੁਅੱਤਲ ਕੀਤਾ ਗਿਆ ਸੀ, ਉਹ ਐਫ.ਆਈ.ਆਰ. ਦਰਜ ਕਰਨ ਲਈ ਕਾਫੀ ਸਨ। ਪਟੀਸ਼ਨਰ ਨੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 304 (ਦੋਸ਼ੀ ਕਤਲ, ਜੋ ਕਤਲ ਨਹੀਂ ਹੈ), 337 (ਕਿਸੇ ਵਿਅਕਤੀ ਨੂੰ ਅਜਿਹਾ ਕੰਮ ਕਰਕੇ ਠੇਸ ਪਹੁੰਚਾਉਣਾ ਜੋ ਕਾਹਲੀ ਜਾਂ ਲਾਪਰਵਾਹੀ ਵਾਲਾ ਹੈ ਅਤੇ ਮਨੁੱਖੀ ਜੀਵਨ ਜਾਂ ਦੂਜਿਆਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਂਦਾ ਹੈ) ਅਤੇ 338 (ਕਿਸੇ ਅਜਿਹਾ ਕੰਮ ਦੁਆਰਾ ਕਿਸੇ ਨੂੰ ਗੰਭੀਰ ਠੇਸ ਪਹੁੰਚਾਉਣਾ, ਜੋ ਉਨ੍ਹਾਂ ਦੀ ਜਾਨ ਜਾਂ ਨਿੱਜੀ ਸੁਰੱਖਿਆ ਨੂੰ ਖਤਰੇ 'ਚ ਪਾਉਂਦਾ ਹੈ) ਤਹਿਤ ਇਨ੍ਹਾਂ ਅਧਿਕਾਰੀਆਂ ਵਿਰੁੱਧ ਐਫ.ਆਈ.ਆਰ. ਦੀ ਮੰਗ ਕੀਤੀ ਹੈ।

ਪਟੀਸ਼ਨ 'ਚ ਕਿਹਾ ਗਿਆ ਹੈ, "ਇਸ ਮੌਜੂਦਾ ਸ਼ਿਕਾਇਤ ਦਾਇਰ ਕਰਨ ਦਾ ਕਾਰਨ ਇਹ ਵੀ ਪੈਦਾ ਹੋਇਆ ਹੈ ਕਿ ਡਿਊਟੀ ਪ੍ਰਤੀ ਲਾਪਰਵਾਹੀ ਕਾਰਨ 27 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਹੋਰ ਲੋਕ ਜ਼ਖਮੀ ਹੋਏ ਹਨ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਟੀ.ਆਰ.ਪੀ. ਗੇਮ ਜ਼ੋਨ ਪਿਛਲੇ ਤਿੰਨ-ਚਾਰ ਸਾਲਾਂ ਤੋਂ ਬਿਨਾ ਕਿਸੇ ਇਜਾਜ਼ਤ ਜਾਂ ਲਾਇਸੈਂਸ ਦੇ ਚੱਲ ਰਿਹਾ ਸੀ।

ਭਾਰਗਵ ਤੋਂ ਇਲਾਵਾ ਰਾਜਕੋਟ ਦੇ ਤਤਕਾਲੀ ਪੁਲਿਸ ਡਿਪਟੀ ਕਮਿਸ਼ਨਰ ਸੁਧੀਰ ਕੁਮਾਰ ਦੇਸਾਈ ਅਤੇ ਵਧੀਕ ਪੁਲਿਸ ਕਮਿਸ਼ਨਰ (ਏ.ਸੀ.ਪੀ.) ਵਿਧੀ ਚੌਧਰੀ ਦੇ ਨਾਲ-ਨਾਲ ਉਸ ਸਮੇਂ ਦੇ ਮਿਊਂਸਪਲ ਕਮਿਸ਼ਨਰ ਆਨੰਦ ਪਟੇਲ ਦਾ ਤਬਾਦਲਾ ਕਰ ਦਿੱਤਾ ਗਿਆ ਸੀ ਅਤੇ ਘਟਨਾ ਤੋਂ ਦੋ ਦਿਨ ਬਾਅਦ ਤਾਇਨਾਤੀ ਦੀ ਉਡੀਕ ਕੀਤੀ ਗਈ ਸੀ।

ਮੁਅੱਤਲ ਕੀਤੇ ਗਏ ਸਿਵਲ ਅਧਿਕਾਰੀਆਂ ਵਿੱਚ ਚੀਫ਼ ਫਾਇਰ ਅਫ਼ਸਰ ਇਲੇਸ਼ ਖੇਰ, ਡਿਪਟੀ ਚੀਫ਼ ਫਾਇਰ ਅਫ਼ਸਰ ਭੀਖਾਭਾਈ ਥੇਬਾ, ਸਹਾਇਕ ਇੰਜੀਨੀਅਰ ਜੈਦੀਪ ਚੌਧਰੀ, ਸਹਾਇਕ ਨਗਰ ਯੋਜਨਾਕਾਰ ਗੌਤਮ ਜੋਸ਼ੀ, ਫਾਇਰ ਸਟੇਸ਼ਨ ਅਫ਼ਸਰ ਰਹਿਤ ਵਿਗੋਰਾ, ਸੜਕ ਅਤੇ ਇਮਾਰਤਾਂ ਵਿਭਾਗ ਦੇ ਉਪ ਕਾਰਜਕਾਰੀ ਇੰਜੀਨੀਅਰ ਐਮ.ਆਰ. ਸੁਮਾ, ਸਹਾਇਕ ਇੰਜੀਨੀਅਰ ਪਾਰਸ ਕੋਠੀਆ ਅਤੇ ਪੁਲਿਸ ਇੰਸਪੈਕਟਰ ਵੀ.ਆਰ. ਪਟੇਲ ਤੇ ਐਨ.ਆਈ. ਰਾਠੌੜ ਸ਼ਾਮਲ ਹਨ।

# ਭਾਰਤ 'ਚ ਕੁਲੀਸ਼ਨ ਯੁੱਗ ਮੁੜ ਸ਼ੁਰੂ

ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੇ ਤੇਲਗੂ ਦੇਸਮ ਪਾਰਟੀ ਨੇ ਜਗਨ ਮੋਹਨ ਰੈਡੀ ਦਾ ਪਾਸਾ ਪਲਟ ਦਿੱਤਾ। ਇਸ ਤੋਂ ਇਲਾਵਾ ਉੜੀਸਾ ਵਿੱਚ ਭਾਜਪਾ ਨੇ ਬੀਜੂ ਜਨਤਾ ਦਲ ਦਾ ਪੱਤਾ ਸਾਫ ਕਰ ਦਿੱਤਾ। ਸਭ ਤੋਂ ਅਣਕਿਆਸੇ ਨਤੀਜੇ ਉੱਤਰ ਪ੍ਰਦੇਸ਼ ਵਿੱਚ ਆਏ ਹਨ, ਜਿੱਥੇ ਸਮਾਜਵਾਦੀ ਪਾਰਟੀ 45 ਸੀਟਾਂ ਜਿੱਤ ਕੇ ਵੱਡੀ ਪਾਰਟੀ ਬਣ ਗਈ ਹੈ। ਇਸ ਤੋਂ ਇਲਾਵਾ ਮਹਾਰਾਸ਼ਟਰ ਅਤੇ ਰਾਜਸਥਾਨ ਵਿੱਚ ਵੀ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਸੱਟ ਵੱਜੀ ਹੈ। ਆਪਣੇ ਰਵਾਇਤੀ ਗੜ੍ਹ ਮੱਧ ਪ੍ਰਦੇਸ਼ ਵਿੱਚ ਭਾਜਪਾ ਭਾਵੇਂ ਹੂੰਝਾ ਫੇਰ ਗਈ ਹੈ।

ਉੱਤਰ ਪ੍ਰਦੇਸ਼ ਵਿੱਚ ਭਾਜਪਾ ਨਾਲੋਂ ਵੱਧ ਸੀਟਾਂ ਜਿੱਤ ਕੇ ਅਖਿਲੇਸ਼ ਨੇ ਭਾਜਪਾ ਨੂੰ ਵੱਡਾ ਝਟਕਾ ਦੇ ਦਿੱਤਾ ਹੈ। ਯੂ.ਪੀ. ਦੇ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਨੇ ਭਾਜਪਾ ਦੀ ਜਿੱਤ ਲਈ ਸਾਰੇ ਦੇਸ਼ ਵਿੱਚ ਤਕਰੀਬਨ 200 ਰੈਲੀਆਂ ਕੀਤੀਆਂ, ਪਰ ਆਪਣਾ ਘਰ ਨਾ ਬਚਾ ਸਕੇ। ਪੰਜਾਬ ਵਿੱਚ ਬਹੁਗਿਣਤੀ (7) ਸੀਟਾਂ ਕਾਂਗਰਸ ਪਾਰਟੀ ਲੈ ਗਈ ਹੈ, 3 ਸੀਟਾਂ ਆਪ ਨੇ ਜਿੱਤੀਆਂ ਹਨ। ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਵੱਡੇ ਫਰਕ ਨਾਲ ਚੋਣ ਜਿੱਤ ਗਏ ਹਨ। ਅਕਾਲੀ ਦਲ ਬਠਿੰਡਾ ਤੋਂ ਚੋਣ ਜਿੱਤਿਆ। ਹਰਸਿਮਰਤ ਕੌਰ ਬਾਦਲ ਨੇ ਇਹ ਸੀਟ ਫਿਰ ਜਿੱਤ ਲਈ ਹੈ। ਇਹ ਸੀਟ ਜਿੱਤਣ ਨਾਲ ਅਕਾਲੀ ਦਲ ਨੇ ਆਪਣੀ ਪਤਿ ਭਾਵੇਂ ਬਚਾ ਲਈ ਹੈ, ਪਰ ਵੋਟ ਸ਼ੇਅਰ ਦੇ ਮਾਮਲੇ ਵਿੱਚ ਉਹ ਭਾਜਪਾ ਨਾਲੋਂ ਪਛੜ ਗਿਆ ਹੈ। ਅਕਾਲੀ ਦਲ (ਬਾਦਲ) ਨੇ ਜੇ ਮਾਨ ਦਲ ਵਾਂਗੂੰ ਖਡੂਰ ਸਾਹਿਬ ਤੋਂ ਆਪਣਾ ਉਮੀਦਵਾਰ ਹਟਾ ਲਿਆ ਹੁੰਦਾ ਤਾਂ ਬਾਕੀ ਸੀਟਾਂ 'ਤੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਹਮਦਰਦੀ ਵੋਟ ਮਿਲ ਜਾਣੀ ਸੀ, ਪਰ ਹੁਣ 2 ਨਵੇਂ ਸਿੱਖ ਨੌਜਵਾਨਾਂ ਦੇ ਸਿਆਸੀ ਸੀਨ 'ਤੇ ਉਭਰ ਆਉਣ ਨਾਲ ਨਵੇਂ ਸਿੱਖ ਰਾਜਨੀਤਿਕ ਸੰਗਠਨ ਦੇ ਹੋਂਦ ਵਿੱਚ ਆਉਣ ਦੇ ਆਸਾਰ ਵੀ ਬਣ ਗਏ ਹਨ। ਇਹਦੇ ਲਈ ਸੂਰਤ ਇਹ ਹੈ ਕਿ ਜਿਹੜੇ ਸਿੱਖ ਆਜ਼ਾਦ ਉਮੀਦਵਾਰ ਜਿੱਤੇ ਹਨ, ਉਹ ਤੇਜ਼ੀ ਨਾਲ ਸੰਗਠਨ ਬਣਾਉਣ ਵੱਲ ਅੱਗੇ ਵਧਣ। ਜੇ ਅਜਿਹਾ ਨਹੀਂ ਕਰਦੇ ਤਾਂ ਇੱਕ-ਅੱਧੀ ਟਰਮ ਤੋਂ ਬਾਅਦ ਉਨ੍ਹਾਂ ਦਾ ਪ੍ਰਭਾਵ ਵੀ ਮੱਧਮ ਪੈ ਜਾਵੇਗਾ। ਇਸ ਹਾਲਤ ਵਿੱਚ ਉਨ੍ਹਾਂ ਦੀ ਵਿਅਕਤੀਗਤ ਹੈਸੀਅਤ ਦੀ ਵੀ ਬਹੁਤੀ ਬੁੱਕਤ ਨਹੀਂ ਰਹਿਣੀ।

ਕੌਮੀ ਸਿਆਸਤ ਦੀ ਗੱਲ ਕਰੀਏ ਤਾਂ ਨਤੀਜਿਆਂ ਦੀ ਦਿਸ਼ਾ ਸਾਹਮਣੇ ਆਉਣ ਨਾਲ ਦੋਵਾਂ ਗੁੱਟਾਂ ਨੇ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿਰੋਧੀ ਗੁੱਟਾਂ ਵਿੱਚ ਮੌਜੂਦ ਉੱਚ ਪੱਧਰੇ ਸੂਤਰਾਂ ਅਨੁਸਾਰ ਇੰਡੀਆ ਗੁੱਟ ਨਾਲ ਜੁੜੇ ਮਰਾਠਾ ਆਗੂ ਸ਼ਰਦ ਪਵਾਰ, ਨਿਤੀਸ਼ ਕੁਮਾਰ ਨਾਲ ਸੰਪਰਕ ਵਿੱਚ ਹਨ। ਹੁਣ ਕੁਲੀਸ਼ਨ ਵਾਲੀ ਸਥਿਤੀ ਵਿੱਚ ਕੌਮੀ ਪਾਰਟੀਆਂ ਨੂੰ ਛੋਟੀਆਂ ਪਾਰਟੀਆਂ ਦੀ ਜ਼ਰੂਰਤ ਖੜ੍ਹੀ ਹੋਏਗੀ। ਛੋਟੀਆਂ ਪਾਰਟੀਆਂ ਦੇ ਆਗੂ ਇਸ ਸਥਿਤੀ ਵਿੱਚ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਜਾਂ ਕੋਈ ਹੋਰ ਵੱਡਾ ਅਹੁਦਾ ਹਾਸਲ ਕਰਨ ਲਈ ਕਿਸੇ ਵੀ ਧਿਰ ਨਾਲ ਗੱਠਜੋੜ ਕਰ ਸਕਦੇ ਹਨ। ਨਿਤੀਸ਼ ਕੁਮਾਰ ਚਿਰ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਰੀਝ ਪਾਲ ਰਹੇ ਹਨ। ਇਸ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਦੀਆਂ ਖਾਹਿਸ਼ਾਂ ਵੀ ਛੋਟੀਆਂ ਨਹੀਂ ਹਨ। ਉਂਝ ਉਨ੍ਹਾਂ ਦੀ ਪਾਰਟੀ ਹਾਲੇ ਅਜਿਹੀ ਸਥਿਤੀ ਵਿੱਚ ਨਹੀਂ ਹੈ ਕਿ ਟੀਸੀ ਦਾ ਬੇਰ ਤੋੜ ਸਕੇ। ਜੇਲ੍ਹ ਵਿੱਚ ਬੰਦ ਹੋਣ ਕਾਰਨ ਵੀ ਹਾਲ ਦੀ ਘੜੀ ਉਹ ਆਪਣਾ ਦਾਅਵਾ ਅੱਗੇ ਨਹੀਂ ਵਧਾ ਸਕਣਗੇ। ਇਸ ਦੀ ਗੈਰ-ਹਾਜ਼ਰੀ ਵਿੱਚ ਰਾਹੁਲ ਗਾਂਧੀ, ਅਖਿਲੇਸ਼ ਯਾਦਵ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ 'ਤੇ ਵੀ ਗੁਣਾ ਪੈ ਸਕਦਾ ਹੈ।

ਵੈਸੇ ਸਭ ਤੋਂ ਵੱਡੀ ਪਾਰਟੀ ਬਣਨ ਕਾਰਨ ਰਾਸ਼ਟਰਪਤੀ ਵੱਲੋਂ ਸਰਕਾਰ ਬਣਾਉਣ ਦਾ ਪਹਿਲਾ ਸੱਦਾ ਭਾਜਪਾ ਨੂੰ ਹੀ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਐਨ.ਡੀ.ਏ. ਕੋਲ 270 ਸੀਟਾਂ ਹਨ। ਇਸ ਕਰਕੇ ਰਾਸ਼ਟਰਪਤੀ ਵੱਲੋਂ ਐਨ.ਡੀ.ਏ. ਨੂੰ ਹੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਜਾਣਾ ਹੈ। ਜੇ ਉਹ ਆਪਣਾ ਬਹੁਮਤਿ ਸਿੱਧ ਕਰ ਦਿੰਦੇ ਹਨ ਤਾਂ ਉਨ੍ਹਾਂ ਦੀ ਸਰਕਾਰ ਬਣ ਜਾਵੇਗੀ। ਦੂਜੇ ਪਾਸੇ 'ਇੰਡੀਆ' ਗੱਠਜੋੜ ਐਨ.ਡੀ.ਏ. ਵਿੱਚ ਹੋਣ ਵਾਲੀ ਕਿਸੇ ਵੀ ਟੁੱਟ-ਭੱਜ 'ਤੇ ਤਿੱਖੀ ਨਜ਼ਰ ਰੱਖੇਗਾ। ਇਹ ਸਮਝਿਆ ਜਾ ਰਿਹਾ ਹੈ ਕਿ ਤੈਲਗੂ ਦੇਸਮ ਪਾਰਟੀ ਅਤੇ ਨਿਤੀਸ਼ ਦੀ ਅਗਵਾਈ ਵਾਲਾ ਜਨਤਾ ਦਲ ਯੂਨਾਈਟਡ ਇੰਡੀਆ ਗਠਜੋੜ ਵੱਲ ਵੀ ਖਿਸਕ ਸਕਦਾ ਹੈ। ਕੁਝ ਵੀ ਹੋਵੇ, ਬਣੇਗੀ ਇੱਕ ਲਟਕਵੀਂ ਸਰਕਾਰ ਹੀ। ਇਸ ਨਾਲ ਭਾਜਪਾ ਦੇ ਫਿਰਕੂ ਤੇ ਤਾਨਾਸ਼ਾਹ ਰਵੱਈਏ ਵਾਲੇ ਡੰਗ ਨੂੰ ਮਾਰਨ ਵਾਲੇ ਸਿਆਸੀ ਸਮੀਕਰਣ ਜ਼ਰੂਰ ਬਣ ਗਏ ਹਨ।

ਚੋਣ ਨਤੀਜਿਆਂ ਤੋਂ ਬਾਅਦ ਮੀਡੀਏ ਨਾਲ ਗੱਲਬਾਤ ਕਰਦਿਆਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਇਹ ਕੇਵਲ ਸਾਡੀ ਨਹੀਂ, ਸਾਰੇ ਦੇਸ਼ ਦੇ ਲੋਕਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਜਿਹੜੀ ਭਾਜਪਾ 400 ਪਾਰ ਜਾਣ ਦੇ ਦਾਅਵੇ ਕਰਦੀ ਸੀ, ਉਹ 240 ਸੀਟਾਂ 'ਤੇ ਸਿਮਟ ਗਈ ਹੈ। ਉਨ੍ਹਾਂ ਕਿਹਾ ਕਿ ਲੜਾਈ ਸਾਡੇ ਤੇ ਭਾਜਪਾ ਵਿਚਾਲੇ ਨਹੀਂ, ਲੋਕਾਂ ਅਤੇ ਭਾਜਪਾ ਵਿਚਾਲੇ ਰਹੀ। ਇਸੇ ਦੌਰਾਨ ਰਾਹੁਲ ਗਾਂਧੀ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਇਹ ਲੜਾਈ ਹਿੰਦੁਸਤਾਨ ਦੇ ਲੋਕਾਂ ਨੇ ਸਵਿੰਧਾਨ, ਜਮਹੂਰੀਅਤ ਅਤੇ ਵੱਖ-ਵੱਖ ਸੰਸਥਾਵਾਂ ਦੀ ਰਾਖੀ ਲਈ ਲੜੀ ਹੈ। ਸਾਡੀ ਟੱਕਰ ਸਿਰਫ ਭਾਜਪਾ ਨਾਲ ਨਹੀਂ ਸੀ, ਸਗੋਂ ਸਰਕਾਰ ਵੱਲੋਂ ਹਥਿਆਰਾਂ ਵਾਂਗ ਵਰਤੀਆਂ ਜਾ ਰਹੀ ਕੇਂਦਰੀ ਏਜੰਸੀਆਂ, ਈ.ਡੀ., ਸੀ.ਬੀ.ਆਈ. ਅਤੇ ਅਥਾਹ ਕਾਰਪੋਰੇਟ ਸਰਮਾਏ ਨਾਲ ਵੀ ਸੀ। ਸਾਡੇ ਬੰਦਿਆਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ, ਕੇਸ ਬਣਾਏ ਗਏ, ਡਰਾਇਆ ਧਮਕਾਇਆ ਗਿਆ। ਸਾਡੇ ਖਾਤੇ ਜਾਮ ਕੀਤੇ ਗਏ। ਇਸ ਦੇ ਬਾਵਜੂਦ ਸਾਡੇ ਵਰਕਰਾਂ ਨੇ ਦਲੇਰੀ ਨਾਲ ਚੋਣ ਲੜੀ ਅਤੇ ਭਾਜਪਾ ਦੇ ਜਾਬਰ ਹਥਕੰਡਿਆਂ ਦਾ ਮੁਕਾਬਲਾ ਕੀਤਾ।

ਇਕ ਹੋਰ ਕਾਂਗਰਸੀ ਆਗੂ ਨੇ ਬੜੀ ਦਿਲਚਸਪ ਗੱਲ ਕਰੀ। ਉਸ ਨੇ ਆਖਿਆ ਕਿ ਇਨ੍ਹਾਂ ਚੋਣ ਨਤੀਜਿਆਂ ਨੇ ਨਾ ਸਿਰਫ ਭਾਜਪਾ ਨੂੰ ਹਰਾਇਆ ਸਗੋਂ ਖੁਦ ਭਾਜਪਾ ਨੂੰ ਇਕ ਡਿਕਟੇਟਰ (ਮੋਦੀ) ਤੋਂ ਮੁਕਤੀ ਦਿਵਾਈ। ਉਸ ਨੂੰ ਭਾਜਪਾ ਦੇ ਵਰਕਰਾਂ ਦੇ ਹਵਾਲੇ ਕੀਤਾ। ਤੋੜੀਆਂ-ਮਰੋੜੀਆਂ ਜਾ ਰਹੀਆਂ ਖ਼ੁਦਮੁਖ਼ਤਾਰ ਭਾਰਤੀ ਸੰਸਥਾਵਾਂ ਨੂੰ ਵੀ ਮੁਕਤ ਕਰਵਾਇਆ ਹੈ। ਹੁਣ ਇੱਕ ਤਰ੍ਹਾਂ ਨਾਲ ਮਾਹੌਲ ਖੁੱਲ੍ਹ ਗਿਆ ਹੈ। ਸਾਰੀਆਂ ਸੰਸਥਾਵਾਂ ਅਤੇ ਰਾਜਨੀਤਿਕ ਪਾਰਟੀਆਂ ਆਪਣੇ ਨਿਵੇਕਲੇ ਅੰਦਾਜ਼ ਵਿੱਚ ਵਿਚਰ ਸਕਣਗੀਆਂ।

# ਡਾ. ਗੁਰਇਕਬਾਲ ਸਿੰਘ ਨੰਦਰਾ ਦਾ 'ਐਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨ

## *ਇਹ ਸਨਮਾਨ ਅਮਰੀਕਾ ਦੇ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਹੈ*

ਕੁਲਜੀਤ ਦਿਆਲਪੁਰੀ

**ਸ਼ਿਕਾਗੋ:** ਇਹ ਪੰਜਾਬੀ ਭਾਈਚਾਰੇ ਲਈ ਵੱਡੇ ਮਾਣ ਵਾਲੀ ਗੱਲ ਹੈ ਕਿ ਐਡਵੋਕੇਟ ਅਤੇ ਕੇਟਾਮਾਈਨ ਟਰੀਟਮੈਂਟ ਪਾਇਨੀਅਰ ਦੇ ਡਾ. ਗੁਰਇਕਬਾਲ (ਬਾਲ) ਸਿੰਘ ਨੰਦਰਾ ਦਾ 'ਐਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨ ਕੀਤਾ ਗਿਆ ਹੈ। ਇਹ ਅਮਰੀਕਾ ਦੇ ਸਭ ਤੋਂ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਹਰ ਸਾਲ ਇਸਦੇ ਪ੍ਰਾਪਤਕਰਤਾਵਾਂ ਨੂੰ ਕਾਂਗਰੇਸ਼ਨਲ ਰਿਕਾਰਡ ਵਿੱਚ ਪੜ੍ਹਿਆ ਜਾਂਦਾ ਹੈ। ਇਹ ਮੈਡਲ ਉਤਮ ਅਮਰੀਕੀਆਂ ਦੇ ਚੰਗੇ ਉਦਮਾਂ ਦੇ ਜਸ਼ਨ ਵਜੋਂ ਦਿੱਤਾ ਜਾਂਦਾ ਹੈ, ਜੋ ਸੰਯੁਕਤ ਰਾਜ ਅਤੇ ਇਸਦੇ ਨਾਗਰਿਕਾਂ ਦੀ ਬਿਹਤਰੀ ਲਈ ਨਿਰਸਵਾਰਥ ਕੰਮ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਡਾ. ਬਾਲ ਨੰਦਰਾ ਸ਼ਿਕਾਗੋ ਦੇ IV Solution Ketamine Centers ਦੇ ਚੀਫ ਮੈਡੀਕਲ ਅਫਸਰ ਹਨ। ਉਨ੍ਹਾਂ ਨੂੰ ਮਿਲਿਆ ਇਹ ਵੱਕਾਰੀ ਸਨਮਾਨ ਅਮਰੀਕਾ ਦੀ ਖੁਸ਼ਹਾਲੀ ਲਈ ਪਰਵਾਸੀਆਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ ਅਤੇ ਪਰਵਾਸੀਆਂ ਤੇ ਉਨ੍ਹਾਂ ਦੀ ਸੰਤਾਨ ਦੁਆਰਾ ਅਮਰੀਕਾ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕਰਦਾ ਹੈ। ਡਾ. ਨੰਦਰਾ ਨੂੰ ਇਹ ਸਨਮਾਨ ਮਈ ਮਹੀਨੇ ਨਿਊ ਯਾਰਕ ਸਿਟੀ ਵਿੱਚ ਦ ਕੌਨਰਾਡ ਹੋਟਲ ਵਿੱਚ ਚੇਅਰਮੈਨ ਦੇ ਡਿਨਰ ਅਤੇ ਸਮਾਰੋਹ ਵਿੱਚ ਸਾਥੀ ਪ੍ਰਾਪਤਕਰਤਾਵਾਂ ਦੀ ਹਾਜ਼ਰੀ ਵਿੱਚ ਦਿੱਤਾ ਗਿਆ।

ਪਿਛਲੇ ਸਮਿਆਂ ਦੌਰਾਨ ਇਹ ਸਨਮਾਨ ਰਾਸ਼ਟਰਪਤੀ ਰੋਨਾਲਡ ਰੀਗਨ ਤੇ ਜੋਅ ਬਾਇਡਨ, ਨੋਬਲ ਪੁਰਸਕਾਰ ਜੇਤੂ ਏਲੀ ਵਿਜ਼ਲ ਤੇ ਮਲਾਲਾ ਯੂਸਫਜ਼ਈ, ਸੈਨੇਟਰ ਜੌਹਨ ਮੈਕਕੇਨ ਅਤੇ ਲੀ ਆਈਕੋਕਾ ਸਮੇਤ ਕੁਝ ਨਾਮੀ ਤੇ ਅਦਬੀ ਸ਼ਖਸੀਅਤਾਂ ਨੂੰ ਦਿੱਤਾ ਜਾ ਚੁਕਾ ਹੈ। ਇਹ ਸਨਮਾਨ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਵੀ ਮਿਲ ਚੁਕਾ ਹੈ। ਚੇਤੇ ਰਹੇ, 1986 ਵਿੱਚ ਸਥਾਪਿਤ ਕੀਤਾ ਗਿਆ ਇਹ ਮੈਡਲ ਹਰ ਸਾਲ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਸੇਵਾ ਲਈ ਸ਼ਾਨਦਾਰ ਵਚਨਬੱਧਤਾ ਦਿਖਾਈ ਹੈ। ਹੁਣ ਇਹ ਵੱਕਾਰੀ ਸਨਮਾਨ



ਸਿੱਖ ਭਾਈਚਾਰੇ ਦੀ ਇੱਕ ਹੋਰ ਸ਼ਖਸੀਅਤ ਡਾ. ਨੰਦਰਾ ਨੂੰ ਪ੍ਰਾਪਤ ਹੋਣਾ ਭਾਈਚਾਰੇ ਲਈ ਅਥਾਹ ਖੁਸ਼ੀ ਵਾਲੀ ਗੱਲ ਹੈ। ਡਾ. ਨੰਦਰਾ ਨੇ ਕਿਹਾ ਕਿ ਇੱਕ ਸਿੱਖ ਹੋਣ ਦੇ ਨਾਤੇ, ਇਹ ਸਾਡੇ ਭਾਈਚਾਰੇ ਦੀ ਨੁਮਾਇੰਦਗੀ ਕਰਨ ਅਤੇ ਅੱਗੇ ਵਧਾਉਣ ਦਾ ਮਾਣ ਤੇ ਮੌਕਾ ਹੈ। ਉਨ੍ਹਾਂ ਕਿਹਾ ਕਿ ਮੈਂ ਇਹ ਮਾਣ ਪ੍ਰਾਪਤ ਕਰਨ ਅਤੇ ਸੰਯੁਕਤ ਰਾਜ ਤੇ ਪੱਛਮੀ ਸੰਸਾਰ ਵਿੱਚ ਸਾਡੇ ਭਾਈਚਾਰੇ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਬਹੁਤ ਉਤਸ਼ਾਹਿਤ ਅਤੇ ਸਨਮਾਨਿਤ ਹਾਂ।

ਮਾਨਸਿਕ ਸਿਹਤ ਲਈ ਕੇਟਾਮਾਈਨ ਉਦਯੋਗ ਵਿੱਚ ਇੱਕ ਪਾਇਨੀਅਰ ਡਾ. ਗੁਰਇਕਬਾਲ ਸਿੰਘ ਨੰਦਰਾ ਕੋਲ ਸ਼ਿਕਾਗੋ ਦੇ IV Solution Ketamine ਸੈਂਟਰਾਂ ਦੀ ਅਗਵਾਈ ਕਰਨ ਦਾ ਸੱਤ ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਐਨਸਥੀਸੀਆ ਅਤੇ ਕ੍ਰਿਟੀਕਲ ਕੇਅਰ ਦੇ ਸ਼ਿਕਾਗੋ ਹਸਪਤਾਲ ਦੀ ਵੱਕਾਰੀ ਯੂਨੀਵਰਸਿਟੀ ਵਿੱਚ ਇੱਕ ਐਨਸਥੀਸੀਓਲੌਜਿਸਟ ਵਜੋਂ ਸਿਖਲਾਈ ਪ੍ਰਾਪਤ, ਉਨ੍ਹਾਂ ਕੋਲ ਲਗਭਗ 25 ਸਾਲਾਂ ਦਾ ਕਲਿਨਿਕਲ ਤਜਰਬਾ ਹੈ। ਉਹ ਆਈ.ਵੀ. ਸੋਲਿਊਸ਼ਨ ਦੇ ਮੈਡੀਕਲ ਨਿਰਦੇਸ਼ਕ ਅਤੇ ਸੰਸਥਾਪਕ ਹਨ। ਆਪਣੀ ਨਿਗਰਾਨੀ ਅਤੇ ਅਗਵਾਈ ਦੇ ਨਾਲ ਆਈ.ਵੀ. ਸੋਲਿਊਸ਼ਨ ਨੇ 2017 ਤੋਂ ਲੈ ਕੇ ਹੁਣ ਤੱਕ 15,000 ਤੋਂ ਵੱਧ ਕੇਟਾਮਾਈਨ ਇਨਫਿਊਜ਼ਨ ਕੀਤੇ ਹਨ, ਜੋ ਕਿ ਸ਼ਿਕਾਗੋਲੈਂਡ ਅਤੇ ਮਿਡਵੈਸਟ ਵਿੱਚ ਕਿਸੇ ਵੀ ਕੇਟਾਮਾਈਨ ਕਲਿਨਿਕ ਨਾਲੋਂ ਕਿਤੇ ਜ਼ਿਆਦਾ ਅਨੁਭਵ ਨੂੰ ਦਰਸਾਉਂਦਾ ਹੈ। ਡਿਪਰੈਸ਼ਨ, ਚਿੰਤਾ, PTSD, ਨਸ਼ਾਖੋਰੀ ਅਤੇ ਹੋਰ ਮਾਨਸਿਕ ਬਿਮਾਰੀਆਂ ਲਈ ਉਨ੍ਹਾਂ ਦੇ ਕਲਿਨਿਕ ਦੇ ਨਤੀਜੇ ਇਸ ਖੇਤਰ ਵਿੱਚ ਮੋਹਰੀ ਹਨ।

ਇਨ੍ਹਾਂ ਜੀਵਨ ਬਦਲਣ ਵਾਲੇ ਇਲਾਜਾਂ ਨੂੰ ਸਭ ਲਈ ਵਧੇਰੇ ਪਹੁੰਚਯੋਗ ਬਣਾਉਣ ਲਈ 2018 ਵਿੱਚ ਡਾ. ਨੰਦਰਾ ਅਤੇ ਉਨ੍ਹਾਂ ਦੀ ਪਤਨੀ ਜਿਲ ਨੇ ਲੋੜਵੰਦ ਲੋਕਾਂ ਨੂੰ ਵਿੱਤੀ ਮਦਦ ਪ੍ਰਦਾਨ ਕਰਨ ਵਜੋਂ ਇੱਕ ਗੈਰ-ਲਾਭਕਾਰੀ ਸੰਸਥਾ ਸੈਰੇਨਿਟੀ ਫਾਊਂਡੇਸ਼ਨ ਦੀ ਸਥਾਪਨਾ ਵੀ ਕੀਤੀ ਹੈ। ਡਾ. ਨੰਦਰਾ ਨੂੰ ਨਵੀਨਤਾ ਤੇ ਮਾਨਸਿਕ ਸਿਹਤ ਤੰਦਰੁਸਤੀ ਲਈ ਨੈਸ਼ਨਲ ਅਲਾਇੰਸ ਆਨ ਮੈਂਟਲ ਇਲਨੈਸ (NAMI) ਸ਼ਿਕਾਗੋ ਵੱਲੋਂ 'ਲਾਈਟ ਦ ਡਾਰਕਨੈਸ ਅਵਾਰਡ' ਨਾਲ ਵੀ ਸਾਲ 2022 ਵਿੱਚ ਸਨਮਾਨਿਤ ਕੀਤਾ ਗਿਆ ਸੀ।

ਭਾਈਚਾਰੇ ਅਤੇ ਅਸਲ ਸੰਸਾਰ ਵਿੱਚ ਕੇਟਾਮਾਈਨ ਇਨਫਿਊਸ਼ਨ ਦੇ ਪ੍ਰਭਾਵ ਦਾ ਮੁਲੰਕਣ ਕਰਨ ਲਈ ਡਾ. ਨੰਦਰਾ ਆਪਣੇ ਕਲਿਨਿਕ ਤੋਂ ਅਤੇ ਬੇਲਰ ਕਾਲਜ ਆਫ਼ ਮੈਡੀਸਨ ਦੇ ਮਨੋਵਿਗਿਆਨ ਵਿਭਾਗ ਦੇ ਸਹਿਯੋਗ ਨਾਲ ਕਈ ਪ੍ਰਕਾਸ਼ਿਤ ਕਲਿਨਿਕਲ ਅਧਿਐਨਾਂ ਦੇ ਸਹਿ-ਲੇਖਕ ਵੀ ਰਹੇ ਹਨ। ਡਾ. ਨੰਦਰਾ ਨੇ ਵੀ ਡਾ. ਯੂਜੀਨ ਲਿਪੋਵ ਵਾਂਗ ਆਪਣੇ ਮਰੀਜ਼ਾਂ ਲਈ ਸਟੈਲੇਟ ਗੈਂਗਲੀਅਨ ਬਲਾਕ (ਐਸ.ਜੀ.ਬੀ.) ਦੀ ਵਰਤੋਂ ਕਰਕੇ PTSD ਤੋਂ ਪੀੜਤ ਲੋਕਾਂ ਲਈ ਵਿਆਪਕ ਦੇਖਭਾਲ ਪ੍ਰਦਾਨ ਕਰਨ ਲਈ ਕੇਟਾਮਾਈਨ ਨੂੰ ਹਰ ਉਸ ਵਿਅਕਤੀ ਲਈ ਪਹੁੰਚਯੋਗ ਬਣਾਉਣਾ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾਇਆ ਹੈ।






ਡਾ. ਗੁਰਇਕਬਾਲ ਸਿੰਘ ਨੰਦਰਾ ਆਪਣੇ ਮਾਤਾ-ਪਿਤਾ ਅਤੇ (ਸੱਜੇ) ਆਪਣੀ ਪਤਨੀ ਤੇ ਧੀਆਂ ਨਾਲ

## ਆਈ.ਵੀ. ਸੋਲਿਊਸ਼ਨ, ਸੈਰੇਨਿਟੀ ਫਾਊਂਡੇਸ਼ਨ ਅਤੇ ਨੰਦਰਾ ਪਰਿਵਾਰ

ਡਾ. ਗੁਰਇਕਬਾਲ (ਬਾਲ) ਸਿੰਘ ਨੰਦਰਾ ਨੇ 2017 ਵਿੱਚ ਮੁੱਖ ਡਿਪਰੈਸ਼ਨ 'ਤੇ ਕੇਟਾਮਾਈਨ ਦੇ ਇਲਾਜ ਪ੍ਰਭਾਵਾਂ ਦਾ ਅਧਿਐਨ ਕਰਨ ਅਤੇ ਇਹ ਮਹਿਸੂਸ ਕਰਨ ਤੋਂ ਬਾਅਦ ਕੇਂਦਰ ਖੋਲ੍ਹਿਆ ਕਿ ਇਹ ਨਵੀਨਤਾਕਾਰੀ ਇਲਾਜ ਉਨ੍ਹਾਂ ਲਈ ਉਪਲਬਧ ਹੋਣਾ ਚਾਹੀਦਾ ਹੈ, ਜੋ ਰੋਜ਼ਾਨਾ ਪੀੜਤ ਹਨ। ਦੋ ਦਹਾਕਿਆਂ ਤੋਂ ਵੱਧ ਦੇ ਤਜ਼ਰਬੇ ਦੇ ਨਾਲ ਇੱਕ ਐਨਸਥੀਸੀਓਲੌਜਿਸਟ ਵਜੋਂ ਉਨ੍ਹਾਂ ਨੇ ਇੱਕ ਫਰਕ ਲਿਆਉਣ ਦੇ ਮੌਕੇ ਨੂੰ ਸਮਝ ਲਿਆ।

2018 ਵਿੱਚ ਡਾ. ਨੰਦਰਾ ਅਤੇ ਉਨ੍ਹਾਂ ਦੀ ਪਤਨੀ ਜਿਲ ਨੇ ਦਿਮਾਗੀ ਬਿਮਾਰੀ ਲਈ ਕੇਟਾਮਾਈਨ ਇਲਾਜ ਦੀ ਮੰਗ ਕਰਨ ਵਾਲਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਮਿਸ਼ਨ ਦੇ ਨਾਲ ਸੈਰੇਨਿਟੀ ਫਾਊਂਡੇਸ਼ਨ ਦੀ ਸ਼ੁਰੂਆਤ ਕੀਤੀ। ਉਦੋਂ ਤੋਂ 2200 ਤੋਂ ਵੱਧ ਕੇਟਾਮਾਈਨ ਇਲਾਜ ਪ੍ਰਦਾਨ ਕੀਤੇ ਹਨ ਅਤੇ ਬਹੁਤ ਸਾਰੀਆਂ ਜ਼ਿੰਦਗੀਆਂ ਨੂੰ ਬਦਲ ਦਿੱਤਾ ਹੈ। ਉਹ ਰੇਡੀਓ, ਟੀ.ਵੀ. ਅਤੇ ਬੋਲਣ ਦੇ ਰੁਝੇਵਿਆਂ ਰਾਹੀਂ ਕੇਟਾਮਾਈਨ ਥੈਰੇਪੀ ਬਾਰੇ ਜਾਗਰੂਕਤਾ ਵੀ ਵਧਾਉਂਦੇ ਹਨ। ਉਨ੍ਹਾਂ ਨੇ ਸ਼ਿਕਾਗੋ ਵਿੱਚ ਫਰਾਂਸਿਸ ਜ਼ੇਵੀਅਰ ਵਾਰਡ ਸਕੂਲ ਸਮੇਤ ਹੋਰ ਖੇਤਰਾਂ ਦੇ ਗੈਰ-ਲਾਭਕਾਰੀ ਬੋਰਡਾਂ ਵਿੱਚ ਸੇਵਾ ਕੀਤੀ ਹੈ।

---

ਸ਼ਿਕਾਗੋ ਦੇ ਆਈ.ਵੀ. ਸੋਲਿਊਸ਼ਨ ਕੇਟਾਮਾਈਨ ਸੈਂਟਰ ਡਿਪਰੈਸ਼ਨ, ਪੁਰਾਣੀ ਦਰਦ, ਫਾਈਬਰੋਮਾਈਆਲਜੀਆ, PTSD, ਮੇਨੋਪਾਜ਼ ਤੋਂ ਬਾਅਦ ਦੀਆਂ ਗਰਮ ਫਲੈਸ਼ਾਂ ਅਤੇ ਹੋਰ ਬਿਮਾਰੀਆਂ ਦੇ ਇਲਾਜ ਲਈ ਡਾਕਟਰੀ ਤੌਰ 'ਤੇ ਸਾਬਤ ਹੋਏ ਨਾੜੀ ਦੇ ਕੇਟਾਮਾਈਨ ਥੈਰੇਪੀਆਂ ਦੀ ਪੇਸ਼ਕਸ਼ ਕਰਨ ਵਾਲੀ ਪਹਿਲੀ ਨਿੱਜੀ ਸਹੂਲਤ ਹਨ। ਉਹ ਇਲਾਜ ਨੂੰ ਅਨੁਕੂਲ ਬਣਾਉਣ ਤੇ ਦੇਖਭਾਲ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਮਰੀਜ਼ਾਂ ਅਤੇ ਉਨ੍ਹਾਂ ਦੇ ਪ੍ਰਾਇਮਰੀ ਕੇਅਰ ਡਾਕਟਰ, ਮਾਹਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਨਾਲ ਸਹਿਯੋਗ ਕਰਦੇ ਹਨ।

ਡਾਊਨਟਾਊਨ ਸ਼ਿਕਾਗੋ ਵਿੱਚ 712 ਨੌਰਥ ਡੀਅਰਬੋਰਨ ਸਟ੍ਰੀਟ ਵਿੱਚ ਸਥਿਤ, ਰਿਵਰ ਨੌਰਥ ਵਿੱਚ ਅਤਿ-ਆਧੁਨਿਕ ਮੈਡੀਕਲ ਸਹੂਲਤ ਐਨਸਥੀਸੀਓਲੌਜਿਸਟਸ, ਰਜਿਸਟਰਡ ਨਰਸਾਂ ਅਤੇ ਹੁਨਰਮੰਦ ਸਟਾਫ ਆਨਸਾਈਟ ਨਾਲ ਇੱਕ ਨਿੱਜੀ, ਗੁਪਤ ਸੈਟਿੰਗ ਵਿੱਚ ਅਨੁਕੂਲਿਤ ਥੈਰੇਪੀ ਦੀ ਪੇਸ਼ਕਸ਼ ਕਰਦੀ ਹੈ। ਵਧੇਰੇ ਜਾਣਕਾਰੀ ਲਈ ਫੋਨ: 844-948-6337 ਜਾਂ ਈਮੇਲ: info@ChicagoIVSolution.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

ਡਾ. ਨੰਦਰਾ ਦਾ ਪਿਛੋਕੜ ਜਲੰਧਰ ਤੋਂ ਹੈ, ਪਰ ਉਹ ਇੰਗਲੈਂਡ ਤੇ ਕੈਨੇਡਾ ਵਿੱਚ ਵੱਡੇ ਹੋਏ। ਸਾਲ 1980 ਵਿੱਚ ਉਨ੍ਹਾਂ ਦਾ ਪਰਿਵਾਰ ਅਮਰੀਕਾ ਆਵਾਸ ਕਰ ਗਿਆ, ਜਿੱਥੇ ਉਤਰੀ ਡਕੋਟਾ ਵਿੱਚ ਉਨ੍ਹਾਂ ਦੇ ਪਿਤਾ ਡਾ. ਮੁਖਤਾਰ ਸਿੰਘ ਨੰਦਰਾ ਡਾਕਟਰ ਸਨ। ਡਾ. ਬਾਲ ਨੰਦਰਾ ਨੇ ਯੂਨੀਵਰਸਿਟੀ ਆਫ਼ ਨਾਰਥ ਡਕੋਟਾ ਸਕੂਲ ਆਫ਼ ਮੈਡੀਸਨ ਤੋਂ ਡਾਕਟਰ ਆਫ਼ ਮੈਡੀਸਨ ਦੀ ਡਿਗਰੀ ਹਾਸਲ ਕਰਨ ਤੋਂ ਬਾਅਦ ਸ਼ਿਕਾਗੋ ਯੂਨੀਵਰਸਿਟੀ ਵਿੱਚ ਐਨਸਥੀਸੀਓਲੌਜੀ ਰੈਜ਼ੀਡੈਂਸੀ ਕੀਤੀ। ਉਹ ਆਪਣੀ ਪਤਨੀ ਜਿਲ ਅਤੇ ਦੋ ਧੀਆਂ- ਲੁਏਲਾ ਅਤੇ ਲਿਵ ਨਾਲ ਸ਼ਿਕਾਗੋ ਵਿੱਚ ਰਹਿੰਦੇ ਹਨ।

### ਐਲਿਸ ਆਈਲੈਂਡ ਆਨਰਜ਼ ਸੁਸਾਇਟੀ, ਨਿਊ ਯਾਰਕ ਦੇ ਚੇਅਰਮੈਨ ਨਾਸਿਰ ਜੇ. ਕਾਜ਼ਮੀਨੀ ਵੱਲੋਂ ਲਿਖਿਆ ਪੱਤਰ

"ਡਾ. ਗੁਰਇਕਬਾਲ ਸਿੰਘ ਨੰਦਰਾ
(ਸੈਰੇਨਿਟੀ ਫਾਊਂਡੇਸ਼ਨ)

ਪਿਆਰੇ ਡਾ. ਨੰਦਰਾ, ਐਲਿਸ ਆਈਲੈਂਡ ਮੈਡਲ ਆਫ਼ ਆਨਰ ਅਮਰੀਕਾ ਦੀ ਦੇਸ਼ ਭਗਤੀ, ਵਿਭਿੰਨਤਾ ਅਤੇ ਸਾਡੇ ਦੇਸ਼ ਦੀ ਆਰਥਿਕ ਤੇ ਸਮਾਜਿਕ ਸਫਲਤਾ ਲਈ ਪਰਵਾਸੀਆਂ ਦੀ ਮਹੱਤਤਾ ਦੇ ਜਸ਼ਨ ਵਿੱਚ ਭਾਵਨਾ ਨੂੰ ਦਰਸਾਉਂਦਾ ਹੈ। ਇਹ ਮੈਡਲ ਹਰ ਸਾਲ ਐਲਿਸ ਆਈਲੈਂਡ 'ਤੇ ਵਿਅਕਤੀਆਂ ਦੇ ਇੱਕ ਚੁਣੇ ਹੋਏ ਸਮੂਹ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਦੇ ਖੇਤਰਾਂ ਵਿੱਚ ਪ੍ਰਾਪਤੀਆਂ ਅਤੇ ਸਾਡੇ ਦੇਸ਼ ਲਈ ਪ੍ਰੇਰਿਤ ਸੇਵਾ ਸ਼ਲਾਘਾ ਦੇ ਯੋਗ ਹੈ। ਮੈਡਲ ਨੂੰ ਅਧਿਕਾਰਤ ਤੌਰ 'ਤੇ ਕਾਂਗਰਸ ਦੇ ਦੋਵਾਂ ਸਦਨਾਂ ਦੁਆਰਾ ਦੇਸ਼ ਦੇ ਸਭ ਤੋਂ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਹੈ ਅਤੇ ਇਸ ਦੇ ਸਨਮਾਨਾਂ ਨੂੰ ਅਧਿਕਾਰਤ ਕਾਂਗਰੇਸ਼ਨਲ ਰਿਕਾਰਡ ਵਿੱਚ ਸਾਲਾਨਾ ਦਰਜ ਕੀਤਾ ਜਾਂਦਾ ਹੈ।

Ellis Island MEDALS of HONOR

ਡਾ. ਨੰਦਰਾ, ਕੇਟਾਮਾਈਨ ਇਲਾਜ ਦੀ ਮੋਹਰੀ ਮਾਨਸਿਕ ਸਿਹਤ ਥੈਰੇਪੀ ਵਿੱਚ ਮੋਹਰੀਆਂ ਆਵਾਜ਼ਾਂ ਵਿੱਚੋਂ ਇੱਕ ਵਜੋਂ, ਤੁਸੀਂ ਜੀਵਨ ਬਦਲ ਰਹੇ ਹੋ ਅਤੇ ਇਤਿਹਾਸ ਬਣਾ ਰਹੇ ਹੋ। ਤੁਸੀਂ ਇਨਫਿਊਜ਼ਨ ਇਲਾਜਾਂ ਦੇ ਸ਼ੁਰੂਆਤੀ ਪ੍ਰੈਕਟੀਸ਼ਨਰ ਸੀ ਅਤੇ ਉਦੋਂ ਤੋਂ ਤੁਸੀਂ ਆਪਣੇ ਆਪ ਨੂੰ ਇਸ ਦਿਲਚਸਪ, ਉੱਭਰ ਰਹੇ ਖੇਤਰ ਵਿੱਚ ਇੱਕ ਦੂਰਦਰਸ਼ੀ ਸਾਬਤ ਕੀਤਾ ਹੈ। ਇਸ ਤੋਂ ਇਲਾਵਾ ਚੈਰੀਟੇਬਲ ਬੋਰਡਾਂ ਅਤੇ ਸੰਸਥਾਵਾਂ ਲਈ ਤੁਹਾਡਾ ਮਾਨਵਤਾਵਾਦੀ ਯੋਗਦਾਨ ਸ਼ਲਾਘਾਯੋਗ ਹੈ। ਇਹ ਇਨ੍ਹਾਂ ਅਤੇ ਤੁਹਾਡੇ ਹੋਰ ਬਹੁਤ ਸਾਰੇ ਯੋਗਦਾਨਾਂ ਦੀ ਪ੍ਰਸ਼ੰਸਾ ਵਿੱਚ ਹੈ ਕਿ ਐਲਿਸ ਆਈਲੈਂਡ ਮੈਡਲ ਆਫ਼ ਆਨਰ-2016 ਪ੍ਰਾਪਤਕਰਤਾ ਐਥਨੀ ਵਾਨ ਮੈਡਲ ਨੇ ਤੁਹਾਨੂੰ ਸਾਡੇ ਮੈਡਲ ਲਈ ਨਾਮਜ਼ਦ ਕੀਤਾ ਹੈ। ਚੇਅਰਮੈਨ ਹੋਣ ਦੇ ਨਾਤੇ, ਮੈਨੂੰ ਉਨ੍ਹਾਂ ਦੀ ਨਾਮਜ਼ਦਗੀ ਨੂੰ ਦੂਜੀ ਵਾਰ ਭੇਜਦਿਆਂ ਅਤੇ ਤੁਹਾਨੂੰ ਸੂਚਿਤ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਨਾਲ, ਤੁਹਾਨੂੰ ਐਲਿਸ ਆਈਲੈਂਡ ਮੈਡਲ ਆਫ਼ ਆਨਰ ਪ੍ਰਾਪਤ ਕਰਨ ਲਈ ਚੁਣਿਆ ਗਿਆ ਹੈ। ਜਦੋਂ ਤੋਂ ਮੈਡਲ ਦੀ ਸਥਾਪਨਾ ਕੀਤੀ ਗਈ ਸੀ, ਅਸੀਂ ਰਾਸ਼ਟਰਪਤੀ ਰੋਨਾਲਡ ਰੀਗਨ ਅਤੇ ਜੋਅ ਬਾਇਡਨ ਸਮੇਤ ਸੰਯੁਕਤ ਰਾਜ ਦੇ ਛੇ ਹੋਰ ਰਾਸ਼ਟਰਪਤੀਆਂ ਸਮੇਤ ਵੱਖ-ਵੱਖ ਅਮਰੀਕੀਆਂ ਨੂੰ ਸਨਮਾਨਿਤ ਕੀਤਾ ਹੈ।

ਹੋਰ ਜਾਣੇ-ਪਛਾਣੇ ਤਮਗਾ ਜੇਤੂਆਂ ਵਿੱਚ 16ਵੇਂ ਸੁਪਰੀਮ ਕੋਰਟ ਦੇ ਜਸਟਿਸ ਵਿਲੀਅਮ ਰੇਹਨਕਵਿਸਟ, ਜੁਆਇੰਟ ਚੀਫ਼ ਆਫ਼ ਸਟਾਫ਼ ਦੇ ਸਾਬਕਾ ਚੇਅਰਮੈਨ ਜਨਰਲ ਮਾਰਟਿਨ ਡੈਂਪਸੀ, ਜਸਟਿਸ ਸੈਂਡਰਾ ਡੇਅ ਓ'ਕੋਨਰ, ਨੋਬਲ ਪੁਰਸਕਾਰ ਜੇਤੂ ਐਲੀ ਵੀਜ਼ਲ ਤੇ ਮਲਾਲਾ ਯੂਸਫ਼ਜ਼ਈ ਸ਼ਾਮਲ ਹਨ; ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ, ਮੇਓ ਕਲਿਨਿਕ ਦੇ ਸੀ.ਈ.ਓ. ਡਾ. ਘਿਅਨਰਿਚੋ ਫਰੂਇਗਾ, ਰੋਜ਼ਾ ਪਾਰਕਸ; ਨੈਕਸਟ ਏਰਾ ਐਨਰਜੀ ਦੇ ਸੀ.ਈ.ਓ. ਜੌਨ ਕੈਚਮ, ਸਾਬਕਾ ਪੈਪਸੀਕੋ ਸੀ.ਈ.ਓ. ਇੰਦਰਾ ਨੂਈ, ਰਿੰਗਸੈਂਟਰਲ ਦੇ ਸੀ.ਈ.ਓ. ਵਲਾਦ ਸ਼ਮੁਨਿਸ, ਕੋਕਾ-ਕੋਲਾ ਦੇ ਸਾਬਕਾ ਚੇਅਰਮੈਨ ਅਤੇ ਸੀ.ਈ.ਓ. ਮੁਹਤਾਰ ਕੈਂਟ, ਗੂਗਲ ਦੇ ਸਾਬਕਾ ਚੇਅਰਮੈਨ ਅਤੇ ਸੀ.ਈ.ਓ. ਐਰਿਕ ਸਮਿੱਟ ਅਤੇ ਕਾਰਲਾਈਲ ਗਰੁੱਪ ਦੇ ਬਾਨੀ ਡੇਵਿਡ ਰੁਬੇਨ ਤੇ ਲੀ ਆਈਕੋਕਾ ਸ਼ਾਮਲ ਹਨ।

ਸਾਡੇ ਅੰਤਰਰਾਸ਼ਟਰੀ ਸਨਮਾਨ ਪ੍ਰਾਪਤਕਰਤਾਵਾਂ ਵਿੱਚ ਉੱਤਰੀ ਆਇਰਲੈਂਡ ਦੇ ਪਹਿਲੇ ਮੰਤਰੀ ਪੀਟਰ ਰੌਬਿਨਸਨ ਅਤੇ ਉਪ-ਪ੍ਰਥਮ ਮੰਤਰੀ ਮਾਰਟਿਨ ਮੈਕਗਿਨੀਜ਼, ਅਰਮੇਨੀਆ ਦੇ ਰਾਸ਼ਟਰਪਤੀ ਸੇਰਜ਼ ਸਰਗਸਯਾਨ, ਮੋਨਾਕੋ ਦੇ ਐਚ.ਐਸ.ਐਚ. ਪ੍ਰਿੰਸ ਐਲਬਰਟ (ਦੂਜਾ) ਅਤੇ ਨਾਲ ਹੀ ਜਾਪਾਨ ਦੇ ਪ੍ਰਧਾਨ ਮੰਤਰੀ ਮਿਸਟਰ ਸ਼ਿੰਜੋ ਆਬੇ ਸ਼ਾਮਲ ਹਨ। ...ਮੇਰੀਆਂ ਦਿਲੋਂ ਸ਼ੁੱਭ-ਇੱਛਾਵਾਂ!"

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT



ਡਾ. ਗੁਰਇਕਬਾਲ ਸਿੰਘ ਨੰਦਰਾ

## ਮੁੱਖ ਮਹਿਮਾਨ

'ਪੰਜਾਬੀ ਪਰਵਾਜ਼' ਲਈ ਇਹ ਮਾਣ ਵਾਲੀ ਗੱਲ ਹੈ ਕਿ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਐਨਸਥੀਸੀਓਲੌਜਿਸਟ ਡਾ. ਗੁਰਇਕਬਾਲ ਸਿੰਘ ਨੰਦਰਾ ਨੇ ਸੱਦਾ ਪ੍ਰਵਾਨ ਕਰਦਿਆਂ 'ਪੰਜਾਬੀ ਪਰਵਾਜ਼ ਨਾਈਟ' 'ਤੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਲਈ ਹਾਮੀ ਭਰੀ ਹੈ। ਡਾ. ਨੰਦਰਾ ਸ਼ਿਕਾਗੋ ਦੇ IV Solution Ketamine Centers ਦੇ ਚੀਫ ਮੈਡੀਕਲ ਅਫਸਰ ਹਨ। ਉਨ੍ਹਾਂ ਕੋਲ ਲਗਭਗ 25 ਸਾਲਾਂ ਦਾ ਕਲਿਨਿਕਲ ਤਜਰਬਾ ਹੈ। ਡਾ. ਨੰਦਰਾ ਨੂੰ ਸਾਲ 2022 ਵਿੱਚ ਨਵੀਨਤਾ ਅਤੇ ਮਾਨਸਿਕ ਸਿਹਤ ਤੰਦਰੁਸਤੀ ਲਈ ਨੈਸ਼ਨਲ ਅਲਾਇੰਸ ਆਨ ਮੈਂਟਲ ਇਲਨੈਸ (NAMI) ਸ਼ਿਕਾਗੋ ਵੱਲੋਂ 'ਲਾਈਟ ਦ ਡਾਰਕਨੈਸ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ। ਹਾਲ ਹੀ ਵਿੱਚ ਉਨ੍ਹਾਂ ਨੂੰ 'ਐਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨ ਕੀਤਾ ਗਿਆ ਹੈ, ਜੋ ਅਮਰੀਕਾ ਦੇ ਵੱਕਾਰੀ ਪੁਰਸਕਾਰਾਂ ਵਿੱਚੋਂ ਇੱਕ ਹੈ।

## ਵਿਸ਼ੇਸ਼ ਮਹਿਮਾਨ



ਲਖਬੀਰ ਸਿੰਘ ਢੀਂਡਸਾ

## ਸਾਡੇ ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਸਰਵਣ ਸਿੰਘ ਟਿਵਾਣਾ | ਡਾ. ਗੁਰਦਿਆਲ ਸਿੰਘ ਬਸਰਾਨ | ਸੰਨੀ ਕੁਲਾਰ | ਰੌਨੀ ਕੁਲਾਰ | ਬਲਜੀਤ ਸਿੱਧੂ ਫਲੋਰਿਡਾ



ਬਲਕਾਰ ਸਿੰਘ ਢਿੱਲੋਂ | ਗੁਲਜ਼ਾਰ ਸਿੰਘ ਮੁਲਤਾਨੀ | ਹੈਪੀ ਹੀਰ | ਮਨਜੀਤ ਸਿੰਘ ਪਾਲੀਆ | ਬਲਵਿੰਦਰ ਸਿੰਘ ਗਿਰਨ | ਜਰਨੈਲ ਸਿੰਘ ਮੱਲ੍ਹੀ | ਜਗਜੀਤ ਸਿੰਘ ਢੀਂਡਸਾ



ਨੀਲ ਗਿੱਲ | ਹੈਰੀ ਬਰਾੜ | ਕਰਨਲ ਮਨਮੋਹਨ ਸਿੰਘ ਮਿਨਹਾਸ | ਮਨਜੀਤ ਸਿੰਘ ਗਿੱਲ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਬੀਬੀ ਜਸਬੀਰ ਕੌਰ ਮਾਨ | ਡਾ. ਗੁਰਬਖ਼ਸ਼ ਸਿੰਘ ਸੈਣੀ



ਲਾਲੀ ਸਿੱਧੂ | ਡਾ. ਵਿਕਰਮ ਗਿੱਲ | ਜਗਮੋਹਨ ਬੇਗੋਵਾਲ | ਧਰਮਿੰਦਰ ਖੱਟੜਾ | ਜਸਰੂਪ ਸਿੰਘ | ਪ੍ਰਦੀਪ ਸਿੰਘ ਕਾਹਲੋਂ | ਭਿੰਦਰ ਸਿੰਘ ਪੰਮਾ | ਬਲਦੇਵ ਸਿੰਘ ਰਾਜੂ



ਹਰਿੰਦਰ ਧਾਲਵਾਲ | ਪਰਮਜੀਤ ਸਿੱਧੂ | ਤੇਜਿੰਦਰ ਸਿੰਘ ਜਿੱਪੀ | ਮਨਮੀਤ ਜੌਲੀ | ਸੁਖਜੀਤ ਬਰਾੜ | ਪਰਮਜੀਤ ਸਿੰਘ | ਸੰਨੀ ਢਿੱਲੋਂ | ਰਾਕੇਸ਼ ਰੇਹਾਨ




ਦੀਪਕ ਛੀਨਾ | ਬਲਜੀਤ ਬਰਾੜ | ਜਸਵੰਤ ਸਿੰਘ | ਹਰਜਿੰਦਰ ਜਿੰਦੀ | ਜਿੰਦੀ ਦਿਆਲ | ਰਾਜਾ ਦਿਆਲ

BHANGRA RHYMES
PROFESSIONAL HEALTHCARE LAB, INC
Radio Chann Pardesi ਰੇਡੀਓ ਚੈਨ ਪ੍ਰਦੇਸੀ
Desi Junction

# ਜੀਤ ਕੁਮਾਰ ਕੌਸ਼ਲ: ਜਜ਼ਬੇ ਅੱਗੇ ਉਮਰ ਦੇ ਕੀ ਮਾਇਨੇ !

**ਕੁਲਜੀਤ ਦਿਆਲਪੁਰੀ**

ਸਾਲ 1969 ਤੋਂ ਪੈਲਾਟਾਈਨ (ਇਲੀਨਾਏ) ਵਿਖੇ ਰਹਿੰਦੇ ਕਰੀਬ 80 ਸਾਲ ਦੇ ਜੀਤ ਕੁਮਾਰ ਕੌਸ਼ਲ ਨੇ ਮਾਊਂਟ ਐਵਰੈਸਟ ਦੇ ਬੇਸ ਕੈਂਪ ਜਾਣ ਦਾ ਸੁਪਨਾ ਪੂਰਾ ਕਰ ਕੇ ਨੌਜਵਾਨਾਂ ਲਈ ਇੱਕ ਮਿਸਾਲ ਕਾਇਮ ਕੀਤੀ



ਹੈ। ਇਸ ਉਮਰ ਦੇ ਉਹ ਪਹਿਲੇ ਸ਼ਖਸ ਹਨ, ਜਿਨ੍ਹਾਂ ਨੇ ਬਿਨਾ ਕਿਸੇ ਤਕਲੀਫ ਦੇ ਮਾਊਂਟ ਐਵਰੈਸਟ ਦੇ ਬੇਸ ਕੈਂਪ ਵਿੱਚ ਪੈਰ ਪਾਇਆ ਤੇ ਭਾਰਤੀ ਝੰਡਾ ਤਿਰੰਗਾ ਲਹਿਰਾਇਆ, ਜਦਕਿ ਉਨ੍ਹਾਂ ਦੇ ਗਰੁੱਪ ਵਿੱਚ ਬਾਕੀ ਜਣੇ ਨੌਜਵਾਨ ਮੁੰਡੇ-ਕੁੜੀਆਂ ਹੀ ਸਨ। ਜ਼ਿਕਰਯੋਗ ਹੈ ਕਿ ਮਾਊਂਟ ਐਵਰੈਸਟ ਦੇ ਬੇਸ ਕੈਂਪ ਦੀ ਉਚਾਈ ਸਮੁੰਦਰੀ ਤਲ ਤੋਂ ਕਰੀਬ 5545 ਮੀਟਰ ਉੱਪਰ ਹੈ ਅਤੇ ਇਸ ਜਗ੍ਹਾ ਦੇ ਉੱਤੇ ਤੰਦਰੁਸਤ ਵਿਅਕਤੀ ਵੀ ਜਾਣ ਤੋਂ ਪਹਿਲਾਂ ਬਹੁਤ ਸੌ ਵਾਰੀ ਸੋਚਦਾ ਹੈ। ਇੱਥੇ ਆਕਸੀਜਨ ਦੀ ਕਮੀ ਹੁੰਦੀ ਹੈ ਅਤੇ ਰਸਤਾ ਵੀ ਬਹੁਤ ਜੋਖ਼ਮ ਭਰਿਆ ਹੁੰਦਾ ਹੈ।

ਜ਼ਿੰਦਗੀ ਦੇ ਇੱਕ ਪੜਾਅ ਉੱਤੇ ਜ਼ਿਆਦਾਤਰ ਲੋਕ ਇਹ ਸੋਚਣ ਲੱਗ ਜਾਂਦੇ ਹਨ ਕਿ ਉਨ੍ਹਾਂ ਵੱਲੋਂ ਉਮਰ ਦਾ ਇੱਕ ਵੱਡਾ ਹਿੱਸਾ ਹੰਢਾ ਲਿਆ ਗਿਆ ਹੈ ਅਤੇ ਹੁਣ ਜੋ ਬਾਕੀ ਬਚੀ ਉਮਰ ਪੋਤਰੀ-ਪੋਤਰਿਆਂ ਨਾਲ ਤੇ ਬਿਮਾਰੀਆਂ ਨਾਲ ਜੂਝਦੇ ਹੋਏ ਹੰਢਾਉਣੀ ਹੈ। ਇਸ ਦੇ ਉਲਟ ਕੁਝ ਲੋਕ ਵਡੇਰੀ ਉਮਰ ਵਿੱਚ ਵੀ ਬਜ਼ੁਰਗੀ ਦਾ ਅਹਿਸਾਸ ਨਹੀਂ ਮੰਨਦੇ ਜਾਂ ਕਹਿ ਲਈਏ 'ਜਵਾਨ ਬਜ਼ੁਰਗ' ਜੀਤ ਕੁਮਾਰ ਕੌਸ਼ਲ ਨੇ ਇਸ ਕਥਨ ਨੂੰ ਝੂਠਾ ਪਾ ਦਿੱਤਾ ਹੈ। ਜੀਤ ਕੁਮਾਰ ਕੌਸ਼ਲ ਦਾ ਕਹਿਣਾ ਹੈ ਕਿ ਜੇਕਰ ਆਪਣੇ ਸੁਪਨੇ ਨੂੰ ਪੂਰਾ ਕਰਨ ਦਾ ਜਜ਼ਬਾ ਤੇ ਜਨੂੰਨ ਹੋਵੇ, ਤਾਂ ਸਫਲਤਾ ਕਦਮ ਚੁੰਮਦੀ ਹੈ; ਉਮਰ ਮਹਿਜ਼ ਨੰਬਰਾਂ ਦੀ ਖੇਡ ਹੈ।

ਲੰਮੇ ਸਮੇਂ ਤੋਂ ਅਮਰੀਕਾ ਰਹਿ ਰਹੇ ਜੀਤ ਕੁਮਾਰ ਕੌਸ਼ਲ ਦਾ ਕਹਿਣਾ ਹੈ ਕਿ ਉਸ ਵਕਤ ਸਿਰਫ ਸੱਤ ਡਾਲਰ ਉਨ੍ਹਾਂ ਕੋਲ ਸਨ, ਜਦੋਂ ਉਹ ਅਮਰੀਕਾ ਪੁੱਜੇ ਸਨ ਤੇ ਉਸ ਤੋਂ ਬਾਅਦ ਵੱਖ-ਵੱਖ ਵੱਡੇ ਅਦਾਰਿਆਂ ਦੇ ਵਿੱਚ ਕੰਮ ਕਰਨ ਤੋਂ ਬਾਅਦ ਆਪਣੇ ਆਪ ਨੂੰ ਇੱਥੇ ਹੀ ਉਨ੍ਹਾਂ ਨੇ ਪੱਕਾ ਕਰ ਲਿਆ, ਪਰ ਆਪਣੀ ਮਿੱਟੀ ਦਾ ਮੋਹ ਇੰਨਾ ਜ਼ਿਆਦਾ ਸੀ ਕਿ ਜਦੋਂ ਸਮਾਂ ਲੱਗਦਾ ਤਾਂ ਵਾਪਸ ਆਪਣੇ ਦੇਸ਼ ਪਰਤ ਜਾਂਦੇ। ਜ਼ਿਕਰਯੋਗ ਹੈ ਕਿ ਉਹ ਮੂਲ ਰੂਪ ਵਿੱਚ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੋਸਲਾਂ ਤੋਂ ਹਨ।

ਜੀਤ ਕੁਮਾਰ ਕੌਸ਼ਲ ਨੇ ਦੱਸਿਆ ਕਿ ਉਨ੍ਹਾਂ ਮਾਊਂਟ ਐਵਰੈਸਟ ਬਾਬਤ ਪੜ੍ਹਿਆ, ਜਿਸ ਤੋਂ ਬਾਅਦ ਉਨ੍ਹਾਂ ਦੇ ਮਨ ਵਿੱਚ ਇਹ ਆਇਆ ਕਿ ਉਨ੍ਹਾਂ ਨੂੰ ਇਸ ਜਗ੍ਹਾ ਉੱਤੇ ਜਾ ਕੇ ਆਉਣਾ ਚਾਹੀਦਾ ਹੈ। ਜਦੋਂ ਇਸ ਬਾਬਤ ਉਨ੍ਹਾਂ ਨੇ ਆਪਣੇ ਪੋਤਰੇ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਤੁਸੀਂ ਇਸ ਉਮਰ ਵਿੱਚ ਉੱਥੇ ਨਾ ਜਾਓ। ਤੁਹਾਡੀ ਉਮਰ ਦੇ ਹਿਸਾਬ ਦੇ ਨਾਲ ਉਹ ਜਗ੍ਹਾ ਠੀਕ ਨਹੀਂ ਹੈ, ਦਿੱਕਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ; ਪਰ ਪੋਤਰੇ ਦੇ ਮਨ੍ਹਾਂ ਕਰਨ ਦੇ ਬਾਵਜੂਦ ਬੇਸ ਕੈਂਪ 'ਤੇ ਜਾਣ ਦਾ ਉਨ੍ਹਾਂ ਦਾ ਜਜ਼ਬਾ ਬਰਕਰਾਰ ਰਿਹਾ। ਜਦੋਂ ਪਰਿਵਾਰ ਵੱਲੋਂ ਨਾਂਹ-ਪੱਖੀ ਹੁੰਗਾਰਾ ਮਿਲਿਆ ਤਾਂ ਜੀਤ ਕੌਸ਼ਲ ਨੇ ਇਸ ਗੱਲ ਨੂੰ ਲੜ ਬੰਨ ਲਿਆ ਕਿ ਹੁਣ ਉਹ ਬੇਸ ਕੈਂਪ ਜਾ ਕੇ ਹੀ ਦਿਖਾਉਣਗੇ। ਉਨ੍ਹਾਂ ਆਪਣੀ ਮੁਢਲੀ ਮੈਡੀਕਲ ਜਾਂਚ ਕਰਵਾਈ ਤੇ ਨੇਪਾਲ ਦਾ ਰੁਖ਼ ਕਰ ਲਿਆ ਤੇ ਫਿਰ ਆਪਣਾ ਸੁਪਨਾ ਪੂਰਾ ਕੀਤਾ।

ਆਪਣੇ ਸਫਰ ਦਾ ਤਜ਼ਰਬਾ ਸਾਂਝਾ ਕਰਦਿਆਂ ਜੀਤ ਕੁਮਾਰ ਕੌਸ਼ਲ ਨੇ ਦੱਸਿਆ ਕਿ ਬੇਸ ਕੈਂਪ 'ਤੇ ਪਹੁੰਚਣ ਲਈ ਕਰੀਬ 6 ਦਿਨ ਦਾ ਸਮਾਂ ਲੱਗਾ। ਪਹਿਲੇ ਦਿਨ ਕੁੱਲ ਪੰਜ ਕਿਲੋਮੀਟਰ ਦਾ ਸਫਰ ਤੈਅ ਕੀਤਾ ਗਿਆ। ਪਹਿਲੇ ਦਿਨ ਦਾ ਸਫਰ ਸੌਖਾ ਰਿਹਾ, ਪਰ ਦੂਜੇ ਦਿਨ ਤੋਂ ਸਫ਼ਰ ਦਾ ਪੜਾਅ ਔਖਾ ਹੁੰਦਾ ਗਿਆ। ਜਿਵੇਂ-ਜਿਵੇਂ ਚੜ੍ਹਾਈ ਚੜ੍ਹਦੇ ਗਏ, ਮੁਸ਼ਕਿਲਾਂ ਹੋਰ ਵਧਦੀਆਂ ਗਈਆਂ। ਉਨ੍ਹਾਂ ਦੱਸਿਆ ਕਿ ਜਦੋਂ ਆਕਸੀਜਨ ਘੱਟਣੀ ਸ਼ੁਰੂ ਹੋ ਗਈ ਜਾਂ ਜਦੋਂ ਸਾਹ ਚੜ੍ਹਦਾ, ਤਾਂ ਉਹ ਰੁਮਾਲ ਵਿੱਚ ਬੰਨ੍ਹੀ ਕਪੂਰ ਸੁੰਘ ਲੈਂਦੇ ਅਤੇ ਇਸ ਨੂੰ ਉਨ੍ਹਾਂ ਦੇਸੀ ਨੁਸਖੇ ਦੇ ਤੌਰ ਉੱਤੇ ਅਪਨਾਇਆ। ਉਨ੍ਹਾਂ ਦੱਸਿਆ ਕਿ ਗਰੁੱਪ ਵਿੱਚ ਉਦੋਂ ਸਭ ਤੋਂ ਵੱਧ ਮੇਰੀ ਉਮਰ 79 ਸਾਲ ਸੀ ਅਤੇ ਸਭ ਤੋਂ ਘੱਟ ਉਮਰ ਦੇ ਪਰਬਤਾਂ ਰੋਹੀ ਦੀ ਉਮਰ 25 ਸਾਲ ਸੀ। ਜੀਤ ਕੌਸ਼ਲ ਨੇ ਕਿਹਾ ਕਿ ਉਨ੍ਹਾਂ ਦੀ ਉਮਰ ਬਾਕੀਆਂ ਨੂੰ ਇਹ ਹੌਸਲਾ ਦੇ ਰਹੀ ਸੀ ਕਿ ਜੇਕਰ ਉਹ ਇਸ ਔਖੇ ਪੈਂਡੇ ਉੱਤੇ ਚੱਲ ਸਕਦੇ ਹਨ, ਤਾਂ ਨੌਜਵਾਨਾਂ ਨੂੰ ਤਾਂ ਕੋਈ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਤੋਂ ਬਾਅਦ ਨੌਜਵਾਨਾਂ ਨੇ ਵੀ ਜੀਤ ਕੁਮਾਰ ਕੌਸ਼ਲ ਸਣੇ ਮਾਊਂਟ ਐਵਰੈਸਟ ਦੇ ਬੇਸ ਕੈਂਪ ਉੱਤੇ ਜਾ ਕੇ ਤਿਰੰਗਾ ਲਹਿਰਾਇਆ। ਉਹ ਸਮਾਂ ਉਨ੍ਹਾਂ ਲਈ ਬਹੁਤ ਹੀ ਗੌਰਵਮਈ ਅਤੇ ਭਾਵੁਕ ਕਰਨ ਵਾਲਾ ਵੀ ਰਿਹਾ।

ਹੁਣ ਜੀਤ ਕੁਮਾਰ ਕੌਸ਼ਲ ਵੱਲੋਂ ਇੱਕ ਨਵੇਂ ਸੁਪਨੇ ਦੀ ਉਡਾਰੀ ਵੀ ਮਿੱਥ ਲਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਉਹ ਤਿਆਰੀ ਕਰ ਰਹੇ ਹਨ ਕਿ ਉਹ ਸਾਊਥ ਪੋਲ ਉੱਤੇ ਜਾ ਕੇ ਆਉਣਗੇ, ਜੋ ਬਹੁਤ ਹੀ ਠੰਡ ਵਾਲੀ ਜਗ੍ਹਾ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਇੱਥੇ ਉਹ ਸ਼ਿੱਪ ਵਿੱਚ ਜਾਣਗੇ, ਪਰ ਅਗਲਾ ਟੀਚਾ ਉੱਥੇ ਹੀ ਜਾਣ ਦਾ ਹੈ। ਜੀਤ ਕੁਮਾਰ ਕੌਸ਼ਲ ਨਾਲ ਫੋਨ: 215-824-6402 ਉਤੇ ਸੰਪਰਕ ਕੀਤਾ ਜਾ ਸਕਦਾ ਹੈ।




ਮਾਊਂਟ ਐਵਰੈਸਟ ਦੇ ਬੇਸ ਕੈਂਪ 'ਤੇ ਪੁੱਜੇ ਜੀਤ ਕੁਮਾਰ ਕੌਸ਼ਲ ਆਪਣੇ ਗਰੁੱਪ ਨਾਲ


## ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ)

## Sher-E-Punjab Sports & Cultural Society Cincinnati (OHIO)

### 'ਪੰਜਾਬੀ ਪਰਵਾਜ਼ ਨਾਈਟ' ਦੇ ਸਹਿਯੋਗੀ ਸਪਾਂਸਰ


Charanjit Singh Brar


Amrik Singh Tiwana


Harvinder Walia


Harinder Singh Kang


Gurpreet Singh Gill


Gurminder Sandhu


Palwinder Dhillon


Jaswant Singh Jassi


Vineet Gupta


Surjeet Singh Mavi


Amarjit Aggarwal


Pritampaul Singh


Paramjit Singh Garcha


Happy Matot


Narinder Pal Tatla


Gurnek Singh


Harvinder Kang Binda


Happy Mundi


Surinder Cheema


Sukhdev Singh Garcha


Surmukh Singh Kang


Pamma Dhilwan


Simranjit Malhi


Raj Sandhu


Surinder Pal


Guru Dharni


Goldi Mundi

# ਰਿਵਰਸ ਸਵਿੰਗ ਅਤੇ ਯਾਰਕਰ ਦਾ ਜਾਦੂਗਰ ਵੱਕਾਰ ਯੂਨਿਸ

***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਵੱਕਾਰ ਯੂਨਿਸ ਦਾ ਸੰਖੇਪ ਵੇਰਵਾ ਹੈ, ਜਿਹੜਾ ਘਰੇਲੂ ਪੱਧਰ ਉਤੇ ਬਹੁਤ ਥੋੜ੍ਹੇ ਮੁਕਾਬਲਿਆਂ ਤੋਂ ਬਾਅਦ ਹੀ ਸਿੱਧਾ ਕੌਮੀ ਟੀਮ ਵਿੱਚ ਚੁਣਿਆ ਗਿਆ। ਕ੍ਰਿਕਟ ਵਿੱਚ ਪਹਿਲੇ ਪਹਿਲ ਉਹ ਲੈਗ ਸਪਿੰਨ ਗੇਂਦਬਾਜ਼ੀ ਕਰਦਾ ਸੀ ਅਤੇ ਬਾਅਦ ਵਿੱਚ ਤੇਜ਼ ਗੇਂਦਬਾਜ਼ ਬਣ ਗਿਆ, ਤੇ ਫੇਰ ਉਹ ਤੇਜ਼ ਗੇਂਦਬਾਜ਼ ਵਜੋਂ ਹੀ ਪ੍ਰਵਾਨ ਹੋ ਗਿਆ। ਦਿਲਚਸਪ ਹੈ ਕਿ ਵਿਕਟਾਂ ਲੈਣ ਦੇ ਮਾਮਲੇ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਉਹ ਵਿਸ਼ਵ ਵਿੱਚ ਤੀਜੇ ਨੰਬਰ ਉਤੇ ਹੈ।***

ਖਿਡਾਰੀ ਪੰਜ-ਆਬ ਦੇ (19)

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



ਪਾਕਿਸਤਾਨ ਨੇ ਵਿਸ਼ਵ ਕ੍ਰਿਕਟ ਨੂੰ ਮਹਾਨ ਤੇਜ਼ ਗੇਂਦਬਾਜ਼ ਦਿੱਤੇ ਹਨ। ਇਸ ਸੂਚੀ ਵਿੱਚ ਵੱਕਾਰ ਯੂਨਿਸ ਚਮਕਦਾ ਸਿਤਾਰਾ ਹੋਇਆ ਹੈ, ਜਿਸ ਨੇ ਵਸੀਮ ਅਕਰਮ ਨਾਲ ਮਿਲ ਕੇ ਪਾਕਿਸਤਾਨ ਪੇਸ ਅਟੈਕ ਦੀ ਅਗਵਾਈ ਕਰਦਿਆਂ ਦੁਨੀਆਂ ਦੇ ਵੱਡੇ ਬੱਲੇਬਾਜ਼ਾਂ ਨੂੰ ਪੈਵੇਲੀਅਨ ਤੋਰਿਆ। ਡਬਲ ਡਬਲਿਊ ਦੇ ਨਾਮ ਨਾਲ ਜਾਣੀ ਜਾਂਦੀ ਜੋੜੀ ਨੇ 1600 ਤੋਂ ਵੱਧ ਕੌਮਾਂਤਰੀ ਵਿਕਟਾਂ ਝਟਕੀਆਂ ਹਨ। ਦੋਵੇਂ ਹੀ ਲਹਿੰਦੇ ਪੰਜਾਬ ਦੇ ਜੰਮਪਲ ਹਨ। ਵੱਕਾਰ ਨੂੰ ਪਾਕਿਸਤਾਨ ਕ੍ਰਿਕਟ ਦੇ ਮਹਾਨ ਕਪਤਾਨ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਖੋਜ ਆਖਿਆ ਜਾਂਦਾ ਹੈ। ਉਂਝ ਵੀ ਇਮਰਾਨ ਨੂੰ ਇਹ ਸਿਹਰਾ ਜਾਂਦਾ ਹੈ ਕਿ ਉਸ ਨੇ ਵਸੀਮ ਅਕਰਮ, ਵੱਕਾਰ ਯੂਨਿਸ, ਇੰਜਮਾਮ-ਉਲ-ਹੱਕ ਵਰਗੇ ਮਹਾਨ ਖਿਡਾਰੀਆਂ ਨੂੰ ਤਰਾਸ਼ਿਆ ਹੈ। ਵੱਕਾਰ ਯੂਨਿਸ ਦੀ ਤਾਕਤ ਉਸ ਦੀ ਰਿਵਰਸ ਸਵਿੰਗ ਅਤੇ ਯਾਰਕਰ ਗੇਂਦਾਂ ਦੇ ਨਾਲ ਬਾਊਂਸਰ ਵੀ ਸੀ ਜੋ ਕਿ ਤੇਜ਼ ਸਪੀਡ ਨਾਲ ਹੋਰ ਵੀ ਬੱਲੇਬਾਜ਼ਾਂ ਵਿੱਚ ਆਪਣਾ ਖੌਫ਼ ਪੈਦਾ ਕਰਦੀਆਂ ਸਨ। ਵੱਕਾਰ ਬਨਾਨਾ ਸਵਿੰਗ ਸੁੱਟਣ ਵਿੱਚ ਮੁਹਾਰਤ ਰੱਖਦਾ ਸੀ। ਵੱਕਾਰ ਨੇ ਕ੍ਰਿਕਟਰ, ਕਪਤਾਨ, ਕੋਚ ਤੇ ਕੁਮੈਂਟੇਟਰ- ਚਾਰੋਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਉਸ ਨੂੰ ਵਾਈਕੀ, ਬੂਰੇਵਾਲ ਐਕਸਪ੍ਰੈਸ, ਟੋਅ ਕਰੱਸ਼ਰ (ਯਾਰਕਰ ਨਾਲ ਪੈਰ ਦੇ ਅੰਗੂਠੇ ਭੰਨਣ ਵਾਲਾ) ਵੀ ਕਿਹਾ ਜਾਂਦਾ ਹੈ।



ਵੱਕਾਰ ਯੂਨਿਸ ਦਾ ਜਨਮ 16 ਨਵੰਬਰ 1971 ਨੂੰ ਲਹਿੰਦੇ ਪੰਜਾਬ ਦੇ ਵਿਹਾਰੀ ਜ਼ਿਲ੍ਹੇ ਦੇ ਬੂਰੇਵਾਲ ਸ਼ਹਿਰ ਦੇ ਜੱਟ ਪਰਿਵਾਰ ਵਿੱਚ ਹੋਇਆ। ਵਿਹਾਰੀ ਜ਼ਿਲ੍ਹਾ ਮੁਲਤਾਨ ਤੋਂ ਦਿੱਲੀ ਤੱਕ ਜਾਂਦੇ ਪੁਰਾਤਨ ਸ਼ੇਰਸ਼ਾਹ ਸੂਰੀ ਮਾਰਗ ਉਤੇ ਪੈਂਦਾ ਹੈ, ਜਿਹੜਾ ਮੁਲਤਾਨ ਤੋਂ 100 ਕਿਲੋਮੀਟਰ ਦੂਰੀ ਉਤੇ ਸਥਿਤ ਹੈ। ਵਿਹਾਰੀ ਜ਼ਿਲ੍ਹੇ ਨੇ ਪਾਕਿਸਤਾਨ ਨੂੰ ਦੋ ਵੱਡੇ ਖਿਡਾਰੀ ਦਿੱਤੇ ਹਨ- ਇੱਕ ਕ੍ਰਿਕਟਰ ਵੱਕਾਰ ਯੂਨਿਸ ਅਤੇ ਦੂਜਾ ਪਾਕਿਸਤਾਨ ਹਾਕੀ ਦਾ ਸਾਬਕਾ ਕਪਤਾਨ ਵਸੀਮ ਅਹਿਮਦ। ਵੱਕਾਰ ਯੂਨਿਸ ਨੇ ਮੁੱਢਲੀ ਸਕੂਲੀ ਸਿੱਖਿਆ ਸਾਦਿਕ ਪਬਲਿਕ ਸਕੂਲ ਬਹਾਲਪੁਰ ਤੋਂ ਹਾਸਲ ਕੀਤੀ। ਇਸ ਤੋਂ ਬਾਅਦ ਉਸ ਦਾ ਪਰਿਵਾਰ ਸੰਯੁਕਤ ਅਰਬ ਅਮੀਰਾਤ ਸ਼ਿਫਟ ਹੋ ਗਿਆ, ਜਿੱਥੇ ਉਸ ਦੇ ਪਿਤਾ ਮੁਹੰਮਦ ਯੂਨਿਸ ਕੰਟਰੈਕਟ ਵਰਕਰ ਸਨ। ਵੱਕਾਰ ਨੇ ਪਾਕਿਸਤਾਨ ਇਸਲਾਮੀਆ ਸਕੂਲ ਸ਼ਾਰਜਾਹ ਤੋਂ ਸਕੂਲੀ ਪੜ੍ਹਾਈ ਮੁਕੰਮਲ ਕੀਤੀ। ਉਪਰੰਤ ਉਸ ਦਾ ਪਰਿਵਾਰ ਵਾਪਸ ਪਾਕਿਸਤਾਨ ਆ ਗਿਆ, ਜਿੱਥੇ ਆ ਕੇ ਉਸ ਨੇ ਕ੍ਰਿਕਟ ਖੇਡ ਸ਼ੁਰੂ ਕੀਤੀ। ਉਹ ਅਥਲੈਟਿਕਸ ਤੇ ਕ੍ਰਿਕਟ- ਦੋਵੇਂ ਨਾਲੋ ਨਾਲ ਕਰਦਾ ਸੀ। ਅਥਲੈਟਿਕਸ ਵਿੱਚ ਉਹ ਫਰਾਟਾ ਦੌੜਾਂ, ਜੈਵਲਿਨ ਥਰੋਅ, ਪੋਲ ਵਾਲਟਰ ਅਤੇ ਉਚੀ ਛਾਲ ਮੁਕਾਬਲਿਆਂ ਵਿੱਚ ਹਿੱਸਾ ਲੈਂਦਾ। ਡਿਕੈਥਲੀਟ ਵਾਲੇ ਸਾਰੇ ਗੁਣ ਉਸ ਵਿੱਚ ਮੌਜੂਦ ਸਨ। ਕ੍ਰਿਕਟ ਵਿੱਚ ਪਹਿਲੇ ਪਹਿਲ ਉਹ ਲੈਗ ਸਪਿੰਨ ਗੇਂਦਬਾਜ਼ੀ ਕਰਦਾ ਸੀ ਅਤੇ ਬਾਅਦ ਵਿੱਚ ਤੇਜ਼ ਗੇਂਦਬਾਜ਼ ਬਣ ਗਿਆ, ਤੇ ਫੇਰ ਉਹ ਤੇਜ਼ ਗੇਂਦਬਾਜ਼ ਵਜੋਂ ਹੀ ਪ੍ਰਵਾਨ ਹੋ ਗਿਆ।

ਵੱਕਾਰ ਯੂਨਿਸ ਨੇ 1987-88 ਵਿੱਚ 16 ਵਰ੍ਹਿਆਂ ਦੀ ਉਮਰੇ ਕ੍ਰਿਕਟ ਕਰੀਅਰ ਸ਼ੁਰੂ ਕਰ ਲਿਆ ਸੀ। ਛੋਟੇ ਹੁੰਦਿਆਂ ਉਹ ਨਹਿਰ ਵਿੱਚ ਡਿੱਗਣ ਕਾਰਨ ਆਪਣੇ ਖੱਬੇ ਹੱਥ ਦੀ ਚੀਚੀ ਗਵਾ ਬੈਠਾ ਸੀ, ਪਰ ਫੇਰ ਵੀ ਉਸ ਨੇ ਹੌਸਲਾ ਕਰਕੇ ਵਾਪਸੀ ਕੀਤੀ ਅਤੇ ਤੇਜ਼ ਗੇਂਦਬਾਜ਼ ਵਜੋਂ ਆਪਣਾ ਕਰੀਅਰ ਬਣਾਇਆ। ਵੱਕਾਰ ਉਨ੍ਹਾਂ ਖਿਡਾਰੀਆਂ ਵਿੱਚੋਂ ਹਨ, ਜਿਹੜੇ ਘਰੇਲੂ ਪੱਧਰ ਉਤੇ ਬਹੁਤ ਥੋੜ੍ਹੇ ਮੁਕਾਬਲਿਆਂ ਤੋਂ ਬਾਅਦ ਹੀ ਸਿੱਧਾ ਕੌਮੀ ਟੀਮ ਵਿੱਚ ਚੁਣੇ ਗਏ। ਵੱਕਾਰ ਉਦੋਂ ਹਾਲੇ 6 ਮੈਚ ਹੀ ਖੇਡਿਆ ਸੀ, ਜਦੋਂ ਉਹ ਇਮਰਾਨ ਖਾਨ ਦੀਆਂ ਨਜ਼ਰਾਂ ਵਿੱਚ ਚੜ੍ਹ ਗਿਆ। ਅਸਲ ਵਿੱਚ ਗੱਲ 1988-89 ਦੀ ਹੈ, ਜਦੋਂ ਯੂਨਾਈਟਿਡ ਬੈਂਕ ਲਿਮਟਿਡ ਅਤੇ ਦਿੱਲੀ ਇਲੈਵਨ ਵਿਚਾਲੇ ਮੈਚ ਸੀ ਅਤੇ ਉਹ ਮੈਚ ਵਿੱਚ ਇਮਰਾਨ ਖਾਨ ਅਤੇ ਉਸ ਵੇਲੇ ਦੇ ਇੱਕ ਹੋਰ ਗੇਂਦਬਾਜ਼ ਸਲੀਮ ਜ਼ਾਫ਼ਰ ਜ਼ਖ਼ਮੀ ਹੋਣ ਕਰਕੇ ਖੇਡ ਨਹੀਂ ਰਹੇ ਸੀ। ਉਸ ਮੈਚ ਵਿੱਚ ਵੱਕਾਰ ਨੇ ਵਧੀਆ ਗੇਂਦਬਾਜ਼ੀ ਕੀਤੀ ਕਿ ਇਮਰਾਨ ਖਾਨ ਟੀ.ਵੀ. ਉਪਰ ਹੀ ਉਸ ਨੂੰ ਖੇਡਦਾ ਦੇਖ ਦੇ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਗਰਾਊਂਡ ਵਿੱਚ ਆ ਕੇ ਉਸ ਨੂੰ ਮਿਲਿਆ ਅਤੇ ਸ਼ਾਰਜਾਹ ਨਾਲ ਲੈ ਗਿਆ, ਜਿੱਥੋਂ ਉਹ ਪਾਕਿਸਤਾਨ ਟੀਮ ਵਿੱਚ ਆ ਗਿਆ।

ਵੱਕਾਰ ਯੂਨਿਸ ਨੇ ਆਪਣਾ ਪਹਿਲਾ ਕੌਮਾਂਤਰੀ ਮੈਚ ਵੈਸਟ ਇੰਡੀਜ਼ ਖਿਲਾਫ 14 ਅਕਤੂਬਰ 1989 ਨੂੰ ਇੱਕ ਰੋਜ਼ਾ ਮੈਚ ਖੇਡਿਆ ਸੀ ਅਤੇ ਆਪਣਾ ਪਹਿਲਾ ਟੈਸਟ ਮੈਚ ਭਾਰਤ ਖ਼ਿਲਾਫ ਖੇਡਿਆ ਸੀ, ਜਿਹੜਾ ਉਸ ਦੇ 18ਵੇਂ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ 15 ਨਵੰਬਰ 1989 ਨੂੰ ਸ਼ੁਰੂ ਹੋਇਆ ਸੀ। ਇਤਫ਼ਾਕਨ ਇਹ ਭਾਰਤ ਦੇ ਮਹਾਨ ਕ੍ਰਿਕਟਰ ਸਚਿਨ ਤੇਂਦੁਲਕਰ ਦਾ ਵੀ ਪਹਿਲਾ ਟੈਸਟ ਮੈਚ ਸੀ। ਵਿਸ਼ਵ ਕ੍ਰਿਕਟ ਦੇ ਦੋ ਮਹਾਨ ਖਿਡਾਰੀਆਂ ਦਾ ਇੱਕੋ ਦਿਨ ਕੌਮਾਂਤਰੀ ਕ੍ਰਿਕਟ ਵਿੱਚ ਦਾਖਲਾ ਹੋਇਆ। ਇੱਕ ਬੱਲੇਬਾਜ਼ ਤੇ ਇੱਕ ਗੇਂਦਬਾਜ਼। ਪਹਿਲੇ ਹੀ ਮੈਚ ਵਿੱਚ ਵੱਕਾਰ ਨੇ ਚਾਰ ਵਿਕਟਾਂ ਹਾਸਲ ਕੀਤੀਆਂ, ਜਿਸ ਵਿੱਚ ਸਚਿਨ ਤੇਂਦੁਲਕਰ ਅਤੇ ਕਪਿਲ ਦੇਵ ਦੀਆਂ ਵਿਕਟਾਂ ਵੀ ਸ਼ਾਮਲ ਸਨ। 1991 ਵਿੱਚ ਵੱਕਾਰ ਆਪਣੇ ਖੇਡ ਕਰੀਅਰ ਦੀ ਸ਼ੁਰੂਆਤ ਵਿੱਚ ਉਸ ਵੇਲੇ ਪੂਰੀਆਂ ਸੁਰਖੀਆਂ ਵਿੱਚ ਆ ਗਿਆ, ਜਦੋਂ ਉਸ ਨੇ ਸਰੀ ਵੱਲੋਂ ਕਾਊਂਟੀ ਕ੍ਰਿਕਟ ਖੇਡਦਿਆਂ 582 ਓਵਰ ਕੀਤੇ ਅਤੇ 113 ਵਿਕਟਾਂ ਲਈਆਂ।

ਪੁਰਾਣੀ ਗੇਂਦ ਨਾਲ ਰਿਵਰਸ ਸਵਿੰਗ ਦੀ ਸ਼ੁਰੂਆਤ ਦਾ ਸਿਹਰਾ ਵੀ ਪਾਕਿਸਤਾਨੀ ਤੇਜ਼ ਗੇਂਦਬਾਜ਼ਾਂ ਨੂੰ ਜਾਂਦਾ ਹੈ। ਵੱਕਾਰ ਨੇ ਆਪਣੇ ਸਮੇਂ ਦੇ ਤੇਜ਼ ਗੇਂਦਬਾਜ਼ ਸਰਫਰਾਜ਼ ਨਵਾਜ਼ ਨਾਲ ਮਿਲ ਕੇ ਸ਼ੁਰੂ ਕੀਤੀ। ਪੁਰਾਣੀ ਗੇਂਦ ਨਾਲ ਉਹ ਬਹੁਤ ਖਤਰਨਾਕ ਸਾਬਤ ਹੁੰਦਾ। ਵੱਕਾਰ ਨੇ 1994 ਵਿੱਚ ਨਿਊਜ਼ੀਲੈਂਡ ਖਿਲਾਫ ਇੱਕ ਰੋਜ਼ਾ ਮੈਚ ਖੇਡਦਿਆਂ ਹੈਟ੍ਰਿਕ ਵੀ ਜੜੀ। ਵੱਕਾਰ ਨੇ 14 ਸਾਲ ਕੌਮਾਂਤਰੀ ਕ੍ਰਿਕਟ ਖੇਡੀ, ਜਿਸ ਵਿੱਚ ਉਸ ਨੇ ਪਾਕਿਸਤਾਨ ਦੀ ਕਪਤਾਨੀ ਵੀ ਕੀਤੀ। 1999 ਵਿੱਚ ਵਿਸ਼ਵ ਕੱਪ ਵਿੱਚ ਉਪ ਜੇਤੂ ਰਹੀ ਪਾਕਿਸਤਾਨ ਟੀਮ ਦਾ ਉਹ ਮੁੱਖ ਗੇਂਦਬਾਜ਼ ਸੀ। ਵੱਕਾਰ ਦੇ ਹੁੰਦਿਆਂ ਪਾਕਿਸਤਾਨ ਟੀਮ ਵਿਸ਼ਵ ਕ੍ਰਿਕਟ ਦੀਆਂ ਸਿਖਰਲੀਆਂ ਟੀਮਾਂ ਵਿੱਚ ਸ਼ੁਮਾਰ ਰਹੀ ਹੈ। ਵੱਕਾਰ ਨੇ ਆਪਣੇ ਡੇਢ ਦਹਾਕਾ ਕੌਮਾਂਤਰੀ ਕਰੀਅਰ ਵਿੱਚ 87 ਟੈਸਟ ਮੈਚ ਖੇਡ ਕੇ 373 ਵਿਕਟਾਂ ਹਾਸਲ ਕੀਤੀਆਂ। ਉਸ ਨੇ 22 ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਅਤੇ 5 ਵਾਰ 10 ਵਿਕਟਾਂ ਇੱਕ ਮੈਚ ਵਿੱਚ ਹਾਸਲ ਕੀਤੀਆਂ। 76 ਦੌੜਾਂ ਦੇ ਕੇ 7 ਵਿਕਟਾਂ ਉਸ ਦਾ ਸਰਵੋਤਮ ਪ੍ਰਦਰਸ਼ਨ ਸੀ। ਇੱਕ ਰੋਜ਼ਾ ਕ੍ਰਿਕਟ ਵਿੱਚ ਵੱਕਾਰ ਨੇ 262 ਮੈਚਾਂ ਵਿੱਚ 416 ਵਿਕਟਾਂ ਝਟਕੀਆਂ, ਜਿਨ੍ਹਾਂ ਵਿੱਚ 13 ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਵੀ ਸ਼ਾਮਲ ਹਨ। 36 ਦੌੜਾਂ ਦੇ ਕੇ 7 ਵਿਕਟਾਂ ਉਸ ਦਾ ਸਰਵੋਤਮ ਗੇਂਦਬਾਜ਼ੀ ਪ੍ਰਦਰਸ਼ਨ ਸੀ, ਜੋ ਇੰਗਲੈਂਡ ਖਿਲਾਫ ਉਸ ਦੇ ਘਰ ਹੈਡਿੰਗਲੀ ਵਿਖੇ ਸੀ ਅਤੇ ਇੱਕ ਕਪਤਾਨ ਵਜੋਂ ਕਿਸੇ ਗੇਂਦਬਾਜ਼ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਹੈ। ਇਸ ਦੇ ਨਾਲ ਹੀ ਪਹਿਲੀ ਵਾਰ ਕਿਸੇ ਕਪਤਾਨ ਗੇਂਦਬਾਜ਼ ਨੇ 7 ਵਿਕਟਾਂ ਹਾਸਲ ਕੀਤੀਆਂ। ਵੱਕਾਰ ਨੇ ਫਸਟ ਕਲਾਸ ਕ੍ਰਿਕਟ ਵਿੱਚ 228 ਮੈਚ ਖੇਡ ਕੇ 956 ਵਿਰਟਾਂ ਹਾਸਲ ਕੀਤੀਆਂ ਹਨ, ਜਦੋਂ ਕਿ ਲਿਸਟ 'ਏ' ਦੇ ਕੁੱਲ 411 ਮੈਚ ਖੇਡ ਕੇ 675 ਵਿਕਟਾਂ ਲਈਆਂ ਹਨ।

ਵਿਕਟਾਂ ਲੈਣ ਦੇ ਮਾਮਲੇ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਉਹ ਵਿਸ਼ਵ ਵਿੱਚ ਤੀਜੇ ਨੰਬਰ ਉਤੇ ਹੈ। ਉਸ ਤੋਂ ਵੱਧ ਮੁਥੱਈਆ ਮੁਰਲੀਧਰਨ ਨੇ 534 ਤੇ ਵਸੀਮ ਅਕਰਮ ਨੇ 502 ਵਿਕਟਾਂ ਲਈਆਂ। ਵਿਸ਼ਵ ਕ੍ਰਿਕਟ ਵਿੱਚ ਸਿਰਫ ਚਾਰ ਗੇਂਦਬਾਜ਼ਾਂ ਨੇ ਹੀ 400 ਤੋਂ ਵੱਧ ਵਿਕਟਾਂ ਹਾਸਲ ਕੀਤੀਆਂ ਹਨ। ਚੌਥੇ ਨੰਬਰ ਉਤੇ ਚਮਿੰਡਾ ਵਾਸ ਨੇ 400 ਵਿਕਟਾਂ ਲਈਆਂ ਹਨ। ਟੈਸਟ ਕ੍ਰਿਕਟ ਵਿੱਚ ਵਿਕਟਾਂ ਹਾਸਲ ਕਰਨ ਵਿੱਚ ਉਹ 22ਵੇਂ ਨੰਬਰ ਉਤੇ ਹੈ ਅਤੇ ਪਾਕਿਸਤਾਨ ਵੱਲੋਂ ਉਹ ਤੀਜੇ ਨੰਬਰ ਉਤੇ ਹੈ। ਉਸ ਤੋਂ ਵੱਧ ਵਸੀਮ ਅਕਰਮ ਨੇ 414 ਤੇ ਇਮਰਾਨ ਖਾਨ ਨੇ 362 ਵਿਕਟਾਂ ਲਈਆਂ। ਕੌਮਾਂਤਰੀ ਕ੍ਰਿਕਟ ਵਿੱਚ 789 ਵਿਕਟਾਂ ਨਾਲ ਉਹ ਦੁਨੀਆਂ ਦੇ ਗੇਂਦਬਾਜ਼ਾਂ ਵਿੱਚੋਂ ਨੌਵੇਂ ਨੰਬਰ ਉਤੇ ਹੈ, ਜਦੋਂ ਕਿ ਪਾਕਿਸਤਾਨ ਵੱਲੋਂ ਉਹ ਵਸੀਮ ਅਕਰਮ (916 ਵਿਕਟਾਂ) ਤੋਂ ਬਾਅਦ ਦੂਜੇ ਨੰਬਰ ਉਤੇ ਹੈ।

ਵੱਕਾਰ ਦੇ ਨਾਮ ਕਈ ਰਿਕਾਰਡ ਦਰਜ ਹੈ। ਜਦੋਂ ਉਸ ਨੇ ਪਹਿਲੀ ਵਾਰ ਕਪਤਾਨੀ ਕੀਤੀ ਤਾਂ ਉਮਰ 22 ਸਾਲ 15 ਦਿਨ ਸੀ ਅਤੇ ਉਹ ਪਾਕਿਸਤਾਨ ਦਾ ਸਭ ਤੋਂ ਛੋਟੀ ਉਮਰ ਦਾ ਕਪਤਾਨ ਬਣਿਆ। ਵੱਕਾਰ ਇੱਕ ਰੋਜ਼ਾ ਕ੍ਰਿਕਟ ਵਿੱਚ 400 ਵਿਕਟਾਂ ਹਾਸਲ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਗੇਂਦਬਾਜ਼ ਹੈ। ਵੱਕਾਰ ਆਈ.ਸੀ.ਸੀ. ਦੇ ਆਲ ਟਾਈਮ ਸਰਵੋਤਮ ਗੇਂਦਬਾਜ਼ਾਂ ਵਿੱਚ ਪਹਿਲੇ 10 ਵਿੱਚ ਸ਼ਾਮਲ ਹੈ। ਵਿਜ਼ਡਨ ਨੇ ਵਸੀਮ ਅਕਰਮ ਤੇ ਐਲਨ ਡੋਨਾਲਡ ਤੋਂ ਬਾਅਦ ਉਸ ਨੂੰ ਤੀਜਾ ਆਲ ਟਾਈਮ ਸਰਵੋਤਮ ਗੇਂਦਬਾਜ਼ ਐਲਾਨਿਆ ਹੈ। ਵੱਕਾਰ ਨੇ ਆਪਣੇ ਕਰੀਅਰ ਵਿੱਚ ਸਭ ਤੋਂ ਤੇਜ਼ ਗੇਂਦ 156 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਸੁੱਟੀ ਹੈ। ਪਿੱਠ ਦੀ ਸੱਟ ਕਾਰਨ ਵੱਕਾਰ ਨੇ ਆਪਣੀ ਗੇਂਦ ਦੀ ਸਪੀਡ ਘਟਾ ਲਈ ਸੀ, ਨਹੀਂ ਤਾਂ ਸੰਭਵ ਸੀ ਕਿ ਉਹ 160 ਕਿਲੋਮੀਟਰ (100 ਮੀਲ) ਦੀ ਸਪੀਡ ਵੀ ਪਾਰ ਕਰ ਦਿੰਦਾ। ਦੱਖਣੀ ਅਫਰੀਕਾ ਦੇ ਡੇਲ ਸਟੇਨ ਤੋਂ ਬਾਅਦ ਸਟਰਾਈਕ ਰੇਟ ਵਿੱਚ ਉਹ ਦੁਨੀਆਂ ਦਾ ਦੂਜੇ ਨੰਬਰ ਦਾ ਗੇਂਦਬਾਜ਼ ਸੀ। ਸਟੇਨ ਦੀ ਸਟਰਾਈਕ ਰੇਟ 43 ਸੀ ਅਤੇ ਵੱਕਾਰ ਦੀ 43.4 ਸੀ।

ਸ੍ਰੀਲੰਕਾ ਦਾ ਮਹਾਨ ਤੇਜ਼ ਗੇਂਦਬਾਜ਼ ਲਾਸਿਥ ਮਲਿੰਗਾ ਗੇਂਦਬਾਜ਼ੀ ਵਿੱਚ ਵੱਕਾਰ ਨੂੰ ਆਪਣਾ ਆਦਰਸ਼ ਮੰਨਦਾ ਸੀ। ਮਲਿੰਗਾ ਵੀ ਵੱਕਾਰ ਵਾਂਗ ਸਟੀਕ ਯਾਰਕਰ ਸੁੱਟਣ ਦਾ ਧਨੀ ਸੀ। ਦੁਨੀਆਂ ਦਾ ਮਹਾਨ ਅਤੇ ਸਭ ਤੋਂ ਤੇਜ਼ ਦੌੜਾਕ ਜਮਾਇਕਾ ਦਾ ਓਸੈਨ ਬੋਲਟ ਦਾ ਪਸੰਦੀਦਾ ਖਿਡਾਰੀ ਵੀ ਵੱਕਾਰ ਹੀ ਹੈ, ਜਿਸ ਨੂੰ ਉਹ ਆਪਣਾ ਹੀਰੋ ਮੰਨਦਾ ਹੈ। ਆਪਣੇ ਕਰੀਅਰ ਵਿੱਚ ਉਸ ਨੇ ਬਰਾਇਨ ਲਾਰਾ, ਹਰਸ਼ਿਲ ਗਿੱਬਜ਼, ਨਵਜੋਤ ਸਿੰਘ ਸਿੱਧੂ, ਇਆਨ ਬੌਥਮ, ਗਰਾਇਮ ਹਿੱਕ, ਟਫ਼ਨਲ ਜਿਹੇ ਦਿੱਗਜ਼ ਬੱਲੇਬਾਜ਼ਾਂ ਨੂੰ ਸਟੀਕ ਯਾਰਕਰ ਨਾਲ ਆਊਟ ਕੀਤਾ ਹੋਇਆ ਹੈ। ਟਫ਼ਨਲ ਤਾਂ ਇੱਕ ਵਾਰ ਅੰਗੂਠੇ ਉਤੇ ਬਾਲ ਵੱਜਣ ਕਾਰਨ ਬੱਲਾ ਛੱਡ ਕੇ ਗਰਾਊਂਡ ਉਤੇ ਕਰਲਾਉਂਦਾ ਹੋਇਆ ਲੇਟ ਹੀ ਗਿਆ ਸੀ। ਵੱਕਾਰ ਦੇ ਯਾਰਕਰ ਬੱਲੇਬਾਜ਼ਾਂ ਖਾਸ ਕਰਕੇ ਇੰਗਲਿਸ਼ ਬੱਲੇਬਾਜ਼ਾਂ ਲਈ ਇੰਨੀ ਖੌਫਨਾਕ ਸੀ ਕਿ ਇੱਕ ਦੰਦ ਕਥਾ ਵੀ ਜੁੜੀ ਕਿ ਇੱਕ ਮੈਚ ਵਿੱਚ ਵੱਕਾਰ ਨੇ ਇੰਗਲੈਂਡ ਦੇ ਬੱਲੇਬਾਜ਼ਾਂ ਦੇ ਪੈਰਾਂ ਦੇ ਅੰਗੂਠੇ ਭੰਨ ਦਿੱਤੇ। ਵੱਕਾਰ ਦਾ ਗੇਂਦਬਾਜ਼ੀ ਐਕਸ਼ਨ ਬਹੁਤ ਹੀ ਰਿਦਮਿਕ ਤੇ ਦਰਸ਼ਨੀ ਰਿਹਾ। ਅਕਰਮ ਮੁਕਾਬਲੇ ਲੰਬੇ ਰਨ ਅੱਪ ਨਾਲ ਗੇਂਦ ਸੁੱਟ ਕੇ ਵਿਕਟ ਹਾਸਲ ਕਰਨ ਤੋਂ ਬਾਅਦ ਖੁਸ਼ੀ ਮਨਾਉਂਦਾ ਵੱਕਾਰ ਪੂਰੇ ਸਟੇਡੀਅਮ ਵਿੱਚ ਬੈਠੇ ਦਰਸ਼ਕਾਂ ਅੰਦਰ ਝਰਨਾਹਟ ਛੇੜ ਦਿੰਦਾ।

ਆਈ.ਸੀ.ਸੀ. ਹਾਲ ਆਫ਼ ਫੇਮ ਵਿੱਚ ਸ਼ਾਮਲ ਹੋਣ ਵਾਲਾ ਉਹ ਦੁਨੀਆਂ ਦਾ 70ਵਾਂ ਅਤੇ ਪਾਕਿਸਤਾਨ ਦਾ ਛੇਵਾਂ ਕ੍ਰਿਕਟਰ ਹੈ। ਉਸ ਤੋਂ ਪਹਿਲਾਂ ਪਾਕਿਸਤਾਨ ਦੇ ਹਨੀਫ਼ ਮੁਹੰਮਦ, ਜ਼ਹੀਰ ਅੱਬਾਸ, ਇਮਰਾਨ ਖਾਨ, ਜਾਵੇਦ ਮਿਆਂਦਾਦ ਤੇ ਵਸੀਮ ਅਕਰਮ ਨੂੰ ਇਹ ਮਾਣ ਮਿਲਿਆ। 1992 ਵਿੱਚ ਉਹ ਵਿਜ਼ਡਨ ਕ੍ਰਿਕਟਰ ਆਫ਼ ਦਾ ਯੀਅਰ ਚੁਣਿਆ ਗਿਆ। ਤਿੰਨ ਲਗਾਤਾਰ ਇੱਕ ਰੋਜ਼ਾ ਮੈਚਾਂ ਵਿੱਚ ਪੰਜ-ਪੰਜ ਵਿਕਟਾਂ ਲੈਣ ਵਾਲਾ ਉਹ ਦੁਨੀਆਂ ਦਾ ਇਕਲੌਤਾ ਗੇਂਦਬਾਜ਼ ਹੈ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਨੇ ਬਾਲਾਂ ਸੁੱਟਣ ਦੇ ਲਿਹਾਜ਼ ਨਾਲ ਸਭ ਤੋਂ ਤੇਜ਼ 300, 350 ਤੇ 400 ਵਿਕਟਾਂ ਲਈਆਂ ਹਨ। ਉਸ ਨੇ ਟੈਸਟ ਵਿੱਚ 1010 ਦੌੜਾਂ ਵੀ ਬਣਾਈਆਂ ਹਨ ਅਤੇ ਉਹ ਇਕਲੌਤਾ ਗੈਰ-ਬੱਲੇਬਾਜ਼ ਹੈ, ਜਿਸ ਨੇ ਬਿਨਾ ਅਰਧ ਸੈਂਕੜੇ ਦੀ ਮੱਦਦ ਨਾਲ 1000 ਤੋਂ ਵੱਧ ਦੌੜਾਂ ਬਣਾਈਆਂ ਹਨ। 10ਵੇਂ ਨੰਬਰ ਉਤੇ ਬੱਲੇਬਾਜ਼ੀ ਕਰਦਿਆਂ ਉਸ ਨੇ 478 ਦੌੜਾਂ ਬਣਾਈਆਂ, ਜੋ ਕਿ ਉਸ ਸਮੇਂ ਸਰਵੋਤਮ ਦੌੜਾਂ ਸਨ। ਪੰਜ ਵਿਕਟਾਂ ਲੈਣ ਵਿੱਚ ਵੀ ਉਹ ਸਭ ਤੋਂ ਨੌਜਵਾਨ ਕ੍ਰਿਕਟਰ ਸੀ, ਉਦੋਂ ਉਸ ਦੀ ਉਮਰ 18 ਸਾਲ 164 ਦਿਨ ਸੀ। ਇਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਵੱਧ ਚਾਰ ਵਿਕਟਾਂ 27 ਵਾਰ ਲੈਣ ਦਾ ਰਿਕਾਰਡ ਵੀ ਉਸ ਦੇ ਨਾਮ ਦਰਜ ਹੈ। ਤਿੰਨ ਵਾਰ ਤਿੰਨ ਮੈਚਾਂ ਵਿੱਚ ਲਗਾਤਾਰ ਚਾਰ ਵਿਕਟਾਂ ਲੈਣ ਦਾ ਵੀ ਰਿਕਾਰਡ ਵੱਕਾਰ ਦੇ ਨਾਮ ਹੈ। 252 ਇੱਕ ਰੋਜ਼ਾ ਮੈਚਾਂ 'ਚ 400 ਵਿਕਟਾਂ ਲੈਣ ਨਾਲ ਉਹ ਸਭ ਤੋਂ ਤੇਜ਼ 400 ਵਿਕਟਾਂ ਲੈਣ ਵਾਲਾ ਗੇਂਦਬਾਜ਼ ਬਣਿਆ। ਆਪਣੇ ਟੈਸਟ ਕਰੀਅਰ 'ਚ ਉਸ ਨੇ ਸਾਰੇ ਨੰਬਰਾਂ ਉਤੇ ਆਉਂਦੇ 11 ਬੱਲੇਬਾਜ਼ਾਂ ਨੂੰ ਆਊਟ ਕੀਤਾ ਹੋਇਆ। ਇੱਕ ਰੋਜ਼ਾ ਕ੍ਰਿਕਟ ਵਿੱਚ ਉਸ ਨੇ 12,698 ਬਾਲਾਂ ਸੁੱਟੀਆਂ ਹਨ, ਜੋ ਕਿ ਬਾਲਾਂ ਸੁੱਟਣ ਵਿੱਚ 10ਵੇਂ ਨੰਬਰ ਉਤੇ ਹੈ।

ਵੱਕਾਰ ਨੇ ਆਪਣਾ ਘਰੇਲੂ ਕਰੀਅਰ ਮੁਲਤਾਨ ਵੱਲੋਂ ਖੇਡ ਕੇ ਸ਼ੁਰੂ ਕੀਤਾ ਅਤੇ ਫੇਰ ਕਰਾਚੀ, ਲਾਹੌਰ, ਲਾਹੌਰ ਬਲਿਊਜ਼ ਵੱਲੋਂ ਖੇਡਿਆ। ਵਿਭਾਗੀ ਮੁਕਾਬਲਿਆਂ ਵਿੱਚ ਉਸ ਨੇ ਯੂਨਾਈਟਿਡ ਬੈਂਕ ਲਿਮਟਿਡ, ਨੈਸ਼ਨਲ ਬੈਂਕ ਆਫ਼ ਪਾਕਿਸਤਾਨ ਤੇ ਅਲਾਈਡ ਬੈਂਕ ਲਿਮਟਿਡ ਵੱਲੋਂ ਵੀ ਕ੍ਰਿਕਟ ਖੇਡੀ ਅਤੇ ਇੰਗਲਿਸ਼ ਕਾਊਂਟੀ ਕ੍ਰਿਕਟ ਵਿੱਚ ਸਰੀ ਵੱਲੋਂ ਕ੍ਰਿਕਟ ਖੇਡੀ। ਵੱਕਾਰ ਨੇ ਪਾਕਿਸਤਾਨ ਟੀਮ ਦੇ ਗੇਂਦਬਾਜ਼ੀ ਕੋਚ ਅਤੇ ਮੁੱਖ ਕੋਚ ਵਜੋਂ ਦੋਵੇਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਵੱਕਾਰ ਨੇ ਇੰਡੀਅਨ ਪ੍ਰੀਮੀਅਰ ਲੀਗ ਦੇ 2013 ਸੀਜ਼ਨ ਵਿੱਚ ਸਨਰਾਈਜਜ਼ ਹੈਦਰਾਬਾਦ ਦੇ ਗੇਂਦਬਾਜ਼ੀ ਕੋਚ ਵਜੋਂ ਵੀ ਸੇਵਾਵਾਂ ਨਿਭਾਈਆਂ।

ਵੱਕਾਰ ਖੇਡ ਕਰੀਅਰ ਵਿੱਚ ਕਈ ਵਿਵਾਦਾਂ ਨਾਲ ਵੀ ਜੁੜਿਆ ਰਿਹਾ ਅਤੇ ਆਪਣੇ ਲੜਾਕੂ ਸੁਭਾਅ ਅਤੇ ਸਾਥੀ ਖਿਡਾਰੀਆਂ ਨਾਲ ਅਣਬਣ ਦੇ ਚੱਲਦਿਆਂ ਕਈ ਵਾਰ ਟੀਮ ਵਿੱਚੋਂ ਅੰਦਰ-ਬਾਹਰ ਵੀ ਹੁੰਦਾ ਰਿਹਾ। ਸਾਲ 2000 ਵਿੱਚ ਵਸੀਮ ਅਕਰਮ ਨਾਲ ਕਿਸੇ ਵਿਵਾਦ ਕਾਰਨ ਟੀਮ ਵਿੱਚੋਂ ਬਾਹਰ ਹੋਇਆ ਅਤੇ ਫੇਰ ਸਿੱਧੀ ਕਪਤਾਨ ਵਜੋਂ ਵਾਪਸੀ ਕੀਤੀ। 1996 ਵਿਸ਼ਵ ਕੱਪ ਦੇ ਕੁਆਰਟਰ ਫ਼ਾਈਨਲ ਵਿੱਚ ਬੰਗਲੌਰ ਵਿਖੇ ਭਾਰਤ ਖ਼ਿਲਾਫ਼ ਸਲੌਗ ਓਵਰਾਂ ਵਿੱਚ ਅਜੈ ਜਡੇਜਾ ਖ਼ਿਲਾਫ਼ ਉਹ ਬਹੁਤ ਮਹਿੰਗਾ ਸਾਬਤ ਹੋਇਆ ਤੇ ਪਾਕਿਸਤਾਨ ਦੀ ਹਾਰ ਤੋਂ ਬਾਅਦ ਪਾਕਿ ਕ੍ਰਿਕਟ ਪ੍ਰੇਮੀਆਂ ਦਾ ਟੀਮ ਉਪਰ ਪੂਰਾ ਗੁੱਸਾ ਫੁੱਟਿਆ। ਸਾਲ 2000 ਵਿੱਚ ਬਾਲ ਟੈਂਪਰਿੰਗ ਦੇ ਦੋਸ਼ਾਂ ਵਿੱਚ ਉਸ ਉਪਰ ਮੈਚ ਦੀ ਪਾਬੰਦੀ ਵੀ ਲੱਗੀ। ਅਜਿਹੀ ਪਾਬੰਦੀ ਝੱਲਣ ਵਾਲਾ ਵੀ ਉਹ ਪਹਿਲਾ ਖਿਡਾਰੀ ਸੀ। ਸਾਲ 2003 ਦੇ ਵਿਸ਼ਵ ਕੱਪ ਵਿੱਚ ਆਸਟਰੇਲੀਆ ਖਿਲਾਫ ਮੈਚ ਵਿੱਚ ਐਂਡਰਿਊ ਸਾਇਮੰਡਜ਼ ਦੇ ਬੀਮਰ ਮਾਰਨ ਕਰਕੇ ਗੇਂਦਬਾਜ਼ੀ ਤੋਂ ਹਟਾਇਆ ਗਿਆ ਅਤੇ ਇਹ ਦੋਸ਼ਾਂ ਦਾ ਸਾਹਮਣਾ ਕਰਨ ਵਾਲਾ ਵੀ ਉਹ ਪਹਿਲਾ ਗੇਂਦਬਾਜ਼ ਸੀ। ਵਿਸ਼ਵ ਕੱਪ ਤੋਂ ਬਾਅਦ ਉਸ ਦੀ ਕਪਤਾਨੀ ਅਤੇ ਖਿਡਾਰੀ ਦੋਵਾਂ ਵਜੋਂ ਛੁੱਟੀ ਹੋ ਗਈ ਅਤੇ ਅਗਲੇ ਸਾਲ 2004 ਵਿੱਚ ਵੱਕਾਰ ਨੇ ਕੌਮਾਂਤਰੀ ਕ੍ਰਿਕਟ ਤੋਂ ਸੰਨਿਆਸ ਲੈ ਲਿਆ। ਵੱਕਾਰ ਨਾਲ ਜੁੜੇ ਵਿਵਾਦ ਖਿਡਾਰੀ ਤੇ ਕਪਤਾਨ ਤੋਂ ਬਾਅਦ ਕੋਚ ਵਜੋਂ ਵੀ ਨਾਲ ਜੁੜੇ ਰਹੇ। ਟੀਮ ਦੇ ਕੋਚ ਵਜੋਂ ਸੇਵਾ ਨਿਭਾਉਂਦਿਆਂ ਕਪਤਾਨ ਇੰਜਮਾਮ ਉਲ ਹੱਕ ਨਾਲ ਵਿਵਾਦ ਹੋਇਆ। ਵੱਕਾਰ ਦੇ ਕੋਚਿੰਗ ਦੇ ਦੌਰ ਵਿੱਚ ਹੀ ਇੰਗਲੈਂਡ ਖਿਲਾਫ ਮੈਚ ਵਿੱਚ ਤਿੰਨ ਖਿਡਾਰੀ ਮੁਹੰਮਦ ਆਮਿਰ, ਮੁਹੰਮਦ ਆਸਿਫ ਤੇ ਸਲਮਾਨ ਬੱਟ ਸਪਾਟ ਫਿਕਸਿੰਗ ਦੇ ਦੋਸ਼ਾਂ ਵਿੱਚ ਫਸੇ ਅਤੇ ਖੇਡਣ ਉਤੇ ਵੀ ਪਾਬੰਦੀ ਲੱਗੀ। ਸਾਲ 2016 ਵਿੱਚ ਵੱਕਾਰ ਨੇ ਕੋਚ ਵਜੋਂ ਅਸਤੀਫਾ ਇਹ ਗੱਲ ਕਹਿ ਕੇ ਦੇ ਦਿੱਤਾ ਕਿ ਉਸ ਦੀਆਂ ਸਿਫਾਰਸ਼ਾਂ ਪਾਕਿਸਤਾਨ ਕ੍ਰਿਕਟ ਬੋਰਡ ਨੇ ਮੰਨਣ ਤੋਂ ਵੀ ਇਨਕਾਰ ਕੀਤਾ ਅਤੇ ਉਪਰੋਂ ਬਾਹਰ ਲੀਕ ਵੀ ਕਰ ਦਿੱਤੀਆਂ। ਸਾਲ 2019 ਵਿੱਚ ਵੱਕਾਰ ਨੇ ਚੌਥੀ ਵਾਰ ਟੀਮ ਪ੍ਰਬੰਧਨ ਵਿੱਚ ਵਾਪਸੀ ਕਰਦਿਆਂ ਗੇਂਦਬਾਜ਼ੀ ਕੋਚ ਵਜੋਂ ਸੇਵਾਵਾਂ ਨਿਭਾਈਆਂ। 2021 ਵਿੱਚ ਭਾਰਤ-ਪਾਕਿਸਤਾਨ ਮੈਚ ਦੌਰਾਨ ਇੱਕ ਨਸਲੀ ਟਿੱਪਣੀ ਕਰਨ ਦੇ ਵਿਵਾਦ ਨਾਲ ਵੀ ਵੱਕਾਰ ਦਾ ਨਾਮ ਜੁੜਿਆ।

ਵੱਕਾਰ ਦਾ ਵਿਆਹ 2000 ਵਿੱਚ ਪਾਕਿਸਤਾਨ ਮੂਲ ਦੀ ਆਸਟਰੇਲੀਅਨ ਡਾਕਟਰ ਨਾਲ ਹੋਇਆ ਅਤੇ ਉਸ ਦਾ ਪਰਿਵਾਰ ਆਸਟਰੇਲੀਆ ਦੇ ਨਿਊ ਸਾਊਥ ਵੇਲਜ਼ ਵਿਖੇ ਰਹਿੰਦਾ ਹੈ। ਵੱਕਾਰ ਜੋੜੇ ਦੇ ਦੋ ਬੇਟੀਆਂ ਤੇ ਇੱਕ ਬੇਟਾ ਹੈ। ਵੱਕਾਰ ਦਾ ਇੱਕ ਭਰਾ ਅਲੀ ਯੂਨਿਸ ਕੁਮੈਂਟੇਟਰ ਹੈ ਤੇ ਦੂਜੇ ਫੈਜ਼ਲ ਯੂਨਿਸ ਨੇ ਫਸਟ ਕਲਾਸ ਕ੍ਰਿਕਟ ਖੇਡੀ ਹੈ।

# ਘਲੂਘਾਰਾ ਜਾਂ ਇੰਡੋ-ਸਿੱਖ ਵਾਰ?

**ਦਰਦ ਦੇ 40 ਸਾਲ**

ਗੁਰਚਰਨਜੀਤ ਸਿੰਘ ਲਾਂਬਾ
santispahi@gmail.com



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਨਿਸ਼ਚਿਤ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਮਹਾਨ ਪਵਿਤ੍ਰਤਮ ਸਥਾਨ ਮਾਤਾ ਧਰਤਿ ਮਹਤੁ ਦੀ ਗੋਦੀ ਵਿੱਚ ਸਾਖਿਆਤ ਪ੍ਰਗਟ ਹੋਇਆ ਹੈ। ਹਰਿਦਾਸ ਕਵੀ ਨੇ ਅੰਕਿਤ ਕੀਤਾ ਹੈ ਕਿ ਕਰਤਾ ਪੁਰਖ ਨੇ ਜਦੋਂ ਬੈਕੁੰਠ ਅਤੇ ਹਰਿਮੰਦਰ ਨੂੰ ਤੋਲਿਆ ਤਾਂ ਬੈਕੁੰਠ ਹੌਲਾ ਹੋਣ ਕਾਰਨ ਉਤੇ ਚਲਾ ਗਿਆ ਅਤੇ ਹਰਿਮੰਦਰ ਸਾਹਿਬ ਭਾਰਾ ਹੋਣ ਕਰਕੇ ਧਰਤੀ 'ਤੇ ਆ ਗਿਆ।

ਹਰਿਮੰਦਰ ਬੈਕੁੰਠ ਕੌ, ਤੋਲਿਓ ਹਰਿ 'ਹਰਿਦਾਸ'।
ਗੌਰਾ ਸੁ ਧਰਨੀ ਰਹਿਓ, ਹੌਰਾ ਚੜਿਓ ਅਕਾਸ।

ਪਰ ਜੂਨ 1984 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਇਆ ਹਮਲਾ ਮਾਨਵਤਾ ਦੇ ਇਤਿਹਾਸ ਦਾ ਕਰੂਰਤਮ ਅਤੇ ਕਹਿਰ ਵਾਲਾ ਕਾਲਾ ਦਿਨ ਹੈ। 1984 ਤੋਂ 2024 ਤਕ ਦਾ ਸਫ਼ਰ 40 ਸਾਲ ਬੀਤ ਜਾਣ ਦੇ ਬਾਵਜੂਦ ਇਹ ਜ਼ਖਮ ਅਜੇ ਵੀ ਪੂਰੀ ਤਰ੍ਹਾਂ ਅੱਲ੍ਹੇ ਹਨ। ਹਰਿਮੰਦਰ ਸਾਹਿਬ ਸਿੱਖੀ ਦੀ ਆਤਮਾ ਹੈ। ਹਰਿਮੰਦਰ ਸਾਹਿਬ 'ਤੇ ਟੈਂਕ ਅਤੇ ਤੋਪਾਂ ਚਾੜ੍ਹ ਕੇ ਕੀਤਾ ਗਿਆ ਹਮਲਾ ਸਿੱਖਾਂ ਤੇ ਸਿੱਖੀ 'ਤੇ ਹਮਲਾ ਹੈ। ਇਹ ਹਮਲਾ ਕੋਈ ਅਚਨਚੇਤ ਵਾਪਰੀ ਘਟਨਾ ਨਹੀਂ ਸੀ। ਇਸ ਪਿੱਛੇ ਦਹਾਕਿਆਂ ਲੰਮਾ ਇਤਿਹਾਸ ਅਤੇ ਮਾਨਸਿਕਤਾ ਸੀ।

ਵਕਤ ਕਰਤਾ ਹੈ ਪਰਵਰਿਸ਼ ਬਰਸੋਂ
ਹਾਦਿਸਾ ਏਕ ਦਮ ਨਹੀਂ ਹੋਤਾ।

ਇਸ ਕਾਰਵਾਈ ਲਈ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਹੀ ਚੁਣਨਾ, ਇਸ ਤੋਂ ਪਹਿਲਾਂ ਸਾਰੇ ਦੇਸ਼ ਦੀਆਂ ਭਾਵਨਾਵਾਂ ਨੂੰ ਸਿੱਖਾਂ ਵਿਰੁੱਧ ਕਰਨਾ, ਸਰਕਾਰੀ ਪੱਤਰ ''ਬਾਤਚੀਤ' ਵਿੱਚ ਅੰਮ੍ਰਿਤਧਾਰੀਆਂ ਨੂੰ ਦਹਿਸ਼ਤਗਰਦ ਕਰਾਰ ਦੇਣਾ, ਦਰਬਾਰ ਸਾਹਿਬ ਬਾਰੇ ਨਿਤ ਨਵੀਆਂ ਦੂਸ਼ਣਬਾਜੀਆਂ, ਹਰ ਮਾੜੀ ਘਟਨਾ ਦਾ ਕੇਂਦਰ ਬਿੰਦੂ ਸੱਚਖੰਡ ਸਾਹਿਬ ਨੂੰ ਦਰਸਾਉਣਾ, ਹਰਿਮੰਦਰ ਸਾਹਿਬ ਦੇ ਮਾਡਲ ਦੀ ਘ੍ਰਿਣਤ ਬੇ-ਹੁਰਮਤੀ ਕਰ ਕੇ ਭੰਨਤੋੜ ਕਰਨੀ ਆਦਿ ਆਦਿ; ਅਤੇ ਇਸ ਲਈ ਪੂਰੀ ਸੋਚੀ ਸਮਝੀ ਵਿਉਂਤਬੰਦੀ ਨਾਲ ਕੀਤੀ ਤਿਆਰੀ।

1849 ਵਿੱਚ ਅੰਗਰੇਜ਼ਾਂ ਨੇ ਸਾਰੇ ਭਾਰਤ 'ਤੇ ਕਬਜ਼ਾ ਕਰਨ ਉਪਰੰਤ ਮਾਤਹਿਤ ਹੋ ਚੁਕੀਆਂ ਬਾਕੀ ਦੇਸ਼ ਦੀਆਂ ਫੌਜਾਂ ਨਾਲ ਮਿਲ ਕੇ ਪੰਜਾਬ 'ਤੇ ਹਮਲਾ ਕੀਤਾ ਅਤੇ ਇਸ ਨੂੰ ਗੁਲਾਮ ਬਣਾਇਆ। ਇਸ ਨੂੰ ਪੰਜਾਬ ਦੇ ਸ਼ਾਇਰ ਸ਼ਾਹ ਮੁਹੰਮਦ ਨੇ 'ਜੰਗ ਹਿੰਦ ਪੰਜਾਬ' ਅਤੇ ਫ਼ਿਰੰਗੀਆਂ ਨੇ 'ਐਂਗਲੋ ਸਿੱਖ ਵਾਰ' ਦਾ ਨਾਮ ਦਿੱਤਾ। ਇਸ ਤੋਂ ਪਹਿਲਾਂ ਸਿੱਖ ਮੁਗਲ ਵਾਰ, ਪਠਾਣ ਸਿੱਖ ਵਾਰ ਵੇਖੀਆਂ ਜਾ ਚੁਕੀਆਂ ਸਨ, ਪਰ ਆਜ਼ਾਦ ਭਾਰਤ ਵਿੱਚ ਇਹ ਹਮਲਾ ਵਿਸ਼ਵਾਸਘਾਤ ਦੀ ਇੰਤਹਾ ਸੀ; ਤਾਂ ਤੇ ਹਰਿਮੰਦਰ ਸਾਹਿਬ ਅਤੇ ਹੋਰ ਦਰਜਨਾਂ ਗੁਰਦੁਆਰਿਆਂ 'ਤੇ ਹਮਲੇ ਨੂੰ 'ਇੰਡੋ-ਸਿੱਖ ਵਾਰ' ਕਿਹਾ ਜਾ ਸਕਦਾ ਹੈ!

ਸਰੀਰ ਨੂੰ ਲੱਗੇ ਡੂੰਘੇ ਤੋਂ ਡੂੰਘੇ ਫੱਟ ਤਾਂ ਸਮਾਂ ਵਿਹਾਝ ਕੇ ਪੂਰੇ ਜਾਂਦੇ ਹਨ, ਪਰ ਕਰਕ ਕਲੇਜੇ ਮਾਹਿ ਆਤਮਾ ਨੂੰ ਲੱਗੇ ਜ਼ਖਮ ਕਦੀ ਵੀ ਨਹੀਂ ਮਿਟਦੇ। ਇਹ ਇਤਿਹਾਸ ਵਿੱਚ ਉਕਰ ਜਾਂਦੇ ਹਨ। ਇਹ ਕਹਿਣਾ ਅਤੇ ਸੋਚਣਾ ਕਿ ਸਮਾਂ ਪਾ ਕੇ ਇਹ ਭੁਲ ਜਾਣਗੇ ਜਾਂ ਭੁਲਾ ਦਿੱਤੇ ਜਾਣਗੇ ਤਾਂ ਇਹ ਬਹੁਤ ਵੱਡੀ ਭੁੱਲ ਹੈ; ਬਲਕਿ ਜਿਉਂ ਜਿਉਂ ਸਮਾਂ ਬੀਤੇਗਾ, ਇਹ ਜ਼ਖਮ ਉਭਰਨਗੇ ਅਤੇ ਹਰ ਸਾਲ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਆਏਗਾ, ਇਹ ਹੋਰ ਹਰੇ ਹੁੰਦੇ ਰਹਿਣਗੇ।

ਜ਼ੁਲਮ ਤੋ ਜ਼ੁਲਮ ਹੈ ਬਰਪੇਗਾ ਤੋ ਥਮ ਜਾਏਗਾ।
ਲਹੂ ਤੋ ਲਹੂ ਹੈ ਟਪਗੇਗਾ ਤੋਂ ਜਮ ਜਾਏਗਾ।

ਇਸ ਤੋਂ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ 'ਤੇ ਤਬਾਹਕੁਨ ਹਮਲੇ ਹੁੰਦੇ ਰਹੇ ਹਨ। ਹਰਿਮੰਦਰ ਸਾਹਿਬ 'ਤੇ ਅਬਦਾਲੀ, ਦੁੱਰਾਨੀ, ਰੰਘੜਾਂ, ਫਿਰੰਗੀਆਂ ਵਲੋਂ ਕੀਤਾ ਹਰ ਹਮਲਾ ਸਿੱਖਾਂ ਅਤੇ ਸਿੱਖੀ 'ਤੇ ਹੁੰਦਾ ਸੀ। ਇਹ ਹਮਲੇ ਵਿਦੇਸ਼ੀ ਜਰਵਾਣਿਆਂ ਅਤੇ ਹਕੂਮਤਾਂ ਵਲੋਂ ਸਰਅੰਜਾਮ ਦਿੱਤੇ ਗਏ, ਪਰ 1984 ਵਿੱਚ ਦਰਬਾਰ ਸਾਹਿਬ 'ਤੇ ਪੂਰੀ ਸਰਕਾਰੀ ਤਾਕਤ ਨਾਲ ਕੀਤਾ ਹਮਲਾ ਸਾਰੀ ਸਿੱਖ ਕੌਮ 'ਤੇ ਸੀ। ਇਸਦੀ ਪੀੜ ਵੀ ਸਿੱਖ ਕੌਮ ਨੇ ਹੀ ਆਪਣੇ ਸੀਨੇ 'ਤੇ ਹੰਢਾਈ ਹੈ। ਦਰਬਾਰ ਸਾਹਿਬ 'ਤੇ ਹੋਏ ਇਸ ਭਿਆਨਕ ਹਮਲੇ ਦਾ ਜ਼ਿਆਦਾ ਦੁਖਦਾਈ ਪਹਿਲੂ ਇਹ ਵੀ ਹੈ ਕਿ ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ ਆਪਣਾ ਸਭ ਕੁਝ ਵਾਰਿਆ, ਇਹ ਉਸੇ ਆਪਣੇ ਹੀ ਦੇਸ਼ ਅਤੇ ਆਪਣੀ ਹੀ ਸਰਕਾਰ ਵਲੋਂ ਕੀਤਾ ਗਿਆ। ਕਿਸੇ ਵੀ ਦਲੀਲ ਜਾਂ ਪਰਚਾਵੇ ਨਾਲ ਇਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਖੁਸ਼ ਹੁਆ ਥਾ ਤੋੜ ਕਰ ਅਪਨੇ ਕਫ਼ਸ ਕੀ ਤੀਲੀਆਂ।
ਹਾਏ! ਕਹਿ ਕੇ ਰਹਿ ਗਿਆ ਟੂਟੇ ਪਰੋਂ ਕੋ ਦੇਖ ਕਰ।

ਇਹ ਕਿਹਾ ਜਾ ਰਿਹਾ ਹੈ ਕਿ ਜੋ ਹੋ ਗਿਆ, ਉਸ ਨੂੰ ਭੁਲ ਜਾਉ ਅਤੇ ਭੁਲਾ ਦਿਉ। ਹੋ ਸਕਦਾ ਹੈ, ਹਰ ਸਾਲ ਰਾਵਣ ਦਾ ਸਾੜਨਾ ਬੰਦ ਹੋ ਜਾਏ, ਕਰਬਲਾ ਦੀ ਸ਼ਹਾਦਤ ਭੁਲਾ ਦਿੱਤੀ ਜਾਏ, ਈਸਾ ਮਸੀਹ ਦੀ ਸ਼ਹਾਦਤ ਮਨਾਈ ਜਾਣੀ ਬੰਦ ਹੋ ਜਾਏ, ਪਰ ਜੂਨ 1984 ਦਾ ਘੱਲੂਘਾਰਾ ਨਾ ਤਾਂ ਭੁਲਿਆ ਜਾਏਗਾ ਅਤੇ ਨਾ ਹੀ ਭੁਲਾਇਆ ਜਾ ਸਕਦਾ ਹੈ।

ਸੰਸਾਰ ਵਿੱਚ ਲੱਖਾਂ ਕਰੋੜਾਂ ਹੀ ਨਹੀਂ, ਬਲਿਕ ਅਨਗਿਣਤ ਇਮਾਰਤਾਂ ਹਨ। ਕਿਸੇ ਨੂੰ ਕੋਈ ਖ਼ਤਰਾ ਨਹੀਂ; ਪਰ ਕੀ ਕਾਰਨ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਮੁਢ ਕਦੀਮ ਤੋਂ ਹੀ ਹਰ ਕਾਲ ਖੰਡ ਅਤੇ ਰਾਜ ਕਾਲ ਵਿੱਚ ਖ਼ਤਰਾ ਰਿਹਾ? ਬਿਨਾ ਅਪਵਾਦ ਦੇ ਹਰ ਹਕੂਮਤ ਇਸ ਵਲ ਕੈਰੀ ਨਜ਼ਰ ਰੱਖਦੀ ਰਹੀ। ਇਸ ਨੂੰ ਬੰਦ ਕਰਾਉਣ ਦੀ ਕਵਾਇਦ ਕਰਦੀ ਰਹੀ। ਇਸਨੂੰ 'ਦੁਕਾਨ-ਏ-ਬਾਤਲ' ਤਕ ਐਲਾਨਦੀ ਰਹੀ। ਇਸ 'ਤੇ ਹਮਲੇ ਦੇ ਮਨਸੂਬੇ ਤਿਆਰ ਕਰਦੀ ਰਹੀ, ਪਰ ਇਹ ਇੱਕ ਐਸੀ ਨਿਤ ਨਵੀਂ, ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਇਮਾਰਤ ਹੈ, ਜੋ ਕਦੀ ਗਿਰ ਕੇ ਵੀ ਗਿਰਦੀ ਨਹੀਂ; ਕਿਉਂਕਿ ਇਸਦਾ ਸਿਰਜਨਹਾਰਾ ਵੀ ਨੀਤ ਨਵਾਂ ਹੈ। ਇਸ ਇਮਾਰਤ ਨੂੰ ਖ਼ਤਰਾ ਰਿਹਾ ਹੈ ਅਤੇ ਅੱਗੋਂ ਵੀ ਰਹੇਗਾ। ਕਾਰਨ ਇਹ ਕਿ ਜਾਨਾਂ ਹੂਲ ਕੇ ਅਤੇ ਹਰ ਕੀਮਤ ਤਾਰ ਕੇ ਸਿੱਖ ਇਸਦੇ ਕੋਲ ਆਉਂਦੇ ਹਨ। ਹਰਿਮੰਦਰ ਸਾਹਿਬ ਦੀ ਰਾਖੀ ਦਾ ਇਤਿਹਾਸ ਸ਼ਹਾਦਤਾਂ ਦਾ ਇਤਿਹਾਸ ਹੈ। ਜਿਸ ਦਿਨ ਸਿੱਖ ਇੱਥੇ ਆਉਣੇ ਬੰਦ ਹੋ ਗਏ, ਹਰਿਮੰਦਰ ਸਾਹਿਬ ਨੂੰ ਖ਼ਤਰਾ ਖ਼ਤਮ ਹੋ ਜਾਏਗਾ, ਪਰ ਇਹ ਵੀ ਨਿਸ਼ਚਿਤ ਹੈ ਕਿ ਉਸਤੋਂ ਬਾਅਦ ਸਿੱਖ ਵੀ ਖ਼ਤਮ ਹੋ ਜਾਣਗੇ। ਸਿੱਖ ਅਤੇ ਹਰਿਮੰਦਰ ਸਾਹਿਬ ਦੀ ਹੋਂਦ ਅਤੇ ਹਸਤੀ ਇੱਕ ਦੂਜੇ ਦੀ ਪੂਰਕ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਜ਼ਿੰਦਾ ਇਤਿਹਾਸ ਹੈ। ਇਸ ਤੋਂ ਲਗਾਤਾਰ ਸੇਧ ਅਤੇ ਪ੍ਰੇਰਨਾ ਲਏ ਜਾਣ ਦੀ ਲੋੜ ਪਹਿਲੇ ਨਾਲੋਂ ਵੱਧ ਹੈ। ਇਥੇ ਬੀਤੇ 'ਚ ਵਾਪਰੀਆਂ ਕੁਝ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਸ ਤੋਂ ਸਬਕ ਲਿਆ ਜਾ ਸਕੇ। ਕਿਸੇ ਨੇ ਸਹੀ ਕਿਹਾ ਹੈ,

ਯੇ ਜਬਰ ਭੀ ਦੇਖਾ ਹੈ ਤਾਰੀਖ਼ ਕੀ ਨਜ਼ਰੋਂ ਨੇ
ਲਮਹੋਂ ਨੇ ਖ਼ਤਾ ਕੀ ਥੀ ਸਦਿਉਂ ਨੇ ਸਜ਼ਾ ਪਾਈ।

1847 ਦੀ ਇੱਕ ਘਟਨਾ ਦਰਸਾਉਂਦੀ ਹੈ ਕਿ ਵਿਦੇਸ਼ੀ ਹਕੂਮਤ ਵੀ ਦਰਬਾਰ ਸਾਹਿਬ ਦੀ ਪਵਿਤ੍ਰਤਾ, ਮਹੱਤਤਾ ਅਤੇ ਮਹਾਨਤਾ ਬਾਰੇ ਕੀ ਵਿਚਾਰ ਰੱਖਦੀ ਸੀ। ਬਾ-ਹੁਕਮ ਗਵਰਨਰ ਜਨਰਲ ਲਾਹੌਰ ਸਥਿਤ ਰੈਜ਼ੀਡੈਂਟ ਐਚ.ਐਮ. ਲਾਰੰਸ ਨੇ 24 ਮਾਰਚ 1847 ਨੂੰ ਤਾਂਬੇ ਦੀ ਇੱਕ ਪਲੇਟ ਦਰਬਾਰ ਸਾਹਿਬ ਦੇ ਬਾਹਰ ਲਗਵਾਈ। ਇਸ ਵਿੱਚ ਲਿਖਿਆ ਗਿਆ ਸੀ ਕਿ ਦਰਬਾਰ ਸਾਹਿਬ ਜਾਂ ਇਸ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਵਿਅਕਤੀ ਜੁੱਤੀਆਂ ਪਾ ਕੇ ਦਾਖ਼ਲ ਨਹੀਂ ਹੋ ਸਕਦਾ।



"ਅੰਮ੍ਰਿਤਸਰ ਦੇ ਪੁਜਾਰੀਆਂ ਵਲੋਂ ਦਰਪੇਸ਼ ਪਰੇਸ਼ਾਨੀਆਂ ਦੀ ਸ਼ਿਕਾਇਤ ਕੀਤੇ ਜਾਣ 'ਤੇ ਗਵਰਨਰ ਜਨਰਲ ਦੇ ਹੁਕਮ ਨਾਲ ਕੋਈ ਵੀ ਵਿਅਕਤੀ ਹਰਿਮੰਦਿਰ (ਦਰਬਾਰ) ਜਾਂ ਇਸਦੇ ਪਰਿਸਰ ਵਿੱਚ ਜੁੱਤੀਆਂ ਸਣੇ ਦਾਖ਼ਲ ਨਹੀਂ ਹੋਏਗਾ, ਅੰਮ੍ਰਿਤਸਰ ਵਿੱਚ ਗੋਹਤਿਆ ਨਹੀਂ ਕੀਤੀ ਜਾਏਗੀ, ਕਿਸੇ ਵੀ ਢੰਗ ਨਾਲ ਸਿੱਖਾਂ ਨਾਲ ਛੇੜ-ਛਾੜ ਜਾਂ ਬੇਪਤੀ ਨਹੀਂ ਕੀਤੀ ਜਾਏਗੀ ਅਤੇ ਨਾ ਹੀ ਦਖ਼ਲਅੰਦਾਜ਼ੀ ਕੀਤੀ ਜਾਏਗੀ। ਜੁੱਤੀਆਂ ਬੁੰਗੇ ਦੇ ਬਾਹਰ ਉਤਾਰੀਆਂ ਜਾਣਗੀਆਂ ਅਤੇ ਕੋਈ ਵੀ ਜੁੱਤੀਆਂ ਸਣੇ ਸਰੋਵਰ ਦੀ ਪਰਿਕਰਮਾ ਵਿੱਚ ਦਾਖਲ ਨਹੀਂ ਹੋਏਗਾ।"

-ਲਾਹੌਰ, ਮਾਰਚ 24, 1847; ਐਚ.ਐਮ ਲਾਰੰਸ, ਰੈਜ਼ੀਡੈਂਟ

(The Priests of Amritsur having complained of annoyances this is to make known to all concerned that, by Order of the Governor General British Subjects are forbidden to enter the Temple (called the Durbar) or its precincts at Amritsur, or indeed any Temple with their Shoes on, Kine are not to be killed at Amritsur, nor are the Sikhs to be molested, or in any way to be interfered with. Shoes are to be taken off at the Bhoonga at the corner of the Tank and no Person is to walk round the Tank with his shoes on.

Lahore, March 24, 1847 H.M. Lawrence, Resident.)

ਇਤਿਹਾਸ ਦੀ ਗਵਾਹੀ ਦਾ ਇਹ ਦਸਤਾਵੇਜ਼ ਇੱਕ ਤਾਂਬੇ ਦੀ ਪਲੇਟ ਅੰਕਿਤ ਸ੍ਰੀ ਹਰਿਮੰਦਰ ਸਾਹਿਬ ਦੇ ਮਿਊਜ਼ੀਅਮ ਵਿੱਚ ਰਖੀ ਹੋਈ ਹੈ, ਪਰ ਇੱਥੇ ਇੱਕ ਪਲ ਸੋਚਣ ਦੀ ਲੋੜ ਹੈ ਕਿ ਕਈ ਵਾਰ ਆਪਸੀ ਕਲਹ ਕਾਰਨ ਕਈ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਖ਼ੁਦ ਹੀ, ਵਿਸ਼ੇਸ਼ ਕਰ ਵਿਦੇਸ਼ਾਂ ਵਿੱਚ ਪੁਲਿਸ ਨੂੰ ਸੱਦਾ ਦਿੰਦੇ ਹਨ ਅਤੇ ਪੁਲਿਸ ਬੂਟਾਂ ਸਣੇ ਦਰਬਾਰ ਹਾਲ ਵਿੱਚ ਦਾਖ਼ਲ ਹੋ ਜਾਂਦੀ ਹੈ।

ਇੱਥੇ ਇੱਕ ਅਹਿਮ ਤੱਥ ਸਮਝਣ ਦੀ ਲੋੜ ਹੈ ਕਿ ਇਤਿਹਾਸਕ ਤੌਰ 'ਤੇ ਲਫ਼ਜ਼ 'ਹਰਿਮੰਦਰ ਸਾਹਿਬ' ਪੂਰੇ ਪਰਿਸਰ (ਕੰਪਲੈਕਸ) ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਅਟਲ ਸਾਹਿਬ ਵੀ ਸ਼ਾਮਲ ਸੀ।

ਪਰ 1847 ਦੀ ਇਸ ਘਟਨਾ ਤੋਂ ਤਕਰੀਬਨ ਚਾਲੀ ਸਾਲ ਬਾਅਦ ਇਸੇ ਲਾਸੰਸ ਦੇ ਰਾਜ ਕਾਲ ਵਿੱਚ ਹੀ ਇਸ ਹੁਕਮ ਦੀ ਉਲੰਘਣਾ ਦੀ ਇੱਕ ਦੁਖਦਾਈ ਘਟਨਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਵਾਪਰੀ। 1984 ਤੋਂ ਇੱਕ ਸਦੀ ਪਹਿਲਾਂ 1884 ਦੇ ਆਰੰਭ ਵਿੱਚ ਈਸਟ ਇੰਡੀਆ ਕੰਪਨੀ ਦੀ ਇੱਕ ਫ਼ੌਜੀ ਟੁਕੜੀ ਬੂਟਾਂ ਸਣੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਦਾਖ਼ਲ ਹੋ ਗਈ। ਸੋ ਦੱਸਣ ਦੀ ਲੋੜ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿੱਚ ਤਤਪਰ ਕੁਝ ਸਿੰਘਾਂ ਨੇ ਇਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਇਸ ਝੜਪ ਵਿੱਚ ਕੰਪਨੀ ਬਹਾਦਰ ਦਾ ਸੂਬੇਦਾਰ ਮਾਰਿਆ ਗਿਆ ਤੇ ਕੰਪਨੀ ਕਮਾਂਡਰ ਸਣੇ ਹੋਰ ਫ਼ੌਜੀ ਜ਼ਖ਼ਮੀ ਹੋ ਗਏ। ਇਸ ਕੇਸ ਦਾ ਮੁਕੱਦਮਾ ਲਾਹੌਰ ਵਿੱਚ ਚਲਾ ਕੇ ਅੰਗਰੇਜ਼ ਰੈਜੀਡੈਂਟ ਸਰ ਜਾਨੂ ਲਾਰੈਂਸ ਨੇ 19 ਫਰਵਰੀ 1884 ਨੂੰ ਸਰਦਾਰ ਗੰਡਾ ਸਿੰਘ ਤੇ ਦੋ ਹੋਰ ਸਿੰਘਾਂ ਨੂੰ ਫ਼ਾਂਸੀ ਦੇ ਦਿੱਤੀ ਅਤੇ ਛੇ ਹੋਰ ਸਿੰਘਾਂ- ਬਬੇਗ ਸਿੰਘ, ਖੜਗ ਸਿੰਘ, ਮਸਤਾਨ ਸਿੰਘ, ਹੀਰਾ ਸਿੰਘ, ਹੁਕਮ ਸਿੰਘ ਅਤੇ ਜਵਾਹਰ ਸਿੰਘ ਨੂੰ ਕੈਦ ਬਾ-ਮੁਸ਼ੱਕਤ ਡੰਡੇ ਬੇੜੀਆਂ ਸਣੇ ਦਿੱਤੀ ਗਈ। ਬਾਅਦ ਵਿੱਚ ਜਾਨੂ ਲਾਰੈਂਸ ਨੇ ਐਚ.ਐਮ. ਇਲੀਅਟ (ਸੈਕਟਰੀ, ਗੌਰਮਿੰਟ ਆਫ਼ ਇੰਡੀਆ, ਫੋਰਟ ਵਿਲੀਅਮ, ਕਲਕੱਤਾ) ਨੂੰ ਉਚੇਚਾ ਸੰਦੇਸ਼ ਭੇਜਿਆ ਕਿ ਇਨ੍ਹਾਂ ਅਕਾਲੀਆਂ ਨੂੰ ਪੰਜਾਬ ਦੀ ਸਿੱਖ ਜਨਤਾ ਸਤਿਕਾਰ ਭਰੀ ਸ਼ਰਧਾ ਨਾਲ ਦੇਖਦੀ ਹੈ, ਇਸ ਲਈ ਇਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਦੀ ਬਜਾਏ ਬਰੇਲੀ ਦੀ ਜੇਲ੍ਹ ਵਿੱਚ ਰੱਖਿਆ ਜਾਏ।

ਫਿਰੰਗੀ ਸਰਕਾਰ ਦਾ ਕਦੇ ਨਰਮ ਕਦੇ ਗਰਮ ਸਿਲਸਿਲਾ ਜਾਰੀ ਰਿਹਾ। 7 ਸਤੰਬਰ 1915 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ, ਕੇ.ਸੀ.ਐਸ. ਕਿੰਗ (ਸੀ.ਆਈ.ਈ.) ਨੇ ਦਰਬਾਰ ਸਾਹਿਬ ਦੀ ਪਵਿਤ੍ਰਤਾ ਨੂੰ ਮੁੱਖ ਰਖਦਿਆਂ ਹੁਕਮ ਜਾਰੀ ਕਰ ਦਿੱਤਾ ਕਿ ਗੁਰੂ ਰਾਮਦਾਸ ਜੀ ਦੀ ਪਾਵਨ ਨਗਰੀ ਦੀ ਹਦੂਦ ਅੰਦਰ ਕੋਈ ਵੀ ਸ਼ਰਾਬ ਦੀ ਦੁਕਾਨ ਨਹੀਂ ਰਹਿ ਸਕਦੀ। ਜੇਕਰ ਪੁਰਾਣੇ ਹਾਕਮ ਦੀ ਕੋਈ ਗੱਲ ਚੰਗੀ ਹੈ ਤਾਂ ਉਸ ਨੂੰ ਜਾਰੀ ਰੱਖਣ ਅਤੇ ਅਮਲ ਵਿੱਚ ਲਿਆਉਣ ਵਿੱਚ ਕੀ ਹਰਜ਼ ਹੈ? ਹੁਣ ਸ਼ਰਾਬ ਦੇ ਠੇਕੇ ਅੰਦਰੂਨ ਸ਼ਹਿਰ ਵਿੱਚ ਤਾਂ ਨਹੀਂ ਪਰ ਪਵਿੱਤਰ ਨਗਰ ਵਿੱਚ ਦਾਖ਼ਲ ਹੋਣ ਦੇ ਹਰ ਗੇਟ ਦੇ ਬਾਹਰ ਇਹ ਖੁੱਲ੍ਹ ਗਏ ਹਨ।

ਅਪ੍ਰੈਲ 1919 ਨੂੰ ਸਾਰੇ ਪੰਜਾਬ ਵਿੱਚ ਇੱਕ ਜ਼ਬਰਦਸਤ ਅਫਵਾਹ ਫੈਲ ਗਈ ਕਿ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਵਾਈ ਬੰਬਾਰੀ ਕੀਤੀ ਹੈ ਅਤੇ ਨਾਲ ਹੀ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਹੈ। ਇਸ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਨ੍ਹਾਂ ਨੂੰ ਇਹ ਡਰ ਪੈ ਗਿਆ ਕਿ ਜੇਕਰ ਸਿੱਖ ਉਠ ਖੜੇ ਹੋਏ ਤਾਂ ਉਨ੍ਹਾਂ ਨੂੰ ਕਾਬੂ ਵਿੱਚ ਰੱਖਣਾ ਮੁਸ਼ਕਿਲ ਹੋਏਗਾ, ਕਿਉਂਕਿ ਉਸ ਸਮੇਂ ਫੌਜ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਸਨ ਅਤੇ ਇਸ ਬਗਾਵਤ ਦਾ ਅਸਰ ਸਿੱਖ ਫੌਜੀ, ਜੋ ਹਿੰਦੁਸਤਾਨ ਅਤੇ ਮਿਸਰ ਵਿੱਚ ਤਾਇਨਾਤ ਹਨ, ਉਨ੍ਹਾਂ 'ਤੇ ਅਸਰ ਪਏਗਾ।

ਸਰਕਾਰ ਨੇ ਸਾਰੇ ਸਾਧਨ ਵਰਤ ਕੇ ਇਸ ਅਫਵਾਹ ਨੂੰ ਦੂਰ ਕਰਨ ਦੇ ਸਾਰੇ ਯਤਨ ਕੀਤੇ। ਇਸ ਵੇਲੇ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ, ਗ੍ਰੰਥੀ ਸਾਹਿਬਾਨ ਤੇ ਪੁਜਾਰੀ ਸਿੰਘਾਂ ਵਲੋਂ ਇਸ਼ਤਿਹਾਰ ਜਾਰੀ ਕਰ ਕੇ ਇਸ ਦਾ ਖੰਡਨ ਕੀਤਾ ਗਿਆ।

"ਇਹ ਸ੍ਰੋਤ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗੁਰੂ ਖਾਲਸਾ ਜੀ ਦੇ ਪਵਿੱਤ੍ਰ ਅਸਥਾਨ ਵਿਖੇ ਕੋਈ ਗੋਲੀ ਚਲੀ ਹੈ ਜਾਂ ਹਵਾਈ ਜਹਾਜ਼ ਨੇ ਬੰਬ ਦਾ ਗੋਲਾ ਸੁਟਿਆ ਹੈ, ਜਾਂ ਹੋਰ ਕਿਸੇ ਤਰ੍ਹਾਂ ਬੇਅਦਬੀ ਕੀਤੀ ਗਈ ਹੈ, ਬਿਲਕੁਲ ਗਲਤ ਹੈ, ਇਸ ਦੀ ਕੋਈ ਬੁਨਿਆਦ ਨਹੀਂ। ਸਰਬਰਾਹ ਸਾਹਿਬ, ਗ੍ਰੰਥੀ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀ ਸਿੰਘਾਂ ਵਲੋਂ ਇੱਕ ਇਸ਼ਤਿਹਾਰ ਦੁਆਰਾ ਇਸ ਅਫਵਾਹ ਦਾ ਗਲਤ ਹੋਣਾ ਪ੍ਰਗਟ ਹੋ ਚੁਕਾ ਹੈ। ਸਾਰੇ ਪੰਥ ਦੇ ਦਿਲ ਵਿੱਚੋਂ ਇਸ ਗਲਤ ਅਫਵਾਹ ਦੇ ਮੁਤਅਲਕ ਹਰ ਤਰ੍ਹਾਂ ਦੇ ਭਰਮ ਨੂੰ ਦੂਰ ਕਰਨ ਲਈ ਇਹ ਬਿਨੈ ਕੀਤੀ ਜਾਂਦੀ ਹੈ ਕਿ ਕੋਈ ਸਜਨ ਇਸ ਅਫਵਾਹ ਦਾ ਯਕੀਨ ਨਾ ਕਰੇ। ਇਹ ਅਫਵਾਹ ਉਕੀ ਅਸੱਤ ਹੈ।"

ਇਤਨਾ ਹੀ ਨਹੀਂ, ਸਰਕਾਰ ਵਲੋਂ ਉਸ ਸਮੇਂ ਦੀ ਪ੍ਰਮੁੱਖ ਸਿੱਖ ਜਥੇਬੰਦੀ ਚੀਫ਼ ਖਾਲਸਾ ਦੀਵਾਨ ਨੂੰ ਵੀ ਪਹੁੰਚ ਕੀਤੀ ਗਈ ਕਿ ਉਹ ਇਸ ਬਾਰੇ ਸਪਸ਼ਟੀਕਰਨ ਦੇਣ। ਇਹ ਘਟਨਾ ਮਾਮੂਲੀ ਨਹੀਂ ਸੀ ਅਤੇ ਇਸਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਸੀ। ਉਪਰੰਤ ਚੀਫ਼ ਖਾਲਸਾ ਦੀਵਾਨ ਨੇ ਵੀ ਮਤਾ ਪਾਸ ਕਰ ਕੇ ਜਾਰੀ ਕੀਤਾ,

"ਸ੍ਰੀ ਦਰਬਾਰ ਸਾਹਿਬ (ਹਰਮੰਦਰ ਜੀ) ਅੰਮ੍ਰਿਤਸਰ ਗੁਰਸਿਖੀ ਦਾ ਪਰਮ ਪਵਿੱਤ੍ਰ ਧਾਮ ਹੈ, ਇਹ ਅਫਵਾਹ ਜੋ ਦਰਬਾਰ ਸਾਹਿਬ ਵਿੱਚ ਗੋਲੀ ਚਲਾਈ ਗਈ ਹੈ ਯਾ ਬੰਬ ਦਾ ਗੋਲਾ ਸੁੱਟਿਆ ਗਿਆ ਹੈ, ਬਿਲਕੁਲ ਗਲਤ ਹੈ। ਦਰਬਾਰ ਸਾਹਿਬ ਦੇ ਸੇਵਕਾਂ ਵਲੋਂ ਤੇ ਚੀਫ਼ ਖਾਲਸਾ ਦੀਵਾਨ ਵਲੋਂ ਇਸ ਅਫਵਾਹ ਦਾ ਗਲਤ ਹੋਣਾ ਅੱਗੇ ਬਿਨੈ ਹੋ ਚੁੱਕਾ ਹੈ। ਪਿਆਰੇ ਖਾਲਸਾ ਜੀ ਦੇ ਹਿਰਦੇ ਵਿੱਚ ਅਕਾਰਣ ਦੁੱਖ ਤੇ ਕਲੇਸ਼ ਪੈਦਾ ਹੋਣ ਦੀ ਰੋਕ ਕਰਨ ਲਈ ਚੀਫ਼ ਖਾਲਸਾ ਦੀਵਾਨ ਦੀ ਆਗਯਾ ਅਨੁਸਾਰ ਬਿਨੈ ਹੈ, ਜੋ ਇਸ ਬਾਰੇ ਵਿੱਚ ਉਹ ਕਿਸੇ ਤਰ੍ਹਾਂ ਚਿੰਤਾਤੁਰ ਨਾ ਹੋਣ। ਇਸੇ ਤਰ੍ਹਾਂ ਦੀਵਾਨ ਦੀ ਆਗਯਾ ਅਨੁਸਾਰ ਅਮਨ ਚੈਨ ਰਖਣ ਲਈ ਤੇ ਇਸ ਹਲਾਚਲੀ ਵਿੱਚ ਅਡੋਲ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਯਾਦ ਰੱਖ ਕੇ ਸਰਕਾਰ ਦੀ ਵਫਾਦਾਰੀ ਤੇ ਗੁਰੂ-ਪੰਥ ਦੀ ਸੇਵਾ ਲਈ ਅਰਜੋਈ ਕੀਤੀ ਜਾ ਚੁਕੀ ਹੈ, ਜੋ ਕ੍ਰਿਪਾਲੂ ਸੱਜਣਾਂ ਦੀ ਦ੍ਰਿਸ਼ਟੀ ਗੋਚਰ ਹੋ ਚੁੱਕੀ ਹੋਵੇਗੀ।"

ਇਸੇ ਤਰ੍ਹਾਂ ਸਰ ਸੁੰਦਰ ਸਿੰਘ ਮਜੀਠੀਆ ਨੇ ਵੀ ਨਿਜੀ ਤੌਰ 'ਤੇ ਇੱਕ ਬਿਆਨ ਜਾਰੀ ਕਰਕੇ ਇਸ ਅਫਵਾਹ ਦਾ ਖੰਡਨ ਕੀਤਾ। ਭਾਵੇਂ ਇਹ ਇੱਕ ਅਫਵਾਹ ਹੀ ਸੀ, ਪਰ ਇਸ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਝੰਜੋੜ ਦਿੱਤਾ। ਜੇਕਰ ਇੱਕ ਵਿਦੇਸ਼ੀ ਹਕੂਮਤ ਐਸੀ ਮਾੜੀ ਘਟਨਾ ਦੇ ਨਤੀਜਿਆਂ ਪ੍ਰਤੀ ਇਤਨੀ ਸੰਜੀਦਾ ਅਤੇ ਗੰਭੀਰ ਹੋ ਸਕਦੀ ਹੈ, ਪਰ ਹੈਰਾਨੀ ਹੈ ਕਿ ਪੂਰੀ ਤਾਕਤ ਨਾਲ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਬਾਰੇ 'ਆਪਣੀ ਸਰਕਾਰ' ਨੇ ਕਿਉਂ ਨਹੀਂ ਸੋਚਿਆ ਕਿ ਸਿੱਖ ਇਸ ਨੂੰ ਕਿਵੇਂ ਬਰਦਾਸ਼ਤ ਕਰ ਲੈਣਗੇ!

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਇੱਕ ਹੋਰ ਅਹਿਮ ਘਟਨਾ ਦਾ ਜ਼ਿਕਰ ਲੈਰੀ ਕਾਲਿਨਸ ਅਤੇ ਡਾਮਨਿਕ ਲਾਪਿਏਰੇ ਨੇ ਆਪਣੀ ਕਿਤਾਬ 'ਫਰੀਡਮ ਐਟ ਮਿਡਨਾਈਟ' ਵਿੱਚ ਕੀਤਾ ਹੈ। ਹਿੰਦੁਸਤਾਨ ਦੇ ਵਾਇਸਰਾਇ ਦੀ ਇੱਕ ਉਚ ਪੱਧਰੀ ਮੀਟਿੰਗ ਹੋਈ। ਇਸ ਵਿੱਚ ਦਸਿਆ ਗਿਆ ਕਿ 14 ਅਗਸਤ ਨੂੰ ਜਦੋਂ ਮੁਹੰਮਦ ਅਲੀ ਜਿਨਾਹ ਦਾ ਜਲੂਸ ਨਿਕਲੇਗਾ ਤਾਂ ਉਸ ਦੇ ਕਤਲ ਦੀ ਸਾਜ਼ਿਸ਼ ਸਿੱਖ ਲੀਡਰਸ਼ਿਪ ਨੇ ਕੀਤੀ ਹੈ। ਇਸ 'ਤੇ ਮੁਸਲਿਮ ਆਗੂਆਂ ਨੇ ਮੰਗ ਕੀਤੀ ਕਿ ਸਿੱਖ ਆਗੂਆਂ ਨੂੰ ਤੁਰੰਤ ਹਿਰਾਸਤ ਵਿੱਚ ਲਿਆ ਜਾਏ। ਇਸ ਦੇ ਜਵਾਬ ਵਿੱਚ ਮਾਉਂਟਬੈਟਨ ਨੇ ਕਿਹਾ ਕਿ ਕੀ ਤੁਹਾਨੂੰ ਪਤਾ ਹੈ ਕਿ ਸਿੱਖ ਆਗੂ ਮਾਸਟਰ ਤਾਰਾ ਸਿੰਘ ਇਸ ਸਮੇਂ ਦਰਬਾਰ ਸਾਹਿਬ ਦੇ ਅੰਦਰ ਹੈ। ਦਰਬਾਰ ਸਾਹਿਬ ਦੇ ਅੰਦਰ ਪੁਲਿਸ ਨੂੰ ਦਾਖ਼ਲ ਕਰਨ ਬਾਰੇ ਉਹ ਸੋਚ ਵੀ ਨਹੀਂ ਸਕਦਾ। ਇਸ 'ਤੇ ਮੁਸਲਿਮ ਨੁਮਾਇੰਦਿਆਂ ਨੇ ਪੁਛਿਆ ਕਿ ਸਾਡੇ ਕਾਇਦ ਦੀ ਹਿਫਾਜ਼ਤ ਲਈ ਕੀ ਕਦਮ ਚੁਕੇ ਜਾਣਗੇ? ਬਹੁਤ ਹੀ ਅਹਿਮ ਜਵਾਬ ਵਾਇਸਰਾਇ ਨੇ ਦਿੱਤਾ ਕਿ ਜਦੋਂ ਜਿਨਾਹ ਦਾ ਜਲੂਸ ਨਿਕਲੇਗਾ, ਉਸਦੀ ਨਾਲ ਦੀ ਸੀਟ 'ਤੇ ਮੈਂ ਬੈਠ ਜਾਵਾਂਗਾ। ਇਹ ਖ਼ਤਰਾ ਮੈਂ ਲੈ ਲਵਾਂਗਾ, ਪਰ ਦਰਬਾਰ ਸਾਹਿਬ ਦੇ ਅੰਦਰ ਪੁਲਿਸ ਦੇ ਜ਼ੋਰ ਨਾਲ ਦਾਖ਼ਲ ਹੋਣ ਬਾਰੇ ਮੈਂ ਸੋਚ ਵੀ ਨਹੀਂ ਸਕਦਾ। ਉਹ ਹਕੂਮਤ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸਦਾ ਸੂਰਜ ਕਦੇ ਗ਼ਰੂਬ ਨਹੀਂ ਹੁੰਦਾ, ਉਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਤਾਕਤ ਨਾਲ ਦਾਖ਼ਲ ਹੋਣ ਦੇ ਅੰਜਾਮ ਬਾਰੇ ਅਹਿਸਾਸ ਸੀ; ਪਰ ਕੀ ਇਹ ਸੋਝੀ ਬਲਿਊ ਸਟਾਰ ਸਮੇਂ 'ਆਪਣੀ ਸਰਕਾਰ' ਨੂੰ ਨਹੀਂ ਸੀ ਆਈ!

ਦੇਸ਼ ਨੂੰ ਆਜ਼ਾਦੀ ਮਿਲਿਆਂ ਅਜੇ 8 ਸਾਲ ਵੀ ਨਹੀਂ ਸਨ ਹੋਏ ਕਿ ਪੰਡਿਤ

⇒ ਬਾਕੀ ਸਫਾ 18 ਉਤੇ ਪੜ੍ਹੋ

ਚਰਚਾ

# ...ਤਬੈ ਰੋਸ ਜਾਗਿਓ: ਇੱਕ ਅਧਿਐਨ

**ਡਾ. ਕਸ਼ਮੀਰ ਸਿੰਘ***
**ਫੋਨ: +91-9988653656**

ਗੁਰਨਾਮ ਸਿੰਘ ਚੌਹਾਨ ਦਾ ਸਾਹਿਤਕ ਸਫ਼ਰ ਪਿਛਲੇ ਢਾਈ ਦਹਾਕਿਆਂ ਤੋਂ ਲਗਾਤਾਰ ਵਿਕਾਸ ਕਰ ਰਿਹਾ ਹੈ। ਉਸਨੇ ਸਾਹਿਤ ਦੀਆਂ ਅਲੱਗ-ਅਲੱਗ ਵਿਧਾਵਾਂ ਕਵਿਤਾ (ਕੀ ਹੈ ਉਹੀ ਪੰਜਾਬ), ਗਲਪ (ਤੂੰ ਇੰਝ ਨਹੀਂ ਸੀ ਕਰਨਾ) ਅਤੇ ਵਾਰਤਕ (ਤਬੈ ਰੋਸ ਜਾਗਿਓ) ਵਿੱਚ ਰਚਨਾ ਕੀਤੀ ਹੈ। 'ਤਬੈ ਰੋਸ ਜਾਗਿਓ' ਨੇ ਉਸ ਨੂੰ ਵਾਰਤਕ ਲੇਖਕ ਵਜੋਂ ਸਥਾਪਿਤ ਕਰ ਦਿੱਤਾ ਹੈ। ਇਹ ਪੁਸਤਕ ਪਹਿਲੀ ਵਾਰ 2008 ਵਿੱਚ ਛਪੀ। 2022 ਤੱਕ ਇਸ ਦੇ ਪੰਜ ਐਡੀਸ਼ਨ ਛਪ ਚੁੱਕੇ ਹਨ। ਪੁਸਤਕ ਦੀ ਵਧ ਰਹੀ ਮੰਗ ਤੋਂ ਲੇਖਕ ਦੀ ਮਿਹਨਤ ਅਤੇ ਕਾਬਲੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਪੁਸਤਕ ਗਲਪ-ਸ਼ੈਲੀ ਕਾਰਨ ਪਾਠਕਾਂ ਵਿੱਚ ਵਧੇਰੇ ਸਲਾਹੀ ਗਈ ਹੈ।

'ਤਬੈ ਰੋਸ ਜਾਗਿਓ' ਦੀ ਪੰਜਵੀਂ ਐਡੀਸ਼ਨ 'ਅਵੀ ਦੁਨੀਆਂ ਪਬਲੀਕੇਸ਼ਨ, ਪੰਜਾਬ' ਨੇ ਛਾਪੀ ਹੈ। ਇਸ ਪੁਸਤਕ ਦੇ ਕੁੱਲ 299 ਪੰਨੇ, ਚਾਰ ਭਾਗ ਅਤੇ 29 ਅਧਿਆਏ ਹਨ। ਪੁਸਤਕ ਦੇ ਭਾਗਾਂ ਦੇ ਨਾਂ 'ਵਿਤਕਰਾ', 'ਕਹਿਰ', 'ਹਾਅ' ਅਤੇ 'ਬਹੁੜੀ' ਹਨ। ਲੇਖਕ ਨੇ 1975 ਵਿੱਚ ਦੇਸ਼ ਵਿੱਚ ਲਾਈ ਗਈ ਐਮਰਜੈਂਸੀ ਤੋਂ ਪੰਜਾਬ ਦੀਆਂ ਸਿਆਸੀ, ਸਭਿਆਚਾਰਕ ਅਤੇ ਧਾਰਮਿਕ ਗਤੀਵਿਧੀਆਂ ਦੀ ਪੇਸ਼ਕਾਰੀ ਅਤੇ ਵਿਸ਼ਲੇਸ਼ਣ ਆਰੰਭ ਕੀਤਾ ਹੈ। ਖਾੜਕੂ ਲਹਿਰ ਦੌਰਾਨ ਪੁਲਿਸ ਵੱਲੋਂ ਕੀਤੀ ਗਈ ਧੱਕੇਸ਼ਾਹੀ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਜਸਵੰਤ ਸਿੰਘ ਖਾਲੜਾ ਦੀ ਵਾਰਤਾ ਪੇਸ਼ ਕੀਤੀ ਗਈ ਹੈ। ਲੇਖਕ ਵੱਲੋਂ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਕੈਦ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮ ਨੂੰ ਵੰਗਾਰ ਪਾ ਕੇ ਪੁਸਤਕ ਦਾ ਅੰਤ ਕੀਤਾ ਗਿਆ ਹੈ।

ਪੁਸਤਕ ਦੇ ਪਹਿਲੇ ਭਾਗ ਵਿੱਚ ਕੁੱਲ ਪੰਜ ਅਧਿਆਇ ਹਨ। ਪਹਿਲੇ ਅਧਿਆਏ ਦਾ ਨਾਂ 'ਦਰਦ 84 ਦਾ' ਵਿੱਚ ਲੇਖਕ ਨੇ ਜੂਨ 1984 ਵਿੱਚ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਵਿੱਚ ਭਾਰਤੀ ਫੌਜ ਵੱਲੋਂ ਕੀਤੇ ਗਏ ਹਥਿਆਰਬੰਦ ਹਮਲੇ ਦਾ ਵਰਣਨ ਪੇਸ਼ ਕੀਤਾ ਹੈ। ਫੌਜ ਨੇ ਗੁਰਦੁਆਰੇ ਦੀ ਹਦੂਦ ਅੰਦਰ ਦਾਖ਼ਲ ਹੋ ਕੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਮਨਾਉਣ ਆਈਆਂ ਸੰਗਤਾਂ ਉੱਤੇ ਤਸ਼ੱਦਦ ਕੀਤਾ। ਫੌਜ ਵੱਲੋਂ ਗੁਰੂ ਘਰ ਦੀ ਮਰਯਾਦਾ ਵਿੱਚ ਵਿਗਨ ਪਾਇਆ ਗਿਆ। ਫੌਜ ਦੀ ਹਿਰਾਸਤ ਤੋਂ ਰਿਹਾਅ ਹੋਈਆਂ ਸੰਗਤਾਂ ਕਈ ਦਿਨਾਂ ਦਾ ਸਫ਼ਰ ਪੈਦਲ ਤੈਅ ਕਰਕੇ ਘਰੀਂ ਪਹੁੰਚੀਆਂ। ਸੁਰੱਖਿਆ ਬਲਾਂ ਅਨੁਸਾਰ ਉਨ੍ਹਾਂ ਨੇ ਗੁਰਦੁਆਰਾ ਦੂਖ ਨਿਵਾਰਣ ਵਿੱਚ 19 ਅਤਿਵਾਦੀਆਂ ਨੂੰ ਮਾਰ ਦਿੱਤਾ ਸੀ। ਲੇਖਕ ਬਿਆਨ ਕਰਦਾ ਹੈ ਕਿ ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਵਧੇਰੇ ਹੈ।

ਅਗਲੇ ਅਧਿਆਇ ਦਾ ਨਾਂ 'ਇਨਸਾਫ ਦਾ ਇੰਤਜ਼ਾਰ' ਹੈ, ਜਿਸ ਵਿੱਚ 31 ਅਕਤੂਬਰ 1984 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਰਕਾਰ ਵੱਲੋਂ ਕਰਵਾਈ ਗਈ ਸਿੱਖਾਂ ਦੀ ਨਸਲਕੁਸ਼ੀ ਦਾ ਜਿਕਰ ਹੈ। ਸਰਕਾਰ ਦੀ ਸ਼ਹਿ 'ਤੇ ਹਿੰਦੂ ਗੁੰਡਿਆਂ ਦੀ ਭੀੜ ਨੇ ਦਿੱਲੀ ਦੇ ਬਾਜ਼ਾਰਾਂ ਵਿੱਚ ਹਜਾਰਾਂ ਸਿੱਖ ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਦੇ ਕਾਰੋਬਾਰ ਅਤੇ ਘਰ ਲੁੱਟ ਲਏ ਗਏ। ਭੂਤਰੀ ਹੋਈ ਭੀੜ ਵੱਲੋਂ ਸਿੱਖ ਔਰਤਾਂ ਦੀਆਂ ਇੱਜ਼ਤਾਂ ਲੁਟੀਆਂ ਗਈਆਂ। ਸਰਕਾਰ ਨੇ ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਅਨੇਕਾਂ ਕਮਿਸ਼ਨ ਬਿਠਾਏ। ਲੇਖਕ ਨੇ ਅਜਿਹੇ ਦਸ ਕਮਿਸ਼ਨਾਂ ਅਤੇ ਕਮੇਟੀਆਂ ਦਾ ਹਵਾਲਾ ਦਿੱਤਾ ਹੈ। ਲੇਖਕ ਨੇ ਇਨ੍ਹਾਂ ਕਮਿਸ਼ਨਾਂ ਦੀਆਂ ਨਾਕਾਮੀਆਂ ਵੀ ਪੇਸ਼ ਕੀਤੀਆਂ ਹਨ।

'ਸਿੱਖ ਵਿਰੋਧੀ ਚਿਹਰਾ' ਅਧਿਆਇ ਵਿੱਚ ਅਨੰਦਪੁਰ ਦਾ ਮਤਾ, ਅਕਾਲੀ ਲੀਡਰਸ਼ਿਪ ਦੀ ਸਤਾ ਦੀ ਲਾਲਸਾ ਅਤੇ 1947 ਤੋਂ ਬਾਅਦ ਦੀ ਸਿੱਖ-ਸਿਆਸਤ ਦੇ ਮੁੱਖ ਪੱਖ ਬਿਆਨ ਕੀਤੇ ਗਏ ਹਨ। ਲੇਖਕ ਅਨੁਸਾਰ ਅਨੰਦਪੁਰ ਦੇ ਮਤੇ ਦੀਆਂ ਕੁਝ ਮਦਾਂ ਨਿਗੂਣੀਆਂ ਜਿਹੀਆਂ ਸਨ, ਜਿਵੇਂ 'ਸ਼ਾਨ-ਏ-ਪੰਜਾਬ' ਰੇਲ ਦਾ ਨਾਂ 'ਸੱਚਖੰਡ ਐਕਸਪ੍ਰੈੱਸ' ਰੱਖਣਾ। ਮਤੇ ਦੀਆਂ ਕੁਝ ਮਦਾਂ ਰਾਜਾਂ ਦੇ ਵੱਧ ਅਧਿਕਾਰਾਂ ਨਾਲ ਸਬੰਧਿਤ ਸਨ। ਇਨ੍ਹਾਂ ਮਦਾਂ ਨਾਲ ਦੱਖਣੀ ਹਿੰਦੁਸਤਾਨ ਦੀਆਂ ਖੇਤਰੀ ਪਾਰਟੀਆਂ ਵੀ ਸਹਿਮਤ ਸਨ। ਲੇਖਕ ਅਨੁਸਾਰ ਕੇਂਦਰ ਦੀ ਸਰਕਾਰ ਨੇ ਮਤੇ ਦੀ ਗਲਤ ਵਿਆਖਿਆ ਅਤੇ ਪ੍ਰਾਪੇਗੰਡਾ ਕਰਕੇ ਸਿੱਖਾਂ ਨੂੰ ਦੇਸ਼ ਦੀ ਬਹੁਗਿਣਤੀ ਦੇ ਸਾਹਮਣੇ ਹੁੱਲੜਬਾਜ ਅਤੇ ਵੱਖਵਾਦੀ ਬਣਾ ਕੇ ਪੇਸ਼ ਕੀਤਾ।

ਲੇਖਕ ਅਨੁਸਾਰ ਗਿਆਨੀ ਜੈਲ ਸਿੰਘ, ਗਿਆਨ ਸਿੰਘ ਰਾੜੇਵਾਲਾ ਅਤੇ ਪ੍ਰਤਾਪ ਸਿੰਘ ਕੈਰੋਂ ਸਿੱਖੀ ਤੇ ਸਿੱਖ ਮਾਨਸਿਕਤਾ ਤੋਂ ਜਾਣੂ ਸਨ। ਗਿਆਨੀ ਜੈਲ ਸਿੰਘ ਨੇ ਪੰਜਾਬ ਦਾ ਮੁੱਖ ਮੰਤਰੀ ਹੁੰਦਿਆਂ ਅਨੰਦਪੁਰ ਤੋਂ ਦਮਦਮਾ ਸਾਹਿਬ ਦੇ ਮਾਰਗ ਦਾ ਨਾਂ 'ਗੁਰੂ ਗੋਬਿੰਦ ਸਿੰਘ ਮਾਰਗ' ਰੱਖਿਆ। ਉਸ ਨੇ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਮਨਾਉਣ ਲਈ ਯੋਗ ਪ੍ਰਬੰਧ ਕੀਤੇ। ਕਾਂਗਰਸੀ ਮੁੱਖ ਮੰਤਰੀ ਦੁਆਰਾ ਕੀਤੇ ਧਾਰਮਿਕ ਕਾਰਜਾਂ ਨੂੰ ਵੇਖ ਕੇ ਅਕਾਲੀ ਪਾਰਟੀ ਨੂੰ ਸਿਆਸੀ ਜਮੀਨ ਖਿਸਕਦੀ ਜਾਪੀ। ਉਨ੍ਹਾਂ ਨੇ ਗਿਆਨੀ ਜੈਲ ਸਿੰਘ ਦੀ ਸਰਕਾਰ ਦੇ ਸਮੇਂ ਤੋਂ ਹੀ ਸਿੱਖਾਂ ਵਿੱਚ ਆਪਣਾ ਏਕਾਧਿਕਾਰ ਕਾਇਮ ਕਰਨ ਲਈ ਯਤਨ ਅਰੰਭ ਕਰ ਦਿੱਤੇ ਸਨ। ਅਨੰਦਪੁਰ ਦਾ ਮਤਾ ਇਨ੍ਹਾਂ ਯਤਨਾਂ ਵਿੱਚੋਂ ਮੁੱਖ ਯਤਨ ਸੀ।

ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਧਰਮਯੁੱਧ ਮੋਰਚਾ ਲਾਇਆ ਗਿਆ। ਇਸ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸੌਂਪੀ ਗਈ। ਸੰਤ ਲੌਂਗੋਵਾਲ ਅਕਾਲੀ ਦਲ ਦਾ ਪ੍ਰਧਾਨ ਸੀ। ਮੋਰਚੇ ਦੇ ਜੁਝਾਰੂ ਕਾਰਕੁਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਰਪ੍ਰਸਤੀ ਹੇਠ ਵਿਚਰਦੇ ਸਨ। ਇਸ ਤਰ੍ਹਾਂ ਮੋਰਚੇ ਵਿੱਚ ਦੋ ਗੁੱਟ ਬਣ ਗਏ। ਇਨ੍ਹਾਂ ਗੁੱਟਾਂ ਨੂੰ ਲੌਂਗੋਵਾਲ ਗੁੱਟ ਅਤੇ ਭਿੰਡਰਾਂਵਾਲਾ ਗੁੱਟ ਆਖਿਆ ਜਾਣ ਲੱਗਾ। ਬੱਬਰ ਜਥੇਬੰਦੀ ਦੇ ਖਾੜਕੂ ਲੌਂਗੋਵਾਲ ਧੜੇ ਨਾਲ ਲਗਾਅ ਰੱਖਦੇ ਸੀ।

ਕੇਂਦਰ ਸਰਕਾਰ ਸਿੱਖਾਂ ਨੂੰ ਬਦਨਾਮ ਅਤੇ ਫੇਲ੍ਹ ਕਰਨ ਲਈ ਯਤਨਸ਼ੀਲ ਰਹੀ। ਲੇਖਕ ਨੇ ਭਾਰਤੀ ਗ੍ਰਹਿ ਮੰਤਰਾਲੇ ਦੀ 2002-03 ਦੀ ਰਿਪੋਰਟ ਦੇ ਹਵਾਲੇ ਨਾਲ ਜ਼ਿਕਰ ਕੀਤਾ ਹੈ ਕਿ ਸਰਕਾਰ ਨੇ ਹਰ ਹੀਲੇ ਸਿੱਖਾਂ ਨੂੰ ਬਦਨਾਮ ਕੀਤਾ। ਸਰਕਾਰ ਵੱਲੋਂ ਸਿੱਖਾਂ ਦੇ ਪਾਕਿਸਤਾਨੀ ਏਜੰਸੀ




ਆਈ.ਐੱਸ.ਆਈ. ਨਾਲ ਸਬੰਧ ਹੋਣ ਦਾ ਢੰਡੋਰਾ ਪਿੱਟਿਆ ਗਿਆ ਤਾਂ ਜੋ ਸਿੱਖਾਂ ਨੂੰ ਬਾਕੀ ਹਿੰਦੁਸਤਾਨ ਦੇ ਸਾਹਮਣੇ ਬਦਨਾਮ ਕੀਤਾ ਜਾ ਸਕੇ।

ਅਗਲੇ ਅਧਿਆਇ ਦਾ ਨਾਂ 'ਵਿਤਕਰਾ' ਹੈ। ਇਸ ਅਧਿਆਇ ਵਿੱਚ ਕੇਂਦਰੀ ਲੀਡਰਸ਼ਿਪ ਵੱਲੋਂ ਸਿੱਖਾਂ ਨਾਲ ਕੀਤੇ ਵਾਅਦੇ ਅਤੇ ਵਾਅਦਾ-ਸ਼ਿਕਨੀ ਪੇਸ਼ ਕੀਤੀ ਗਈ ਹੈ। 1929 ਨੂੰ ਸਰਬ ਹਿੰਦ ਕਾਂਗਰਸ ਨੇ ਲਾਹੌਰ ਵਿੱਚ ਰਾਵੀ ਦੇ ਕੰਢੇ ਇੱਕ ਜਲਸਾ ਕੀਤਾ। ਇਸ ਜਲਸੇ ਤੋਂ ਪਹਿਲਾਂ ਸਿੱਖਾਂ ਨੇ ਬਾਬਾ ਖੜਕ ਸਿੰਘ ਦੀ ਅਗਵਾਈ ਵਿੱਚ ਇੱਕ ਜਲੂਸ ਕੱਢਿਆ। ਇਸ ਜਲੂਸ ਵਿੱਚ ਪੰਜ ਲੱਖ ਲੋਕ ਸ਼ਾਮਿਲ ਹੋਏ। ਲੰਡਨ ਤੋਂ ਛਪਦੇ ਅਖਬਾਰਾਂ ਨੇ ਸਿੱਖਾਂ ਦੇ ਜਲੂਸ ਦੇ ਮੁਕਾਬਲੇ ਕਾਂਗਰਸ ਦੇ ਜਲਸੇ ਨੂੰ ਛੁਟਿਆ ਕੇ ਪੇਸ਼ ਕੀਤਾ। ਕਾਂਗਰਸੀ ਲੀਡਰ ਬਾਬਾ ਖੜਕ ਸਿੰਘ ਨੂੰ ਚਬੁਰਜੀ ਪਿੰਡ ਵਿੱਚ ਮਿਲੇ। ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਮਿਲ ਕੇ ਲੜਨ ਲਈ ਬਾਬਾ ਜੀ ਉੱਤੇ ਜੋਰ ਪਾਇਆ। ਉਨ੍ਹਾਂ ਨੇ ਬਾਬਾ ਜੀ ਨੂੰ ਵਿਸ਼ਵਾਸ਼ ਦੁਆਇਆ ਕਿ ਆਜ਼ਾਦ ਭਾਰਤ ਵਿੱਚ ਸਿੱਖਾਂ ਦੀ ਰਜ਼ਾ ਅਨੁਸਾਰ ਸੰਵਿਧਾਨ ਬਣਾਇਆ ਜਾਏਗਾ। ਆਜ਼ਾਦੀ ਤੋਂ ਬਾਅਦ ਕਾਂਗਰਸ ਆਪਣੇ ਵਾਅਦੇ ਤੋਂ ਮੁੱਕਰ ਗਈ।

12 ਜੁਲਾਈ 1947 ਨੂੰ ਭਾਰਤ ਦੇ ਗਵਰਨਰ ਜਨਰਲ ਲਾਰਡ ਮਾਊਂਟ ਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਲਿਆਕਤ ਅਲੀ ਖਾਂ ਅਤੇ ਬਲਦੇਵ ਸਿੰਘ ਵਿਚਕਾਰ ਲੰਡਨ ਵਿੱਚ ਇੱਕ ਅਹਿਮ ਮੀਟਿੰਗ ਹੋਈ। ਮੀਟੰਗ ਤੋਂ ਬਾਅਦ ਅੰਗਰੇਜ਼ ਪ੍ਰਤੀਨਿਧ ਨੇ ਬਲਦੇਵ ਸਿੰਘ ਨੂੰ ਕੁਝ ਦਿਨ ਲੰਡਨ ਵਿੱਚ ਰੁਕਣ ਲਈ ਕਿਹਾ ਤਾਂ ਜੋ ਸਿੱਖਾਂ ਨੂੰ ਕੋਈ ਆਜ਼ਾਦ ਖਿੱਤਾ ਦੇਣ ਬਾਰੇ ਗੱਲ ਕੀਤੀ ਜਾ ਸਕੇ। ਬਲਦੇਵ ਸਿੰਘ ਮੌਕਾ ਨਾ ਸੰਭਾਲ ਸਕਿਆ। ਉਹ ਨਹਿਰੂ ਦੇ ਆਖੇ ਲੱਗ ਕੇ ਉਸਦੇ ਨਾਲ ਹੀ ਹਿੰਦੁਸਤਾਨ ਵਾਪਸ ਆ ਗਿਆ।

ਆਜ਼ਾਦ ਭਾਰਤ ਦਾ ਸੰਵਿਧਾਨ ਤਿਆਰ ਹੋ ਗਿਆ। ਇਸ ਵਿੱਚ ਘੱਟ ਗਿਣਤੀਆਂ ਖਾਸ ਕਰ ਸਿੱਖਾਂ ਲਈ ਕੁਝ ਵੀ ਨਹੀਂ ਸੀ। ਇਸ ਲਈ ਸੰਵਿਧਾਨ ਦੇ ਖਰੜੇ ਉੱਤੇ ਕਿਸੇ ਸਿੱਖ ਲੀਡਰ ਨੇ ਦਸਤਖ਼ਤ ਨਾ ਕੀਤੇ। ਸਿੱਖਾਂ ਨੇ ਸੰਵਿਧਾਨ ਨੂੰ ਨਾ-ਮਨਜ਼ੂਰ ਕਰ ਦਿੱਤਾ। ਸਰਕਾਰ ਚਿੜ ਗਈ। ਉਹ ਸਿੱਖਾਂ ਨੂੰ ਸਬਕ ਸਿਖਾਉਣ ਲਈ ਹੱਥ-ਕੰਡੇ ਅਪਣਾਉਣ ਲੱਗ ਪਈ। ਸਰਕਾਰ ਸਿੱਖਾਂ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਸਾਰੇ ਵਾਅਦਿਆਂ ਤੋਂ ਮੁੱਕਰ ਗਈ।

1966 ਈ. ਵਿੱਚ ਪੰਜਾਬੀ ਸੂਬੇ ਦਾ ਭਾਸ਼ਾ ਦੇ ਆਧਾਰ 'ਤੇ ਪੁਨਰ-ਗਠਨ ਕੀਤਾ ਗਿਆ। ਪੰਜਾਬ ਨੂੰ ਛੋਟਾ ਕਰਨ ਦੀ ਨੀਅਤ ਨਾਲ ਪੰਜਾਬ ਦੇ ਕੁਝ ਇਲਾਕੇ ਹਿਮਾਚਲ ਪਰਦੇਸ਼, ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦਿੱਤੇ ਗਏ। ਲੇਖਕ ਨੇ ਗੁਲਜਾਰੀ ਲਾਲ ਨੰਦਾ ਦੇ ਵਿਚਾਰ ਕੋਟ ਕੀਤੇ ਹਨ। ਇਨ੍ਹਾਂ ਵਿਚਾਰਾਂ ਤੋਂ ਕੇਂਦਰ ਸਰਕਾਰ ਦੀ ਸਿੱਖਾਂ ਪ੍ਰਤੀ ਮੰਦ ਭਾਵਨਾ ਜ਼ਾਹਿਰ ਹੁੰਦੀ ਹੈ। ਨੰਦੇ ਦਾ ਬਿਆਨ ਹੈ, "ਮੈਂ ਸਿੱਖਾਂ ਨੂੰ ਇੱਕ ਅਜਿਹਾ ਪੰਜਾਬੀ ਸੂਬਾ ਦਿਆਂਗਾ, ਉਹ ਯਾਦ ਕਰਕੇ ਰੋਇਆ ਕਰਨਗੇ।"

ਪੰਜਾਬੀ ਸੂਬੇ ਦਾ ਜਨਸੰਘ ਨੇ ਡਟ ਕੇ ਵਿਰੋਧ ਕੀਤਾ। ਪੰਜਾਬ ਦੇ ਹਿੰਦੂਆਂ ਨੇ ਪੰਜਾਬੀ ਸੂਬੇ ਦੇ ਹੋਂਦ ਵਿੱਚ ਆਉਣ ਦੀ ਖੁਸ਼ੀ ਨਹੀਂ ਮਨਾਈ ਸੀ। ਉਨ੍ਹਾਂ ਨੇ ਹਿੰਸਕ ਤਰੀਕੇ ਨਾਲ ਪੰਜਾਬੀ ਸੂਬੇ ਦਾ ਵਿਰੋਧ ਕੀਤਾ। ਹਿੰਸਕ ਭੀੜ ਨੇ ਰਾਹ ਜਾਂਦੇ ਸਿੱਖਾਂ ਨੂੰ ਕੁੱਟਿਆ ਅਤੇ ਉਨ੍ਹਾਂ ਨੂੰ ਗਾਲਾਂ ਕੱਢੀਆਂ।

ਇਸੇ ਅਧਿਆਇ ਵਿੱਚ ਲੇਖਕ ਨੇ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਉੱਤੇ ਵੀ ਚਰਚਾ ਕੀਤੀ ਹੈ। ਲੇਖਕ ਅਨੁਸਾਰ ਮਤੇ ਦੀਆਂ ਮੰਗਾਂ ਵਾਜਬ ਸਨ। ਉਨ੍ਹਾਂ ਵਿੱਚ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਜ਼ਿਕਰ ਸੀ।

ਇਸ ਤੋਂ ਬਾਅਦ ਲੇਖਕ ਨੇ 1978 ਦੀ ਵਿਸਾਖੀ ਵਾਲੇ ਦਿਨ ਵਾਪਰੇ ਨਿਰੰਕਾਰੀ ਕਾਂਡ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ ਨਿਰੰਕਾਰੀ ਜਲੂਸ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕਰ ਰਹੇ 13 ਸਿੱਖਾਂ ਨੂੰ ਪੁਲਿਸ ਨੇ ਫਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ। ਦਿੱਲੀ ਸਰਕਾਰ ਦੀ ਸ਼ਹਿ 'ਤੇ ਨਿਰੰਕਾਰੀ ਕਾਂਡ ਦੇ ਦੋਸ਼ੀਆਂ ਦਾ ਕੇਸ ਹਰਿਆਣੇ ਵਿੱਚ ਤਬਦੀਲ ਕੀਤਾ ਗਿਆ। ਕੇਂਦਰ ਸਰਕਾਰ ਦੀ ਇੱਛਾ ਮੁਤਾਬਿਕ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਅਤੇ ਉਸਦੇ 63 ਕਾਰਕੁਨ ਬਰੀ ਕਰ ਦਿੱਤੇ ਗਏ।

ਸਰਕਾਰ ਤੋਂ ਨਿਆਂ ਨਾ ਮਿਲਦਾ ਵੇਖ ਸਿੱਖਾਂ ਨੇ ਅਦਾਲਤ ਦੇ ਫੈਸਲੇ ਤੋਂ ਚਾਰ ਮਹੀਨੇ ਬਾਅਦ ਨਿਰੰਕਾਰੀ ਬਾਬੇ ਨੂੰ ਉਸਦੀ ਰਿਹਾਇਸ਼ 'ਤੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਲੇਖਕ ਨੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਦੀ ਸੰਖੇਪ ਵਾਰਤਾ ਪੇਸ਼ ਕੀਤੀ ਹੈ। ਇਸ ਹਮਲੇ ਵਿੱਚ ਭਾਰਤੀ ਫੌਜ ਨੇ ਅਕਾਲ ਤਖ਼ਤ ਨੂੰ ਢਾਹੁਣ ਲਈ ਤੋਪਾਂ ਅਤੇ ਟੈਂਕਾਂ ਦੀ ਵਰਤੋਂ ਕੀਤੀ। ਇਹ ਸਰਕਾਰ ਵੱਲੋਂ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਸੀ। ਇਸਨੂੰ ਸਿੱਖ ਇਤਿਹਾਸ ਵਿੱਚ ਤੀਜੇ ਘੱਲੂਘਾਰੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।


ਗੁਰਨਾਮ ਸਿੰਘ ਚੌਹਾਨ

ਹਮਲੇ ਤੋਂ ਪੰਜ ਮਹੀਨੇ ਬਾਅਦ ਇੰਦਰਾ ਗਾਂਧੀ ਨੂੰ ਉਸਦੇ ਦੋ ਸਿੱਖ ਅੰਗ-ਰੱਖਿਅਕਾਂ ਨੇ ਮਾਰ ਦਿੱਤਾ। ਕਾਂਗਰਸੀ ਲੀਡਰਸ਼ਿਪ ਦੇ ਆਦੇਸ਼ਾਂ ਨਾਲ ਹਿੰਦੁਸਤਾਨ ਦੇ ਵੱਖ-ਵੱਖ ਖੇਤਰਾਂ ਵਿੱਚ ਸਿੱਖਾਂ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਸਿੱਖ ਲੜਕੀਆਂ ਦੀ ਪੱਤ ਲੁੱਟੀ ਗਈ। ਸਿੱਖ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਸਰਕਾਰੀ ਨੇਤਾਵਾਂ ਨੇ ਦੰਗਾਕਾਰੀਆਂ ਦੀ ਅਗਵਾਈ ਕੀਤੀ। ਪੁਲਿਸ ਅਤੇ ਪ੍ਰਸ਼ਾਸਨ ਨੇ ਵੀ ਦੰਗਾਕਾਰੀਆਂ ਨੂੰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

1984 ਤੋਂ ਲੈ ਕੇ ਇੱਕ ਦਹਾਕਾ ਪੰਜਾਬ ਵਿੱਚ ਹਥਿਆਰਬੰਦ ਖਾੜਕੂ ਲਹਿਰ ਚੱਲੀ। ਇਸ ਲਹਿਰ ਦੇ ਖਾੜਕੂਆਂ ਨੇ ਐੱਸ.ਵਾਈ.ਐੱਲ ਨਹਿਰ ਦੇ ਦੋ ਇੰਜੀਨੀਅਰਾਂ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਨਹਿਰ ਦਾ ਮੁੱਦਾ ਦਬ ਗਿਆ।

ਇਸ ਭਾਗ ਦੇ ਆਖਰੀ ਅਧਿਆਇ ਦਾ ਨਾਂ 'ਅਕ੍ਰਿਤਘਣ' ਹੈ। ਇਸ ਅਧਿਆਇ ਵਿੱਚ ਲੇਖਕ ਨੇ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਸਿੱਖਾਂ ਉੱਪਰ ਹਿੰਦੂ ਗੁੰਡਿਆਂ ਵੱਲੋਂ ਕੀਤੇ ਵਹਿਸ਼ੀਆਨਾ ਹਮਲਿਆਂ ਦਾ ਵਿਸਤਾਰ ਪੂਰਵਕ ਵਰਣਨ ਕੀਤਾ ਹੈ। ਲੇਖਕ ਨੇ ਦਿੱਲੀ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ, ਮੱਧ ਪ੍ਰਦੇਸ਼ ਅਤੇ ਹਰਿਆਣਾ ਵਿੱਚ ਹੋਏ ਸਿੱਖ ਵਿਰੋਧੀ ਹਮਲਿਆਂ ਦਾ ਜ਼ਿਕਰ ਕੀਤਾ ਹੈ। ਲੇਖਕ ਨੇ ਕੁਝ ਹਿੰਦੂ ਅਤੇ ਮੁਸਲਮਾਨ ਪਰਿਵਾਰਾਂ ਦਾ ਜ਼ਿਕਰ ਵੀ ਕੀਤਾ ਹੈ, ਜਿਨ੍ਹਾਂ ਨੇ ਆਪਣੀ ਜਾਨ ਜ਼ੋਖ਼ਮ ਵਿੱਚ ਪਾ ਕੇ ਪੀੜਤ ਸਿੱਖਾਂ ਦੀ ਰੱਖਿਆ ਕੀਤੀ। ਇਸ ਭਾਗ ਦੀ ਜਾਣਕਾਰੀ ਹਿਰਦੇ-ਵੇਦਕ ਹੈ। ਲੇਖਕ ਨੇ ਹਰ ਘਟਨਾ ਤੱਥਾਂ ਉੱਤੇ ਆਧਾਰਿਤ ਪੇਸ਼ ਕੀਤੀ ਹੈ।

ਅਗਲੇ ਭਾਗ ਦਾ ਨਾਂ 'ਕਹਿਰ' ਹੈ। ਇਸ ਭਾਗ ਵਿੱਚ ਕੁੱਲ 11 ਅਧਿਆਇ ਹਨ। ਇਸ ਭਾਗ ਵਿੱਚ ਲੇਖਕ ਨੇ ਜੂਨ 1984 ਤੋਂ ਲੈ ਕੇ 1993 ਤੱਕ ਸਿੱਖਾਂ ਉੱਤੇ ਹੋਏ ਤਸ਼ੱਦਦ ਨੂੰ ਬਿਆਨ ਕੀਤਾ ਹੈ। ਇਸ ਭਾਗ ਵਿੱਚ ਪੀਲੀਭੀਤ ਕਾਂਡ ਦੀ ਵਾਰਤਾ ਪੇਸ਼ ਕੀਤੀ ਗਈ ਹੈ। ਸਿੱਖਾਂ ਨੂੰ ਵਰਗਲਾਉਣ ਲਈ ਉੱਤਰ ਪ੍ਰਦੇਸ਼ ਸਰਕਾਰ ਨੇ ਦੋਸ਼ੀ ਪੁਲਿਸ ਕਰਮੀਆਂ ਖਿਲਾਫ ਕੇਸ ਦਰਜ ਕਰਵਾਇਆ। ਕੁਝ ਸਮੇਂ ਬਾਅਦ ਮੁਲਾਇਮ ਸਿੰਘ ਦੀ ਸਰਕਾਰ ਨੇ ਇਹ ਕੇਸ ਵਾਪਿਸ ਕਰਵਾ ਦਿੱਤਾ। ਇਸ ਤਰ੍ਹਾਂ ਸਿੱਖਾਂ ਨਾਲ ਇੱਕ ਵਾਰੀ ਫਿਰ ਅਨਿਆਂ ਹੋ ਗਿਆ।

ਪੰਜਾਬ ਵਿੱਚ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਪੁਲਿਸ ਨੂੰ ਵਧੇਰੇ ਅਧਿਕਾਰ ਦੇ ਦਿੱਤੇ। ਪੁਲਿਸ ਅਫਸਰਾਂ ਨੇ ਇਨਾਮਾਂ ਅਤੇ ਤਰੱਕੀਆਂ ਦੇ ਲਾਲਚ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਨਾਜ਼ਾਇਜ਼ ਢੰਗਾਂ ਨਾਲ ਮਾਰ ਮੁਕਾਇਆ। ਲੇਖਕ ਨੇ ਪੁਲਿਸ ਦੁਆਰਾ ਕੀਤੇ ਜ਼ੁਲਮ ਦੀਆਂ ਕੁਝ ਘਟਨਾਵਾਂ ਪ੍ਰਮਾਣ ਸਾਹਿਤ ਪੇਸ਼ ਕੀਤੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਉਸ ਸਮੇਂ ਦੇ ਪੁਲਿਸ ਰਾਜ ਦੀ ਤਸਵੀਰ ਸਾਫ ਹੋ ਜਾਂਦੀ ਹੈ।

ਲੇਖਕ ਨੇ ਪੁਲਿਸ ਹੱਥੋਂ ਸਤਾਏ ਜਿਨ੍ਹਾਂ ਲੋਕਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਲੋਕਾਂ ਵਿੱਚੋਂ ਕੁਝ ਨਾਂ ਦਿੱਤੇ ਜਾ ਰਹੇ ਹਨ, "ਜਗੀਰ ਕੌਰ ਸੁਤਰਾਣਾ, ਬਲਦੇਵ ਸਿੰਘ ਕਰਤਾਰਪੁਰ, ਅਵਤਾਰ ਸਿੰਘ ਸੁਤਰਾਣਾ, ਤਰਨਜੀਤ ਸਿੰਘ ਤੇ ਅਮਰੀਕ ਸਿੰਘ ਗਦੱਈਆ, ਜਸਵੰਤ ਸਿੰਘ ਸੁਤਰਾਣਾ, ਗੁਰਤੇਜ ਸਿੰਘ ਘੁੰਮਣ ਕਲਾਂ, ਸੁਖਦੇਵ ਸਿੰਘ ਬੀਰ ਬੱਲ੍ਹਿਆਂਵਾਲੀ, ਰਣਜੀਤ ਸਿੰਘ ਕੜੈਲ, ਬਹਾਦਰ ਸਿੰਘ ਅਤੇ ਸੁਦਾਗਰ ਸਿੰਘ ਬਖਤੜੀ ਵਾਲਾ, ਗੁਰਬਾਜ ਸਿੰਘ ਸ਼ੁਤਰਾਣਾ, ਬਘੇਲ ਸਿੰਘ ਬਕਰਾਹਾ, ਬਚਿੱਤ੍ਰ ਸਿੰਘ ਅਰਨੋਂ, ਕੁਲਬੀਰ ਸਿੰਘ ਭੋਲਾ ਕੜਿਆਲ, ਕੁਲਵੰਤ ਸਿੰਘ ਵਕੀਲ, ਜੁਗਰਾਜ ਸਿੰਘ ਰਤਨਗੜ੍ਹ ਸਿੰਧੜਾਂ, ਜਸਵੰਤ ਸਿੰਘ ਜੁਲਮਗੜ੍ਹ, ਜੈਮਲ ਸਿੰਘ ਘੋੜਾ ਹਰਿਆਊ, ਸਰਬਜੀਤ ਸਿੰਘ ਭੱਦਲਵੱਡ ਆਦਿ।"

ਪੰਜਾਬ ਪੁਲਿਸ ਨੇ ਅਤਿਵਾਦ ਦੇ ਨਾਂ ਹੇਠ ਅਨੇਕਾਂ ਵਿਅਕਤੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ। ਲੇਖਕ ਨੇ ਪੁਖਤਾ ਸਬੂਤ ਪੇਸ਼ ਕਰਕੇ ਬਿਆਨ ਕੀਤਾ ਹੈ ਕਿ ਪੁਲਿਸ ਮੁਕਾਬਲੇ ਝੂਠੇ ਸਨ। ਪੰਜਾਬ ਪੁਲਿਸ ਵੱਲੋਂ ਇਨ੍ਹਾਂ ਮੁਕਾਬਲਿਆਂ ਸਬੰਧੀ ਮੀਡੀਆ ਨੂੰ ਦੱਸੀਆਂ ਗਈਆਂ ਕਹਾਣੀਆਂ ਬਚਕਾਨਾ ਹਨ।

'ਮੌਤ-ਏ-ਦਰਿੰਦਾ' ਕਾਂਡ ਵਿੱਚ ਤਰਨਤਾਰਨ ਦੇ ਪਿੰਡ ਪੱਖੋਕੇ ਦੇ ਨਿਵਾਸੀ ਦਲਬੀਰੇ ਦਾ ਜ਼ਿਕਰ ਹੈ। ਦਲਬੀਰਾ ਪੁਲਿਸ ਵਿੱਚ ਭਰਤੀ ਹੋ ਗਿਆ। ਉਸ ਉੱਤੇ ਇਰਾਦਾ ਕਤਲ ਦਾ ਦੋਸ਼ ਲੱਗਣ ਕਰਕੇ ਪੰਜਾਬ ਪੁਲਿਸ ਵੱਲੋਂ ਬਰਖ਼ਾਸਤ ਕਰ ਦਿੱਤਾ ਗਿਆ। ਉਸਨੇ ਖਾੜਕੂਆਂ ਨਾਲ ਸਬੰਧ ਸਥਾਪਿਤ ਕਰ ਲਏ। ਖਾੜਕੂਆਂ ਦੀ ਸੂਹ ਲਾਉਣ ਲਈ ਉਸ ਨੂੰ ਦੁਬਾਰਾ ਪੁਲਿਸ ਵਿੱਚ ਭਰਤੀ ਕਰ ਲਿਆ ਗਿਆ। ਉਸ ਨੇ ਚੰਡੀਗੜ੍ਹ ਵਿੱਚ ਭਾਈ ਜਿੰਦੇ ਦੇ ਕਰੀਬੀ ਸਾਥੀਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਸਨੇ ਪਟਿਆਲੇ ਵਿੱਚ ਐੱਸ.ਐੱਸ.ਪੀ. ਸੀਤਲਦਾਸ ਅਤੇ ਐੱਸ.ਪੀ. ਬਲਦੇਵ ਸਿੰਘ ਬਰਾੜ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉਨ੍ਹਾਂ ਦੇ ਅੰਗ-ਰੱਖਿਅਕ ਅਮਲੇ ਨੇ ਦਲਬੀਰੇ ਨੂੰ ਮਾਰ ਦਿੱਤਾ।

ਪੁਸਤਕ ਦੇ ਤੀਜੇ ਭਾਗ ਦਾ ਨਾਂ 'ਹਾਅ' ਹੈ। ਇਸ ਵਿੱਚ ਅੱਠ ਅਧਿਆਇ ਹਨ। ਲੇਖਕ ਬਿਆਨ ਕਰਦਾ ਹੈ ਕਿ ਦੋ ਜ਼ਾਲਿਮ ਪੁਲਿਸ ਅਫਸਰ ਇਜ਼ਹਾਰ ਆਲਮ ਅਤੇ ਸੰਜੀਵ ਗੁਪਤਾ ਇੰਗਲੈਂਡ ਵਿੱਚ ਸਰਕਾਰੀ ਦੌਰੇ 'ਤੇ ਟ੍ਰੇਨਿੰਗ ਲੈਣ ਗਏ। ਰੀਡਰੈੱਸ ਸੰਸਥਾ ਨੇ ਇਸ ਉੱਤੇ ਸਖ਼ਤ ਇਤਰਾਜ਼ ਕੀਤਾ। ਰੀਡਰੈੱਸ ਗੈਰ-ਸਰਕਾਰੀ ਸੰਸਥਾ ਹੈ, ਜੋ ਵਿਸ਼ਵ ਪੱਧਰ ਉੱਤੇ ਜ਼ੁਲਮ ਦੇ ਖਿਲਾਫ ਆਵਾਜ਼ ਉਠਾਉਂਦੀ ਹੈ।

ਲੇਖਕ ਨੇ ਝੂਠੇ ਪੁਲਿਸ ਮੁਕਾਬਲਿਆਂ ਦਾ ਜ਼ਿਕਰ ਕੀਤਾ ਹੈ। ਪੁਲਿਸ ਵੱਲੋਂ ਖਾੜਕੂਆਂ ਦੇ ਨਾਂ ਉੱਤੇ ਸਾਧਾਰਨ ਲੋਕਾਂ ਨੂੰ ਮਾਰ ਦਿੱਤਾ ਜਾਂਦਾ ਸੀ। ਪੁਲਿਸ ਨੇ ਵੱਡੇ ਖਾੜਕੂਆਂ ਨੂੰ ਮੁਕਾਬਲੇ ਵਿੱਚ ਮਾਰਨ ਦਾ ਦਾਅਵਾ ਕੀਤਾ ਸੀ। ਕੁਝ ਸਮੇਂ ਬਾਅਦ ਉਨ੍ਹਾਂ ਖਾੜਕੂਆਂ ਦੇ ਜਿੰਦਾ ਹੋਣ ਸਬੰਧੀ ਸਬੂਤ ਮਿਲੇ। ਜਦੋਂ ਝੂਠੇ ਮੁਕਾਬਲਿਆਂ ਦੀ ਜਾਂਚ ਸ਼ੁਰੂ ਹੋਈ ਤਾਂ ਸਹਾਇਕ ਆਈ.ਜੀ.ਵਿਵੇਕ ਮਿਸ਼ਰਾ ਨੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਇਸ ਤੋਂ ਅੱਗੇ ਸਿਮਰਨਜੀਤ ਸਿੰਘ ਮਾਨ ਸਾਬਕਾ ਐੱਮ.ਪੀ. ਦਾ ਕੇਂਦਰੀ ਜੇਲ੍ਹ ਲੁਧਿਆਣਾ ਤੋਂ ਦਿੱਤਾ ਗਿਆ ਬਿਆਨ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਸ. ਮਾਨ ਨੇ ਹਿੰਦੁਸਤਾਨ ਦੀ ਅੰਤਰਰਾਸ਼ਟਰੀ ਦੋਗਲੀ ਨੀਤੀ ਦਾ ਪਰਦਾ ਫਾਸ਼ ਕੀਤਾ ਹੈ।

'ਸਿੱਖਾਂ ਨਾਲ ਧੱਕਾ ਬਰਕਰਾਰ' ਅਧਿਆਇ ਵਿੱਚ ਉੱਤਰਾਖੰਡ ਦੇ ਕਾਸ਼ੀਪੁਰ ਦੀ ਘਟਨਾ ਦਾ ਜ਼ਿਕਰ ਹੈ। 2 ਜਨਵਰੀ 2006 ਨੂੰ ਐਸਕਾਰਟ ਫਾਰਮ ਦੀ 1128 ਏਕੜ ਜਮੀਨ ਉੱਤੇ ਪੁਲਿਸ ਅਤੇ ਪ੍ਰਸ਼ਾਸਨ ਤੜਕੇ ਕਬਜਾ ਕਰਨ ਲਈ ਗਿਆ। ਕਿਸਾਨਾਂ ਦੇ ਘਰ ਬੁਲਡੋਜਰ ਨਾਲ ਢਾਹ ਦਿੱਤੇ ਗਏ। ਪੁਲਿਸ ਨੇ ਕਿਸਾਨਾਂ ਦੇ 24 ਮਕਾਨ ਅਤੇ 12 ਝੌਂਪੜੀਆਂ ਢਾਹ ਦਿੱਤੀਆਂ। ਲੇਖਕ ਨੇ ਐਸਕਾਰਟ ਕੇਸ ਦੀ ਤਫ਼ਸੀਲ ਪੇਸ਼ ਕੀਤੀ ਹੈ।

ਪੁਸਤਕ ਦੇ ਚੌਥੇ ਭਾਗ ਦਾ ਨਾਂ 'ਬਹੁੜੀ' ਹੈ। ਇਸ ਭਾਗ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਮਿਹਨਤ ਅਤੇ ਸ਼ਹਾਦਤ ਦਾ ਜ਼ਿਕਰ ਹੈ। ਜਸਵੰਤ ਸਿੰਘ ਖਾਲੜਾ ਨੇ ਪੁਲਿਸ ਵੱਲੋਂ ਅਣਪਛਾਤੇ ਕਹਿ ਕੇ ਸਾੜੇ ਗਏ ਲੋਕਾਂ ਦੇ ਵੇਰਵੇ ਇਕੱਠੇ ਕੀਤੇ ਸਨ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਕੇ.ਪੀ. ਐੱਸ ਗਿੱਲ ਅਤੇ ਤਰਨਤਾਰਨ ਦੇ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਨੇ ਭਾਈ ਖਾਲੜਾ ਨੂੰ ਜਾਂਚ ਨਾ ਕਰਨ ਲਈ ਕਿਹਾ। ਖਾਲੜਾ ਜਾਂਚ ਕਰਨ ਲਈ ਦ੍ਰਿੜ ਰਿਹਾ। ਅਖੀਰ ਇਨ੍ਹਾਂ ਦੋਹਾਂ ਅਫ਼ਸਰਾਂ ਦੀ ਦੇਖ-ਰੇਖ ਹੇਠ ਪੁਲਿਸ ਨੇ ਭਾਈ ਖਾਲੜਾ ਨੂੰ ਮਾਰ ਕੇ ਉਸਦੀ ਲਾਸ਼ ਹਰੀਕੇ ਪੱਤਣ ਕੋਲ ਪਾਣੀ ਵਿੱਚ ਸੁੱਟ ਦਿੱਤੀ।

'ਸ਼ਮ੍ਹਾਂ ਜਗਦੀ ਰਹੇ' ਅਧਿਆਇ ਵਿੱਚ ਬੀਬੀ ਪਰਮਜੀਤ

***⇒ ਬਾਕੀ ਸਫਾ 18 ਉਤੇ ਪੜ੍ਹੋ***

## ਗਿਆਨੀ ਜਗਤਾਰ ਸਿੰਘ ਜਾਚਕ ਦੀ ਪੁਸਤਕ

# 'ਪਾਠ-ਭੇਦ ਗਾਥਾ ਸ੍ਰੀ ਗੁਰੂ ਗ੍ਰੰਥ ਸਾਹਿਬ'


ਪੜਚੋਲ



**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**

ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਭੇਦ ਦਾ ਮਾਮਲਾ ਅੱਜ ਨਵਾਂ ਨਹੀਂ ਹੈ। ਇਹ ਸਮੇਂ ਸਮੇਂ ਉਠਦਾ ਰਿਹਾ ਹੈ, ਪਰ ਬਿਨਾ ਕਿਸੇ ਸਿੱਟਾ ਕੱਢੇ ਦੇ ਬਗੈਰ ਹੀ ਇਹ ਮਾਮਲਾ ਪਹਿਲਾਂ ਦੀ ਤਰ੍ਹਾਂ ਹੀ ਅਮਲਅਸੇਧ ਹੋ ਜਾਂਦਾ ਹੈ। ਗਿਆਨੀ ਜਗਤਾਰ ਸਿੰਘ ਜਾਚਕ ਸਿਰੜੀ, ਮਿਹਨਤੀ ਤੇ ਗੁਰਬਾਣੀ ਗੁਰਮੁਖ ਜਨ ਹਨ। ਉਨ੍ਹਾਂ ਵੱਲੋਂ ਹਵਾਲਿਆਂ ਸਹਿਤ ਰਚੀ ਗਈ ਹਥਲੀ ਪੁਸਤਕ ਗੁਰਬਾਣੀ 'ਤੇ ਕੰਮ ਰਹੇ ਜਾਂ ਪਾਠ ਭੇਦਾਂ ਬਾਰੇ ਵਿਚਾਰ ਕਰ ਰਹੇ ਗੁਰਮੁਖਾਂ/ਸਿੱਖਾਂ ਵਾਸਤੇ ਗਿਆਨ ਵਾਲੀ ਪੁਸਤਕ ਹੈ। ਰੂਹਾਨੀਅਤ ਦੇ ਅਬਿਨਾਸੀ ਸੂਰਜ, ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੰਸਾਰ ਦੇ ਧਾਰਮਿਕ ਇਤਿਹਾਸ ਵਿੱਚ ਐਸੇ ਧਰਮ-ਗ੍ਰੰਥ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਆਪ ਸੰਪਾਦਿਤ ਕਰ ਕੇ ਮਾਨਵਤਾ ਦੀ ਸਰਬਪੱਖੀ ਤੇ ਸਦੀਵੀ ਅਗਵਾਈ ਲਈ ਗੁਰਿਆਈ ਤਖ਼ਤ 'ਤੇ ਸੁਭਾਇਮਾਨ ਕੀਤਾ। ਸਤਿਗੁਰੂ ਜੀ ਦੀ ਨਿਗਰਾਨੀ ਹੇਠ ਸਮੁੱਚੀ ਬਾਣੀ ਲਿਖਣ ਦੀ ਜ਼ਿੰਮੇਵਾਰੀ ਭਾਈ ਗੁਰਦਾਸ ਜੀ ਨੇ ਨਿਭਾਈ, ਜੋ ਸੰਸਕ੍ਰਿਤ ਤੇ ਫ਼ਾਰਸੀ ਭਾਸ਼ਾ ਦੇ ਵਿਦਵਾਨ ਸਨ। ਗਿਆਨੀ ਜਗਤਾਰ ਸਿੰਘ ਜਾਚਕ ਵੱਲੋਂ ਪ੍ਰਕਾਸ਼ਿਤ ਹੋਈ ਇਸ ਕਿਤਾਬ ਦੇ 225 ਪੰਨੇ ਅਤੇ ਕੀਮਤ 495 ਰੁਪਏ ਹੈ।

ਗੁਰੂ ਕਾਲ ਦੇ ਵੇਲੇ ਹੋਏ ਸ਼ਰਧਾਵਾਨ ਸਿੱਖ ਕਾਤਿਬਾਂ ਨੇ ਗੁਰੂ ਜੀ ਦੀ ਬਾਣੀ ਨੂੰ ਸਤਿਕਾਰ ਸਹਿਤ ਲਿਖਿਆ, ਨਕਲਾਂ ਤਿਆਰ ਕੀਤੀਆਂ ਤੇ ਵੰਡੀਆਂ। ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ, ਪਰ ਕਾਤਿਬ ਕਿੱਤਾਕਾਰਾਂ ਤੋਂ ਭੁੱਲਾਂ ਹੋਈਆਂ ਹਨ। ਇਹ ਪੁਸਤਕ ਸਾਨੂੰ ਕਾਤਿਬਾਂ ਦੀਆਂ ਅਜਿਹੀਆਂ ਭੁੱਲਾਂ ਨੂੰ ਯਾਦ ਕਰਵਾਉਂਦੀ ਹੈ ਅਤੇ ਭੁੱਲਾਂ ਨੂੰ ਸੁਧਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਪੰਥ ਪ੍ਰਮਾਣਿਤ ਪਾਵਨ ਬੀੜ ਸਿੱਖ ਸੰਗਤਾਂ ਨੂੰ ਦੇਣ ਲਈ ਪ੍ਰੇਰਿਤ ਕਰਦੀ ਹੈ। ਕਿਤਾਬ ਨੂੰ ਲੇਖਕ ਨੇ 7 ਭਾਗਾਂ ਵਿੱਚ ਵੰਡਿਆ ਹੈ, ਪਹਿਲੇ ਅਧਿਆਇ ਵਿਚ ਗਾਥਾ: ਧਰਮ ਗ੍ਰੰਥਾਂ ਦੀ ਲਿਖਤੀ ਪਰੰਪਰਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੇਸ਼ ਸਥਾਨ ਦੀ, ਦੂਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਤੇ ਛਪਾਈ ਦੀ, ਤੀਸਰੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ-ਲਿਖਤੀ ਪੁਰਾਤਨ ਬੀੜਾਂ ਦੇ ਖੋਜ ਦੀ, ਚੌਥੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਭੇਦਾਂ ਦੀ ਪੈਦਾਇਸ਼ ਤੇ ਸੋਧ-ਸੁਧਾਈ ਦੀ, ਪੰਜਵੇਂ ਅਧਿਆਇ ਵਿੱਚ ਪਾਵਨ ਬੀੜ ਦੀ ਸ਼ੁਧ ਛਪਾਈ ਲਈ ਸ਼੍ਰੋਮਣੀ ਕਮੇਟੀ ਦੇ ਖੋਜ ਕਾਰਜਾਂ ਦੀ, ਛੇਵੇਂ ਅਧਿਆਇ ਵਿਚ ਪਾਠ-ਭੇਦ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ




ਸਾਹਿਬ ਜੀ ਦੀ ਅਤੇ ਸਤਵੇਂ ਅਧਿਆਇ ਵਿਚ ਪਾਠ-ਭੇਦ ਗੁਰਬਾਣੀ ਪਾਠ ਦਰਸ਼ਨ ਦਰਜ਼ ਹੈ। ਕਿਤਾਬ ਦੇ ਮੁੱਖ ਪੰਨੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਮੰਨੀ ਜਾਂਦੀ ਸੁਨਹਿਰੀ ਬੀੜ (ਦਮਦਮੀ) ਹੈ, ਜੋ ਹੁਣ ਦਰਸ਼ਨੀ ਢਿਓਢੀ ਵਾਲੇ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ। ਇਸੇ ਤਰ੍ਹਾਂ ਕਿਤਾਬ ਦੇ ਅਖਰੀਲੇ ਪੰਨਿਆਂ ਵਿੱਚ ਵੱਖ-ਵੱਖ ਬੀੜਾਂ ਦੇ 53 ਫੋਟੋ ਚਿੱਤਰ ਹਵਾਲੇ ਸਹਿਤ ਪ੍ਰਕਾਸ਼ਿਤ ਕੀਤੇ ਗਏ ਹਨ। ਅੰਤਿਕਾ 'ਚ ਵਿਦਵਾਨਾਂ 'ਤੇ ਆਧਾਰਿਤ ਬਣੀ ਕਮੇਟੀ ਦੀ ਰਿਪੋਰਟ ਵੀ ਦਰਜ ਹੈ।

ਵਿਸ਼ਵ ਧਰਮ ਗ੍ਰੰਥ ਪਰੰਪਰਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਗਟੀਕਰਨ ਬਗ਼ੈਰ ਕਿਸੇ ਮਿੱਥ, ਅਤਾਰਕਿਕ ਅਤੇ ਰਹੱਸ ਦੇ ਸਾਡੇ ਸਾਹਮਣੇ ਜਿਸ ਪ੍ਰਕਾਰ ਆਉਂਦਾ ਹੈ, ਉਸ ਨੂੰ ਵੇਖਦੇ ਹੋਏ ਇਹ ਗੱਲ ਕਰਨੀ ਸੁਭਾਵਿਕ ਹੋ ਜਾਂਦੀ ਹੈ। ਸਿੱਖਾਂ ਲਈ ਇਹ ਸਮੱਸਿਆ ਇਸ ਲਈ ਵੀ ਵੱਡੀ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਦੇ ਉਨ੍ਹਾਂ ਕੋਲ ਇੱਕ ਜਾਂ ਦੋ ਨਹੀਂ, ਕਈ ਸਾਰੇ ਪ੍ਰਮਾਣ ਹਨ। ਇਸ ਦੇ ਵੀ ਕਈ ਕਾਰਨ ਹਨ, ਜੋ ਅਸੀਂ ਹਥਲੀ ਕਿਤਾਬ ਵਿੱਚ ਦੇਖਾਂਗੇ।



ਗਿਆਨੀ ਜਗਤਾਰ ਸਿੰਘ ਜਾਚਕ ਪਿਛਲੇ ਕਈ ਦਹਾਕਿਆਂ ਤੋਂ ਇਸ ਕਾਰਜ ਵਿੱਚ ਲੱਗੇ ਹੋਏ ਹਨ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਅਜਿਹਾ ਸਰੂਪ ਸਾਡੇ ਸਾਹਮਣੇ ਹੋਏ, ਜੋ ਨਾ ਸਿਰਫ਼ ਸ਼ਬਦ-ਜੋੜ ਤੇ ਲਗ-ਮਾਤਰੀ ਰੂਪ ਵਿੱਚ ਆਪਣੇ ਮੌਲਿਕ ਸਰੂਪ ਨੂੰ ਪ੍ਰਗਟ ਕਰੇ, ਬਲਕਿ ਜਿਸ ਦੀ ਪਹੁੰਚ ਜਨ-ਸਾਧਾਰਨ ਤਕ ਵੀ ਆਸਾਨੀ ਨਾਲ ਹੋਏ। ਇਹ ਗੱਲ ਤਾਂ ਬਿਲਕੁਲ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਾ ਬੀੜ ਅੰਦਰ ਲਿਖਤ ਦੀ ਮੌਲਿਕਤਾ ਖੰਡਿਤ ਹੋਈ ਹੈ। ਮੌਜੂਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਹੱਥ-ਲਿਖਤ ਬੀੜਾਂ ਨਾਲੋਂ ਨਾ ਸਿਰਫ਼ ਲਗ-ਮਾਤਰੀ, ਬਲਕਿ ਸ਼ਾਬਦਿਕ ਵਖਰੇਵੇਂ ਵੀ ਵੱਡੀ ਮਾਤਰਾ ਵਿੱਚ ਪਾਏ ਜਾਂਦੇ ਹਨ। ਇਸ ਕਾਰਜ ਨੂੰ ਜਿੱਥੇ ਦਮਦਮੀ ਟਕਸਾਲ ਨੇ ਗੁਰਬਾਣੀ ਪਾਠ ਦਰਸ਼ਨ ਰਾਹੀਂ ਸਵੀਕਾਰਿਆ ਹੈ, ਉੱਥੇ ਹੀ ਸ਼੍ਰੋਮਣੀ ਕਮੇਟੀ ਤੇ ਹੋਰਨਾਂ ਧਿਰਾਂ ਨੇ ਪਾਠ-ਭੇਦਾਂ ਦੀ ਸੂਚੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਾਰੇ ਜ਼ਰੂਰੀ ਵਾਕਫ਼ੀਅਤ ਆਦਿ ਪ੍ਰਕਾਸ਼ਿਤ ਕੰਮਾਂ ਰਾਹੀਂ ਮਾਨਤਾ ਦਿੱਤੀ ਹੈ।

ਅਸ਼ੁੱਧੀਆਂ ਹੱਥ-ਲਿਖਤ, ਪੱਥਰ ਛਾਪਾ ਤੇ ਪ੍ਰਿੰਟ-ਤਿੰਨਾਂ ਤਰ੍ਹਾਂ ਦੇ ਸਰੂਪਾਂ ਵਿੱਚ ਮਿਲਦੀਆਂ ਹਨ। ਫਿਰ ਇਸ ਗੱਲ ਦਾ ਕੀ ਅਰਥ ਰਹਿ ਜਾਂਦਾ ਹੈ ਕਿ ਅਸ਼ੁੱਧੀਆਂ ਦਾ ਵੱਡਾ ਕਾਰਨ ਸਿਰਫ਼ ਪਦ-ਛੇਦ ਸਰੂਪ ਹਨ? ਮਸਲਾ ਇਹ ਹੈ ਕਿ ਇਨ੍ਹਾਂ ਨੂੰ ਹੁਣ ਦੂਰ ਕਿਵੇਂ ਕੀਤਾ ਜਾਏ? ਗੁਰਬਾਣੀ ਵਿੱਚੋਂ ਇਹ ਅਸ਼ੁੱਧੀਆਂ ਦੂਰ ਕਰਨ ਦਾ ਮਸਲਾ ਹੀ ਦਰਅਸਲ ਕਈ ਸਮੱਸਿਆਵਾਂ ਦੀ ਜੜ੍ਹ ਹੈ। ਭੰਗਤਾ ਕੇਂਦਰ ਵਿੱਚ ਨਹੀਂ, ਬਲਕਿ ਉਸ ਦੇ ਭੌਤਿਕ ਸਰੂਪ ਵਿੱਚ ਹੈ। ਇਹ ਮਸਲਾ ਬੜਾ ਪੇਚੀਦਾ ਹੈ। ਇਹ ਸਿਰਫ਼ ਸਿੱਖਾਂ ਲਈ ਹੀ ਨਹੀਂ, ਸਾਰੇ ਧਰਮਾਂ ਲਈ ਕਦੀ ਨਾ ਕਦੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੋਇਆ ਹੈ।

ਗਿਆਨੀ ਜਗਤਾਰ ਸਿੰਘ ਜਾਚਕ ਹੁਰਾਂ ਕਿਤਾਬ ਵਿੱਚ ਧਰਮ ਗ੍ਰੰਥ ਪਰੰਪਰਾ ਅਤੇ ਭੌਤਿਕ ਸਰੂਪ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਇਤਿਹਾਸ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਹਵਾਲੇ ਨਾਲ ਇੱਕ ਬੱਝਵਾਂ ਸੰਵਾਦ ਵੀ ਸਿਰਜਿਆ ਹੈ। ਗਿਆਨੀ ਜਗਤਾਰ ਸਿੰਘ ਜਾਚਕ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਸਿੱਖਿਆ ਪ੍ਰਾਪਤ ਕਰ ਕੇ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਦੇ ਪ੍ਰਚਾਰ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਉਨ੍ਹਾਂ ਨੂੰ ਕੁਝ ਸਮੇਂ ਲਈ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਵਜੋਂ ਵੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਉਨ੍ਹਾਂ ਨੇ ਡੂੰਘੇ ਅਧਿਐਨ, ਸਿਦਕ-ਸਾਧਨਾ ਤੇ ਅਭਿਆਸ ਨਾਲ ਗੁਰੂ ਨਾਨਕ ਪਾਤਿਸ਼ਾਹ ਦੇ ਨਿਰਮਲ ਉਪਦੇਸ਼ਾਂ ਦੀ ਵਿਆਖਿਆ ਕਰਨ ਵਿਚ ਚੋਖੀ ਮੁਹਾਰਤ ਹਾਸਲ ਕਰ ਲਈ ਹੈ, ਜੋ ਹਰ ਵਰਗ ਦੇ ਸਰੋਤੇ ਨੂੰ ਕੀਲ ਲੈਣ ਦੀ ਸਮਰੱਥਾ ਰੱਖਦੀ ਹੈ। ਗੁਰਬਾਣੀ ਅਰਥ-ਬੋਧ, ਉਚਾਰਣ, ਗੁਰ-ਇਤਿਹਾਸ, ਤੱਤ ਗੁਰਮਤੀ ਫ਼ਲਸਫ਼ੇ ਅਤੇ ਚਲੰਤ ਪੰਥਕ ਮੁੱਦਿਆਂ ਬਾਰੇ ਗਿਆਨੀ ਜਾਚਕ ਦੇ ਅਨੇਕਾਂ ਖੋਜ ਭਰਪੂਰ ਤੇ ਸੰਤੁਲਿਤ ਲੇਖ ਦੇਸ਼-ਵਿਦੇਸ਼ ਦੇ ਰਸਾਲਿਆਂ ਆਦਿ ਵਿੱਚ ਛਪ ਚੁੱਕੇ ਹਨ। ਡਾ. ਪਰਮਿੰਦਰ ਸਿੰਘ ਸ਼ੌਕੀ ਦੀ ਭੂਮਿਕਾ ਅਤੇ ਸ. ਗਗਨਦੀਪ ਸਿੰਘ ਦਾ ਧੰਨਵਾਦ ਪੁਸਤਕ ਬਾਰੇ ਪੱਖਾਂ ਨੂੰ ਉਘੇੜ ਦਿੰਦੇ ਹਨ। ਉਮੀਦ ਹੈ, ਇਸ ਕਿਤਾਬ ਦਾ ਸਿੱਖ ਜਗਤ ਭਰਪੂਰ ਸਵਾਗਤ ਕਰੇਗਾ ਤੇ ਇਹ ਕਿਤਾਬ ਬਹੁਤ ਸਾਰੀਆਂ ਉਲਝੀਆਂ ਤੰਦਾਂ ਨੂੰ ਸਮੇਟਣ ਵਿੱਚ ਸਾਨੂੰ ਸਫਲਤਾ ਪ੍ਰਦਾਨ ਕਰਾਏਗੀ।

## ...ਤਬੈ ਰੋਸ ਜਾਗਿਓ: ਇੱਕ ਅਧਿਐਨ

ਕੌਰ ਖਾਲੜਾ ਦੀ ਇੰਟਰਵਿਊ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਬੀਬੀ ਖਾਲੜਾ ਨੇ ਆਪਣੇ ਪਤੀ ਦੇ ਦ੍ਰਿੜ ਇਰਾਦੇ ਅਤੇ ਸ਼ਹਾਦਤ ਦਾ ਜ਼ਿਕਰ ਕੀਤਾ ਹੈ। ਉਸਨੇ ਖਾਲੜਾ ਦੀ ਸ਼ਹਾਦਤ ਤੋਂ ਬਾਅਦ 'ਖਾਲੜਾ ਮਿਸ਼ਨ ਆਰਗੇਨਾਈਜੇਸ਼ਨ' ਸੰਸਥਾ ਵੱਲੋਂ ਖਾਲੜਾ ਦੇ ਅਧੂਰੇ ਕਾਰਜਾਂ ਨੂੰ ਅੱਗੇ ਤੋਰਨ ਦਾ ਜ਼ਿਕਰ ਕੀਤਾ ਹੈ।

'ਕੀ ਕੋਈ ਹੈ' ਪੁਸਤਕ ਦਾ ਆਖਰੀ ਅਧਿਆਇ ਹੈ। ਇਸ ਅਧਿਆਇ ਵਿੱਚ ਬੰਦੀ ਸਿੰਘਾਂ ਦਾ ਜ਼ਿਕਰ ਹੈ। ਬੰਦੀ ਸਿੰਘ ਕਾਨੂੰਨ ਅਨੁਸਾਰ ਮਿਲੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ। ਭਾਰਤੀ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ ਹੈ। ਲੇਖਕ ਨੇ ਬੰਦੀ ਸਿੰਘਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਕੇ ਪੁਸਤਕ ਦੀ ਸਮਾਪਤੀ ਕੀਤੀ ਹੈ।

ਇਨ੍ਹਾਂ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਗੁਰਨਾਮ ਸਿੰਘ ਚੌਹਾਨ ਨੇ ਅੰਕੜੇ ਇਕੱਠੇ ਕਰਨ ਅਤੇ ਉਨ੍ਹਾਂ ਦੀ ਜਾਂਚ ਕਰਨ ਲਈ ਸਖ਼ਤ ਮਿਹਨਤ ਕੀਤੀ ਹੈ। ਲੇਖਕ ਹਰ ਘਟਨਾ ਦੀ ਬਾਰੀਕੀ ਤੱਕ ਜਾਂਦਾ ਹੈ। ਉਹ ਘਟਨਾਵਾਂ ਸਬੰਧੀ ਦਰਜ ਐੱਫ.ਆਈ.ਆਰ. ਨੰਬਰ ਲਿਖਦਾ ਹੈ। ਜੇ ਕਿਸੇ ਵਾਰਦਾਤ ਦਾ ਮੁਕੱਦਮਾ ਦਰਜ ਹੋ ਗਿਆ ਤਾਂ ਉਸ ਦਾ ਮੁਕੱਦਮਾ ਨੰਬਰ ਵੀ ਲਿਖਦਾ ਹੈ। ਲੇਖਕ ਨੇ ਪੁਲਿਸ ਵੱਲੋਂ ਘਰਾਂ ਵਿੱਚੋਂ ਚੁੱਕੇ ਗਏ ਘਰੇਲੂ ਸਮਾਨ ਦੀਆਂ ਲਿਸਟਾਂ ਪੇਸ਼ ਕੀਤੀਆਂ ਹਨ। ਜੇ ਪੁਲਿਸ ਨੇ ਮੋਟਰਸਾਈਕਲ ਚੁੱਕਿਆ ਹੋਵੇ ਤਾਂ ਉਸ ਦਾ ਪੂਰਾ ਨੰਬਰ ਪੇਸ਼ ਕੀਤਾ ਹੈ। ਲੇਖਕ ਸੀਨੀਅਰ ਪੱਤਰਕਾਰ ਹੈ। ਇਸ ਲਈ ਉਹ ਘਟਨਾ ਦੇ ਹਰ ਪਹਿਲੂ ਦੀ ਪੜਤਾਲ ਕਰਦਾ ਹੈ।

ਲਾਵਾਰਸ ਲਾਸ਼ਾਂ ਸਬੰਧੀ ਸੀ.ਬੀ.ਆਈ. ਦੀ ਜਾਂਚ ਦੇ ਅੰਕੜੇ ਪੇਸ਼ ਕੀਤੇ ਗਏ ਹਨ। ਲੇਖਕ ਨੇ ਵੱਖ-ਵੱਖ ਜਾਂਚ ਕਮਿਸ਼ਨਾਂ ਦੇ ਅੰਕੜੇ ਪੇਸ਼ ਕੀਤੇ ਹਨ। ਇਸਦੇ ਨਾਲ ਹੀ ਕਮਿਸ਼ਨ ਦੀ ਚੰਗੀ ਜਾਂ ਮਾੜੀ ਕਰਗੁਜਾਰੀ ਸਬੰਧੀ ਟਿੱਪਣੀਆਂ ਵੀ ਕੀਤੀਆਂ ਹਨ।

ਲੇਖਕ ਨੇ ਕੁੱਝ ਰਹੱਸਾਂ ਤੋਂ ਪਰਦੇ ਵੀ ਲਾਹੇ ਹਨ। ਐੱਸ.ਪੀ. ਅਜੀਤ ਸਿੰਘ ਸੰਧੂ ਦੀ ਮੌਤ ਬਾਰੇ ਅਜੇ ਤੱਕ ਦੋ ਰਾਵਾਂ ਸਨ, ਉਹ ਮਰ ਗਿਆ ਜਾਂ ਭੇਸ ਬਦਲ ਕੇ ਰਹਿ ਰਿਹਾ ਹੈ। ਚੌਹਾਨ ਨੇ ਸਪਸ਼ਟ ਸ਼ਬਦਾਂ ਵਿੱਚ ਉਸਦੀ ਮੌਤ ਬਾਰੇ ਖੁਲਾਸਾ ਕਰ ਦਿੱਤਾ ਹੈ। ਇਸੇ ਤਰ੍ਹਾਂ ਕਾਂਗਰਸੀ ਆਗੂ ਗੁਰਚਰਨ ਸਿੰਘ ਤੰਬੂਵਾਲੇ ਵੱਲੋਂ ਜਰਨੈਲ ਸਿੰਘ ਸੁਤਰਾਣਾ ਦੇ ਭਰਾ ਅਵਤਾਰ ਸਿੰਘ ਸੁਤਰਾਣਾ ਨੂੰ ਮਰਵਾਉਣ ਦਾ ਕਾਰਨ ਵੀ ਸਾਫ਼ ਲਿਖ ਦਿੱਤਾ ਹੈ। ਇੰਝ ਲੇਖਕ ਇੱਕ ਸਿਰੜੀ, ਖੋਜੀ ਅਤੇ ਬੇਬਾਕ ਸ਼ਖ਼ਸੀਅਤ ਹੈ, ਜਿਸ ਨੇ ਕਿਸੇ ਦਾ ਡਰ ਮੰਨੇ ਬਗੈਰ ਪੰਜਾਬ-ਦੁਖਾਂਤ ਦੀਆਂ ਘਟਨਾਵਾਂ ਦੀ ਸੱਚਾਈ ਪੇਸ਼ ਕੀਤੀ ਹੈ।

ਵਾਰਤਕ ਬੁੱਧੀ ਪ੍ਰਧਾਨ ਸਾਹਿਤਕ ਵਿਧਾ ਮੰਨੀ ਜਾਂਦੀ ਹੈ। ਗੁਰਨਾਮ ਸਿੰਘ ਚੌਹਾਨ ਦੀ ਵਾਰਤਕ ਵਿੱਚ ਬੁੱਧੀ ਦੇ ਨਾਲ-ਨਾਲ ਜਜ਼ਬਾ ਵੀ ਵਿਦਮਾਨ ਹੈ। ਪੁਸਤਕ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ ਅਤੇ ਪੁਸਤਕ ਦੀ ਮੁੱਖ ਸ਼ੈਲੀ ਬਿਆਨੀਆ ਸ਼ੈਲੀ ਹੈ। ਲੇਖਕ ਵੱਲੋਂ ਪੇਸ਼ ਕੀਤੀਆਂ ਘਟਨਾਵਾਂ ਵਿੱਚ ਕਹਾਣੀ ਰਸ ਵਿਦਮਾਨ ਹੈ। ਇਸ ਲਈ ਲੇਖਕ ਦੀ ਸ਼ੈਲੀ ਗਲਪ ਸ਼ੈਲੀ ਬਣ ਗਈ ਹੈ। ਲੇਖਕ ਨੇ ਲਾਹੌਰੀ ਦਬਕੇ ਮਾਰਨੇ, ਭਾਅ ਮਾਰਨੀ, ਖਪਾ ਦੇਣਾ ਆਦਿ ਅਨੇਕਾਂ ਮੁਹਾਵਰੇ ਵਰਤੇ ਹਨ। ਵੱਡੇ ਲੇਖਕ ਅਕਸਰ ਸ਼ਬਦਾਂ ਦੀ ਕਲਾਬਾਜੀ ਪੇਸ਼ ਕਰਕੇ ਆਪ ਪੁਸਤਕ ਤੋਂ ਬਾਹਰ ਹੋ ਜਾਂਦੇ ਹਨ। ਇਸ ਤੋਂ ਉਲਟ ਇਸ ਪੁਸਤਕ ਦੀਆਂ ਘਟਨਾਵਾਂ ਵਿੱਚ ਗੁਰਨਾਮ ਸਿੰਘ ਚੌਹਾਨ ਹਰ ਜਗ੍ਹਾ ਮਜ਼ਲੂਮ ਦੇ ਨਾਲ ਖੜਦਾ ਹੈ। ਉਸਦੀ ਲੇਖਣੀ ਤੋਂ ਉਸਦਾ ਕੌਮੀ ਦਰਦ ਆਪ-ਮੁਹਾਰਾ ਝਲਕਦਾ ਹੈ। ਪਰਮਾਤਮਾ ਉਸ ਦੀ ਕਲਮ ਨੂੰ ਬਲ ਬਖਸ਼ੇ।

——

*ਅਸਿਸਟੈਂਟ ਪ੍ਰੋਫੈਸਰ, ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ, ਕਰਹਾਲੀ ਸਾਹਿਬ (ਪਟਿਆਲਾ)*

## ਘਲੂਘਾਰਾ ਜਾਂ ਇੰਡੋ-ਸਿੱਖ ਵਾਰ?

ਨਹਿਰੂ ਦੇ ਰਾਜ ਕਾਲ ਵਿੱਚ ਜੁਲਾਈ 1955 ਵਿੱਚ ਲਾਲਾ ਭੀਮ ਸੈਨ ਸੱਚਰ, ਮੁੱਖ ਮੰਤਰੀ ਪੰਜਾਬ ਦੇ ਹੁਕਮ 'ਤੇ ਪੰਜਾਬ ਵੱਡੀ ਗਿਣਤੀ ਅਸ਼ਵਨੀ ਕੁਮਾਰ ਡੀ.ਆਈ.ਜੀ. ਦੀ ਅਗਵਾਈ ਵਿੱਚ ਪੁਲਿਸ ਦਰਬਾਰ ਸਾਹਿਬ ਦੇ ਅੰਦਰ ਬੂਟਾਂ ਸਣੇ ਦਾਖ਼ਲ ਹੋਈ। ਇਸ ਹਮਲੇ ਦੌਰਾਨ ਸੰਗਤ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਕਾਫ਼ੀ ਭੰਨ ਤੋੜ ਵੀ ਕੀਤੀ ਗਈ। ਪ੍ਰਸ਼ਾਦ ਅਤੇ ਲੰਗਰ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ। ਇਸ ਘਟਨਾ ਦਾ ਜ਼ਿਕਰ ਗਿਆਨੀ ਸੰਤੋਖ ਸਿੰਘ ਜੀ ਆਸਟ੍ਰੇਲੀਆ ਵਾਲੇ ਕਰਦੇ ਹਨ,

ਚਾਰ ਤੇ ਪੰਜ ਜੁਲਾਈ (1955) ਦੀ ਅੱਧੀ ਰਾਤ ਨੂੰ ਪੁਲਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿਤਾ। ਹਾਜ਼ਰ ਵਿਅਕਤੀਆਂ ਨੂੰ ਭੈ ਭੀਤ ਕਰਨ ਵਾਸਤੇ ਪਹਿਲਾਂ ਟੀਅਰ ਗੈਸ ਛੱਡੀ ਤੇ ਫਿਰ ਗੋਲ਼ੀ ਚਲਾਈ। ਸ੍ਰੀ ਗੁਰੂ ਰਾਮਦਾਸ ਸਰਾਂ, ਲੰਗਰ, ਦਫ਼ਤਰ ਸ੍ਰੀ ਦਰਬਾਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਦੀਵਾਨ ਹਾਲ ਸ੍ਰੀ ਮੰਜੀ ਸਾਹਿਬ ਆਦਿ ਸਥਾਨਾਂ ਉਪਰ ਪੁਲਿਸ ਨੇ ਕਬਜ਼ਾ ਕਰ ਲਿਆ। ਉਸ ਸਮੇਂ ਜਿੰਨੇ ਵੀ ਯਾਤਰੂ, ਵਾਲੰਟੀਅਰ, ਸੇਵਾਦਾਰ, ਆਗੂ ਆਦਿ ਮੌਜੂਦ ਸਨ, ਸਭ ਨੂੰ ਪੁਲਸ ਗ੍ਰਿਫਤਾਰ ਕਰਕੇ ਲੈ ਗਈ। ਕੁਝ ਵਿਅਕਤੀ ਗੋਲ਼ੀਆਂ ਤੇ ਟੀਅਰ ਗੈਸ ਸਦਕਾ ਜ਼ਖ਼ਮੀ ਵੀ ਹੋ ਗਏ।

ਇਸ ਘਟਨਾ ਦਾ ਇਤਨਾ ਤਿੱਖਾ ਪ੍ਰਤੀਕਰਮ ਹੋਇਆ ਕਿ 10 ਅਕਤੂਬਰ 1955 ਨੂੰ ਭੀਮ ਸੈਨ ਸੱਚਰ ਖ਼ੁਦ ਦਰਬਾਰ ਸਾਹਿਬ ਹਾਜ਼ਰ ਹੋਇਆ ਅਤੇ ਮੰਜੀ ਸਾਹਿਬ ਖੜੇ ਹੋ ਕੇ ਉਸਨੇ ਸੰਗਤ ਤੋਂ ਖਿਮਾ ਯਾਚਨਾ ਕੀਤੀ। ਇਹ ਸੋਚਣਾ ਕਿ ਜੋ ਕੁਝ ਜੂਨ ਚੁਰਾਸੀ ਵਿੱਚ ਹੋਇਆ ਉਸਦੇ ਮੁਕਾਬਲੇ ਵਿੱਚ ਤਾਂ ਇਹ ਘਟਨਾ ਕੁਝ ਵੀ ਨਹੀਂ ਸੀ, ਸਹੀ ਨਹੀਂ ਹੋਏਗਾ; ਪਰ ਭੀਮ ਸੈਨ ਸੱਚਰ ਦੀ ਮਾਫ਼ੀ ਨੂੰ ਫ਼ਿਰਕਾਪ੍ਰਸਤ ਕਾਂਗਰਸੀਆਂ ਨੇ ਪ੍ਰਵਾਨ ਨਾ ਕੀਤਾ ਅਤੇ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ। ਇਸ ਤਰ੍ਹਾਂ ਪੰਡਿਤ ਨਹਿਰੂ ਦੇ ਕਾਲ ਵਿੱਚ ਘਟੀ ਘਟਨਾ ਇੱਕ ਬੀਜ ਮਾਤਰ ਸੀ, ਜੋ ਨਾਸੂਰ ਬਣ ਕੇ 1984 ਵਿੱਚ ਫ਼ਟਿਆ।

ਦਰਬਾਰ ਸਾਹਿਬ 'ਤੇ ਹਮਲੇ ਬਾਰੇ ਭਾਵੇਂ ਸਰਕਾਰ ਨੇ ਅਤੇ ਭਾਵੇਂ ਸ਼੍ਰੋਮਣੀ ਕਮੇਟੀ ਨੇ ਵੀ ਵਾਈਟ ਪੇਪਰ ਛਾਪੇ ਹਨ, ਭਾਵੇਂ ਇਸ ਬਾਰੇ ਸੈਂਕੜੇ ਕਿਤਾਬਾਂ ਛਪ ਚੁਕੀਆਂ ਹਨ ਪਰ ਇਤਨੇ ਵੱਡੇ ਕਾਂਡ ਦੇ ਪਿਛੇ ਮਨਸ਼ਾ ਕੀ ਸੀ, ਇਸ ਬਾਰੇ ਬਹੁਤ ਕੁਝ ਜ਼ਾਹਿਰ ਹੋਣਾ ਬਾਕੀ ਹੈ। ਇਸ ਪਿਛੋਕੜ ਵਿੱਚ ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਭਾਰਤ ਸਰਕਾਰ 'ਤੇ 1000 ਕਰੋੜ ਦੇ ਹਰਜਾਨੇ ਦਾ ਮੁਕੱਦਮਾ ਦਰਜ ਕਰਵਾਇਆ ਸੀ। ਉਸ ਵਿੱਚ ਜਥੇਦਾਰ ਟੌਹੜਾ ਨੇ ਦਿੱਲੀ ਉੱਚ ਅਦਾਲਤ ਵਿੱਚ ਆਪਣਾ ਹਲਫੀਆ ਬਿਆਨ ਦਰਜ ਕਰਵਾਇਆ ਸੀ। ਇਹ ਇੱਕ ਅਹਿਮ ਕੜੀ ਅਤੇ ਦਸਤਾਵੇਜ਼ ਹੈ। ਇਸ ਵਿੱਚ ਅੰਕਿਤ ਹੈ ਕਿ ਇੰਦਰਾ ਗਾਂਧੀ ਨਾਲ ਇੱਕ ਮੀਟਿੰਗ ਹੋਈ। ਇਸ ਵਿੱਚ ਪ੍ਰਣਬ ਮੁਖਰਜੀ, ਜ਼ੈਲ ਸਿੰਘ, ਪ੍ਰਕਾਸ਼ ਸਿੰਘ ਬਾਦਲ, ਹਰਚੰਦ ਸਿੰਘ ਲੌਂਗੋਵਾਲ, ਰਵੀ ਇੰਦਰ ਸਿੰਘ ਅਤੇ ਦੋ ਵਜ਼ੀਰ ਸ਼ਾਮਲ ਸਨ। ਜਥੇਦਾਰ ਟੌਹੜਾ ਮੁਤਾਬਕ ਇੰਦਰਾ ਗਾਂਧੀ ਨੂੰ ਵਾਰ ਵਾਰ ਪੁੱਛਿਆ ਗਿਆ ਕਿ ਉਸ ਦਾ ਵਤੀਰਾ ਸਿੱਖਾਂ ਨਾਲ ਇਸ ਤਰ੍ਹਾਂ ਕਿਉਂ ਹੈ? ਜਵਾਬ ਉਹ ਦੇਣਾ ਨਹੀਂ ਸੀ ਚਾਹ ਰਹੀ। ਆਖ਼ਰ ਜ਼ਿਆਦਾ ਜ਼ੋਰ ਦੇਣ 'ਤੇ ਇੰਦਰਾ ਗਾਂਧੀ ਨੇ ਕਿਹਾ ਕਿ ਤੁਸੀਂ ਅਕਾਲ ਤਖ਼ਤ ਤੋਂ ਐਮਰਜੈਂਸੀ ਵਿੱਚ ਮੋਰਚਾ ਲਗਾਇਆ। ਇਸ ਬਿਆਨ ਵਿੱਚ ਅੰਕਿਤ ਹੈ,

"ਮੇਰੇ ਵਲੋਂ ਜਵਾਬ ਲਈ ਜ਼ੋਰ ਦੇਣ 'ਤੇ ਸ਼੍ਰੀਮਤੀ ਗਾਂਧੀ ਨੇ ਕਿਹਾ ਕਿ ਐਮਰਜੈਂਸੀ ਦੌਰਾਨ ਅਕਾਲੀ ਦਲ ਅਤੇ ਇਸਦੇ ਸਿੱਖਾਂ ਨੇ ਅਕਾਲ ਤਖ਼ਤ 'ਤੇ ਅਰਦਾਸ ਕੀਤੀ, ਇਸੇ ਤਰ੍ਹਾਂ ਅਕਾਲ ਤਖ਼ਤ ਤੇ ਅਰਦਾਸ ਕਰਕੇ ਐਮਰਜੈਂਸੀ ਦੇ ਖਿਲਾਫ਼ ਮਾਰਚ ਲਈ ਦਿੱਲੀ ਆ ਰਹੇ ਸਨ। ਮੈਂ ਉਸਨੂੰ ਦੱਸਿਆ ਕਿ ਭਾਵੇਂ ਸਿੱਖਾਂ ਦੀ ਮਾਰ ਕੁੱਟ ਕੀਤੀ ਗਈ... ਰਸਤੇ ਵਿੱਚ ਮਧੂਬਨ ਉਨ੍ਹਾਂ 'ਤੇ ਗੋਲੀ ਚਲਾਈ ਗਈ ਅਤੇ ਇਸ ਨਾਲ ਤਿੰਨ ਸ਼ਹੀਦ ਹੋ ਗਏ, ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਸ਼ਾਂਤਮਈ ਰਹਿਣ ਦੀ ਅਰਦਾਸ ਨੂੰ ਭੰਗ ਨਹੀਂ ਕੀਤਾ।... ਅਕਾਲ ਤਖ਼ਤ ਸਾਹਿਬ 'ਤੇ ਸਾਡੀ ਅਰਦਾਸ ਸੀ ਕਿ ਮਾਰਚ ਵਿੱਚ ਅਸੀਂ ਸ਼ਾਂਤਮਈ ਰਹਾਂਗੇ ਅਤੇ ਕੋਈ ਨਾਅਰਾ ਨਹੀਂ ਲਾਵਾਂਗੇ, ਇਸ ਮੁਤਾਬਕ ਇਹ ਮਾਰਚ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ। ਕੇਵਲ ਤਖ਼ਤੀਆਂ ਚੁਕੀਆਂ ਹੋਈਆਂ ਸਨ। ਇੱਥੋਂ ਤਕ ਕਿ ਜੈਕਾਰਾ ਵੀ ਨਹੀਂ ਗਜਾਇਆ ਗਿਆ। ਸਾਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਸ਼੍ਰੀਮਤੀ ਗਾਂਧੀ ਸਿੱਖਾਂ ਵਲੋਂ ਐਮਰਜੈਂਸੀ ਦੌਰਾਨ ਹਿੱਸਾ ਲੈਣ ਲਈ ਖੁੰਦਕ ਰੱਖ ਰਹੀ ਸੀ।"

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ ਮਾਤਰ ਲਈ ਰੂਹਾਨੀਅਤ ਦਾ ਕੇਂਦਰ ਹੈ ਅਤੇ ਸ੍ਰੀ ਅਕਾਲ ਤਖ਼ਤ ਜ਼ੁਲਮ, ਨਾ-ਇਨਸਾਫੀ ਲਈ ਇੱਕ ਦੁਰਗ ਹੈ। ਹਾਲਾਂਕਿ ਇਸੇ ਅਕਾਲ ਤਖ਼ਤ ਸਾਹਿਬ ਤੋਂ ਅਬਲਾਵਾਂ ਨੂੰ ਮੁਕਤ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ ਗਈਆਂ। ਇਸੇ ਅਕਾਲ ਤਖ਼ਤ ਸਾਹਿਬ ਤੋਂ ਲਾਲ ਕੁੜਤੀ ਮੁਹਿੰਮ ਸਮੇਂ ਪਠਾਣਾਂ ਦੀ ਹਮਾਇਤ 'ਤੇ ਜਥੇ ਭੇਜੇ ਗਏ। ਅਕਾਲ ਤਖ਼ਤ ਸਾਹਿਬ ਤੋਂ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਲਈ ਜਦੋਜਹਿਦ ਹੋਈਆਂ। ਹੁਣ ਅਕਾਲ ਤਖ਼ਤ ਸਾਹਿਬ ਦਾ ਇਹੀ ਕਰਤਬ ਸਰਕਾਰ ਨੂੰ ਨਾ-ਮਨਜ਼ੂਰ ਹੋ ਗਿਆ। ਯਾਨਿ ਮੀਰੀ-ਪੀਰੀ ਦੇ ਸਥਾਨ ਤੋਂ ਕੋਈ ਮੋਰਚਾ ਜਾਂ ਮੁਹਿੰਮ ਨਹੀਂ ਚਲਣ ਦਿੱਤੀ ਜਾਏਗੀ। ਇਹ ਸਹੀ ਹੈ ਕਿ 1984 ਪਿੱਛੋਂ ਅਕਾਲ ਤਖ਼ਤ ਸਾਹਿਬ ਤੋਂ ਕੋਈ ਮੋਰਚਾ, ਭਾਵੇਂ ਸੰਕੇਤਕ ਹੀ ਕਿਉਂ ਨਾ ਹੋਵੇ, ਨਹੀਂ ਲਗਿਆ।

ਇੱਥੇ ਯਾਦ ਰੱਖਣ ਦੀ ਲੋੜ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਸਿਰਜੇ ਮੀਰੀ-ਪੀਰੀ ਦੇ ਇਸ ਤਖ਼ਤ ਦਾ ਮਾਲਕ ਖੁਦ ਅਕਾਲ ਪੁਰਖ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਰਪਾ ਕਰਦੇ ਹਨ ਕਿ ਅਕਾਲ ਪੁਰਖ ਹੀ ਮੀਰੀ-ਪੀਰੀ ਦਾ ਮਾਲਕ ਹੈ।

ਖੁਦਾਵੰਦ ਬਖਸ਼ਿੰਦਹੇ ਦਿਲ ਕਰਾਰ॥
ਰਜ਼ਾ ਬਖ਼ਸ਼ ਰੋਜ਼ੀ ਦਿਹੋ ਨਉਬਹਾਰ॥1॥
ਕਿ ਮੀਰ ਅਸਤ ਪੀਰ ਅਸਤ ਹਰ ਦੋ ਜਹਾਂ॥
ਖੁਦਾਵੰਦ ਬਖ਼ਸ਼ਿੰਦਹ ਹਰ ਯਕ ਅਮਾਂ॥2॥

(ਵਾਹਿਗੁਰੂ ਬਖ਼ਸ਼ਣ ਹਾਰ, ਮਨ ਨੂੰ ਟਿਕਉ ਦੇਣ ਵਾਲਾ ਅਤੇ ਹਮੇਸ਼ਾ ਖੇੜਾ ਬਖ਼ਸ਼ਣ ਵਾਲਾ ਹੈ। ਉਹ ਮੀਰੀ-ਪੀਰੀ ਦਾ ਬਾਦਸ਼ਾਹ, ਦੋਹਾਂ ਜਹਾਨਾਂ ਦਾ ਮਾਲਕ ਹੈ ਅਤੇ ਹਰ ਇੱਕ 'ਤੇ ਬਖ਼ਸ਼ਿਸ਼ਾਂ ਕਰਨ ਵਾਲਾ ਹੈ।)

ਮੀਰੀ-ਪੀਰੀ ਦੇ ਇਸ ਸੰਕਲਪ ਦਾ ਵਾਰਿਸ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਹੈ। ਉਹ ਇਹ ਬਿਰਦ ਨਿਭਾਉਂਦਾ ਰਿਹਾ ਹੈ ਅਤੇ ਨਿਭਾਉਂਦਾ ਰਹੇਗਾ।


# ਕਦੇ ਗ਼ਦਰੀ ਬਾਬਿਆਂ ਦੀ ਪਨਾਹਗਾਹ ਸੀ 'ਲੰਗੇਰੀ'

***ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਅਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇੱਕ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪੇਸ਼ ਹੈ, ਦੇਸ਼ ਭਗਤਾਂ ਦੇ ਪਿੰਡ ਲੰਗੇਰੀ ਬਾਰੇ ਲੇਖ...***




**ਪਿੰਡ ਵਸਿਆ (4)**

**ਵਿਜੈ ਬੰਬੇਲੀ**
**ਫੋਨ: +91-9463439075**



ਦਸਤਾਵੇਜ਼ਾਂ ਅਨੁਸਾਰ "...ਕੁੱਝ ਰਿਹਾਈਆਂ ਅਤੇ ਜੇਲ੍ਹ ਫਰਾਰੀਆਂ ਫਲਸਰੂਪ ਗ਼ਦਰ ਪਾਰਟੀ ਤਕੜੀ ਹੋ ਕੇ ਅੱਗੇ ਵਧੀ। 1920 'ਚ ਸੰਸਾਰ ਜੰਗ ਦੇ ਖਾਤਮੇ ਉਪਰੰਤ ਆਮ ਮੁਆਫ਼ੀ ਤਹਿਤ ਹੋਈਆਂ ਰਿਹਾਈਆਂ ਮੁਤਾਬਿਕ ਕੁੱਝ ਗ਼ਦਰੀ ਕੈਦੀ ਵੀ ਰਿਹਾਅ ਹੋਏ ਸਨ, ਜਿਨ੍ਹਾਂ ਵਿੱਚ ਭਾਈ ਪਿਆਰਾ ਸਿੰਘ ਲੰਗੇਰੀ ਵੀ ਸ਼ੁਮਾਰ ਸੀ। ਦੇਸ਼ ਭਗਤਾਂ ਦਾ ਪਿੰਡ ਲੰਗੇਰੀ, ਮਾਹਿਲਪੁਰ ਤੋਂ ਦੋ ਮੀਲ ਦੇ ਫਾਸਲੇ ਉੱਤੇ ਉਹ ਪਿੰਡ ਹੈ, ਜਿਹੜਾ ਭੱਜੇ-ਨੱਠੇ ਗ਼ਦਰੀਆਂ ਨੂੰ ਵੀ ਠਾਹਰ ਦਿੰਦਾ ਸੀ। ਕਿਤੇ ਮਗਰੋਂ ਇਸ ਪਿੰਡ ਦੇ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਨੇ ਇਸ ਛੋਟੇ ਜਿਹੇ ਗਰਾਂ, ਜਿਸਨੇ ਡੇਢ ਦਰਜ਼ਨ ਤੋਂ ਵੱਧ ਕਰਮਯੋਗੀ ਦੇਸ਼ਭਗਤਾਂ ਨੂੰ ਜਨਮ ਦਿੱਤਾ ਸੀ, ਨੂੰ ਦੁਨੀਆਂ ਦੇ ਨਕਸ਼ੇ ਉੱਤੇ ਲੈ ਆਂਦਾ।"

"...ਜਦੋਂ 1921 ਵਿੱਚ ਅੰਡੇਮਾਨ ਦੇ 24 ਗ਼ਦਰੀ ਕੈਦੀਆਂ ਨੂੰ ਹਿੰਦੋਸਤਾਨ ਵਿੱਚ ਲਿਆਂਦਾ ਗਿਆ ਤਾਂ ਪੰਜਾਬ ਦੇ ਗ਼ਦਰੀਆਂ ਨੂੰ ਪੰਜਾਬ ਸਰਕਾਰ ਨੇ ਲੈਣ ਤੋਂ ਮੂਲੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ ਉਨ੍ਹਾਂ ਨੂੰ ਵੀ 23 ਅਗਸਤ 1921 ਨੂੰ ਮਦਰਾਸ ਕੋਇੰਬਟੂਰ, ਰਾਮਮੁੰਦਰੀ, ਬੰਗਲੌਰ, ਤ੍ਰਿਚਨਾਪਲੀ ਅਤੇ ਵੈਲੋਰ ਦੀਆਂ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਵੈਲੋਰ ਜੇਲ੍ਹ ਵਿੱਚ ਗ਼ਦਰੀਆਂ ਦਾ ਫ਼ੌਜੀ ਇਨਸਟ੍ਰਕਚਰ ਮਾਸਟਰ ਊਧਮ ਸਿੰਘ ਕਸੇਲ ਲਗਾਤਾਰ ਦਸ ਮਹੀਨੇ ਜੇਲ੍ਹ ਤੋਂ ਫਰਾਰ ਹੋਣ ਦੀਆਂ ਯੋਜਨਾਵਾਂ ਬਣਾਉਂਦਾ ਰਿਹਾ। ਅਖੀਰ, 22 ਜੂਨ ਦੀ ਇੱਕ ਕਾਲੀ-ਬੋਲੀ ਰਾਤ ਨੂੰ ਉਹ ਕੋਠੀ ਦਾ ਜੰਦਾ ਭੰਨ, ਅਠਾਰਾਂ ਫੁੱਟ ਉੱਚੀ ਕੰਧ ਟੱਪ, ਪੰਜਾਬ ਨੂੰ ਹੋ ਤੁਰਿਆ। ਕਰੀਬ ਛੇ ਸੌ ਮੀਲ ਦਾ ਜੋਖ਼ਮ ਭਰਪੂਰ ਪੈਂਡਾ ਗਾਹ ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲੰਗੇਰੀ ਆਣ ਪੁੱਜਾ। ਦਿਨ-ਰਾਤ ਦੇ ਜੋਖ਼ਮ ਭਰਪੂਰ ਸਫ਼ਰ ਨੇ ਮਾਸਟਰ ਊਧਮ ਸਿੰਘ ਨੂੰ ਹਾਲੋਂ-ਬਹਾਲ ਕਰ ਦਿੱਤਾ ਸੀ। ਪੈਰ ਸੁੱਜ ਗਏ ਸਨ, ਸਰੀਰ ਚਕਨਾਚੂਰ ਸੀ। ਲੰਗੇਰੀ ਵਾਲਿਆਂ ਨੇ ਚੰਗੀ ਸੰਭਾਲ ਕੀਤੀ। ਰਾਜ਼ੀ-ਬਾਜੀ ਹੋਣ 'ਤੇ ਗ਼ਦਰੀ ਪਿਆਰਾ ਸਿੰਘ ਨੇ ਹੋਰ ਦੇਸ਼ਭਗਤਾਂ ਦੀ ਮਦਦ ਨਾਲ ਉਸਨੂੰ ਕਾਬਲ (ਅਫਗਾਨਿਸਤਾਨ) ਪਹੁੰਚਾ ਦਿੱਤਾ।"

1922 ਵਿੱਚ ਹੀ ਗ਼ਦਰੀ ਗੁਰਮੁੱਖ ਸਿੰਘ ਤੇ ਸੱਜਣ ਸਿੰਘ ਦੀ ਚਾਲੀ ਅਕੋਲਾ (ਸੀ.ਪੀ.) ਜੇਲ੍ਹ ਦੀ ਹੋ ਗਈ। ਤ੍ਰਿਚਨਾਪਲੀ ਤੋਂ ਗੱਡੀ ਮਾਨਗੜ੍ਹ, ਚਾਲੀਮਗਾਓਂ ਹੁੰਦੀ ਹੋਈ ਅਕੋਲਾ ਜਾਣੀ ਸੀ। ਦੋਹਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਲੱਗੀਆਂ ਹੋਈਆਂ ਸਨ। ਪਹਿਰੇ ਉੱਤੇ ਇੱਕ ਹਵਾਲਦਾਰ ਅਤੇ ਦੋ ਸਿਪਾਹੀ ਸਨ। ਰਾਤ ਨੂੰ ਜਦੋਂ ਮਾਨਗੜ੍ਹੋਂ ਗੱਡੀ ਤੁਰੀ ਤਾਂ ਗੁਰਮੁੱਖ ਸਿੰਘ ਨੇ ਸੱਜਣ ਸਿੰਘ ਨੂੰ ਭੇਤਭਰੀ-ਸੁਰ ਵਿੱਚ ਦੱਸਿਆ ਕਿ ਉਸ ਫਰਾਰ ਹੋ ਜਾਣਾ ਹੈ। ਸੱਜਣ ਸਿੰਘ ਛੁਪਾ ਕੇ ਰੱਖੇ ਪੈਸੇ ਗੁਰਮੁੱਖ ਸਿੰਘ ਦੇ ਹਵਾਲੇ ਕਰ ਫਰਜ਼ੀ ਘੁਰਾੜੇ ਮਾਰਨ ਲੱਗ ਪਿਆ। ਜਦੋਂ ਹੌਲਦਾਰ ਸੌਂ ਗਿਆ ਅਤੇ ਸਿਪਾਹੀ ਊਂਘਣ ਲੱਗ ਪਏ, ਤਦ ਗੁਰਮੁੱਖ ਸਿੰਘ ਆਪਣੇ ਕੂਲ਼ੇ ਹੱਥ ਕੜੀਆਂ ਵਿੱਚੋਂ ਕੱਢ ਸਣੇ ਬੇੜੀਆਂ ਛਾਲ ਮਾਰ ਗਿਆ। ਗਾਰਦ ਨੂੰ ਕਦ ਪਤਾ ਲੱਗਾ, ਉਹ ਨਹੀਂ ਸੀ ਜਾਣਦਾ, ਪਰ ਕਿਸੇ ਆਦੀਵਾਸੀ ਤੋਂ ਬੇੜੀਆਂ ਕਟਾ ਉਹ ਰਵਾਂ-ਰਵੀ ਹੋ ਚੁੱਕਾ ਸੀ। ਅਸਲ ਠਾਹਰ ਉਸ ਕਿਥੇ ਆਣ ਲਈ? 'ਸਿਰਨਾਵਾਂ' ਗੁਰਮੁੱਖ ਸਿੰਘ ਕੋਲ ਵੀ ਇਸੇ ਲੰਗੇਰੀ ਦਾ ਹੀ ਸੀ। ਉਸ ਲੰਗੇਰੀ ਦਾ, ਜਿਸ ਦੀ ਮੋੜ੍ਹੀ ਗੁਰੂ ਗੋਬਿੰਦ ਸਿੰਘ ਦੇ ਲਾਂਗਰੀ ਭਾਈ ਕੂੰਮਾ ਸੰਘਾ ਜੀ ਨੇ ਗੱਡੀ ਸੀ।

ਲੰਗੇਰੀ ਪਿੰਡ ਦਾ ਪੁਰਖਾ ਨਗਰ ਸਕਰੂਲੀ ਹੈ। ਆਪਣੀ ਪਹਿਲੀ ਤ੍ਰੀਮਤ ਮਾਈ ਸ਼ਕਰੋ ਦੇ ਨਾਂ 'ਤੇ ਸਕਰੂਲੀ ਪਿੰਡ ਬੰਨਣ ਵਾਲੇ ਬਾਬਾ ਭਰੋ ਸੰਘਾ ਦੇ ਹਮਸਾਇਆ ਨੇ ਦੂਜੇ ਪਿੰਡ ਜਿਸ ਦੀ ਮੋੜ੍ਹੀ ਗੱਡੀ ਸੀ, ਉਹ ਹੈ ਉਸਦੀ ਦੂਸਰੀ ਪਤਨੀ ਮਾਈ ਮੰਗੋ ਦੇ ਨਾਂ 'ਤੇ ਬੱਝਿਆ ਪਿੰਡ ਮੂਗੋਵਾਲ। ਫਿਰ ਪ੍ਰਸਥਿਤੀਆਂ ਵੱਸ ਉਸਦੇ ਸਕਿਆਂ/ਬੰਸਾਂ ਨੇ ਜਿਹੜੇ ਹੋਰ ਸਕਰੂਲੀ ਦੀ ਵਿਸ਼ਾਲ ਜੂਹ ਵਿੱਚ ਬੰਨੇ, ਉਹ ਸਨ ਡੰਡੇਵਾਲ, ਰਨਿਆਲਾ ਅਤੇ ਸਮਾਂ ਪਾ ਕੇ ਬੰਨਿਆ ਪਿੰਡ ਲੰਗੇਰੀ। ਡੰਡੇਵਾਲ, ਰਨਿਆਲਾ ਅਤੇ ਮੂਗੋਵਾਲ ਸਕਰੂਲੀ ਤੋਂ ਹੱਟਵੇਂ ਹਨ, ਪਰ ਲੰਗੇਰੀ ਬਿੱਲਕੁਲ ਸੱਟਵਾਂ, ਜਿੱਥੋਂ 'ਵਾਜ ਮਾਰਿਆਂ ਸਕਰੂਲੀ ਵਿੱਚ ਸੁਣਦੀ ਹੈ। ਪਰ ਲੰਗੇਰੀ ਵੱਸਣ ਦਾ ਬਹਾਨਾ ਬਣਨ ਵਾਲਾ ਭਾਈ ਕੂੰਮਾ ਵਿਆਹਿਆ ਵਰ੍ਹਿਆ ਨਹੀਂ, ਵਿਹੰਗਮ ਸੀ।

ਹੋਇਆ ਇਓਂ, ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਂ-ਪ੍ਰਸਥਾਨ ਕਰ ਗਏ ਤਾਂ ਭਾਈ ਕੂੰਮਾ ਆਪਣੇ ਗਰਾਂ ਸਕਰੂਲੀ ਮੁੜ ਆਇਆ। ਬੜਬੋਲੀ ਅਤੇ ਅੜਬ ਬਿਰਤੀ ਦਾ ਹੋਣ ਕਾਰਨ ਇਸ ਦੇ ਸਕੇ-ਸੋਧਰਿਆਂ ਨੇ ਇਸਨੂੰ ਕੁੱਝ ਹੱਟਵੀਂ ਥਾਵੇਂ ਆਬਾਦ ਹੋਣ ਦੀ ਅਰਜੋਈ ਕੀਤੀ। ਸਕਰੂਲੀ ਪਿੰਡ ਦੀ ਬਿਲਕੁਲ ਉੱਤਰੀ-ਪੂਰਬੀ ਗੁੱਠ ਵਿੱਚ ਇਸਨੇ ਆਪਣੇ ਰੈਣ-ਵਸੇਰੇ ਦੀ ਨੀਂਹ ਰੱਖੀ। ਹੌਲੀ-ਹੌਲੀ ਕੰਮ-ਕਾਜ਼ੀ ਲੋੜਾਂ ਤਹਿਤ ਕੁੱਝ ਹੋਰ ਟੱਬਰ ਵੀ ਆ ਵਸੇ। ਪਹਿਲਾਂ-ਪਹਿਲ ਇਸਨੂੰ ਸਕਰੂਲੀ ਦੀ ਪੱਤੀ ਭਕਾਈਆਂ (ਬੜਬੋਲਾਪਨ) ਕਿਹਾ ਜਾਣ ਲੱਗਾ, ਪਰ ਸਮਾਂ ਪਾ ਕੇ ਅਤੇ ਸਿੱਖ ਧਰਮ ਵਿੱਚ ਵਧੀ ਆਸਥਾ ਤਹਿਤ ਭਾਈ ਕੂੰਮਾ ਦੇ ਨਾਂ ਨਾਲ ਜੁੜੇ ਮਾਣਮੱਤੇ ਸ਼ਬਦ/ਤਲੱਖਸ 'ਲਾਂਗਰੀ' ਤੋਂ ਸ਼ਬਦ-ਦਰ-ਸ਼ਬਦ ਰੂਪ ਧਾਰਦਾ ਇਸ ਆਬਾਦੀ ਦਾ ਨਾਂ 'ਲੰਗੇਰੀ' ਪੈ ਗਿਆ।

---

**ਅਮੋਲਕ ਸਿੰਘ**
**ਫੋਨ: +91-9877868710**


# ਗ਼ਦਰੀ ਬਾਬੇ ਦੀ ਮਿਟ ਰਹੀ ਵਿਰਾਸਤ

ਗ਼ਦਰ ਪਾਰਟੀ ਦੇ ਭਾਈ ਪਿਆਰਾ ਸਿੰਘ ਲੰਗੇਰੀ ਦੇ ਪਿੰਡ ਲੰਗੇਰੀ (ਹੁਸ਼ਿਆਰਪੁਰ) ਵਿੱਚ ਉਨ੍ਹਾਂ ਦਾ ਜੱਦੀ ਘਰ, ਇੱਟਾਂ ਦਾ ਮਕਾਨ ਨਹੀਂ ਸਗੋਂ ਇਹ ਆਪਣੇ ਆਪ ਵਿੱਚ ਮੂੰਹ ਬੋਲਦਾ ਇਤਿਹਾਸ ਹੈ। ਇਸ ਦੇ ਦਰਵਾਜ਼ੇ, ਕੰਧਾਂ, ਬੂਹੇ ਬਾਰੀਆਂ, ਆਲ਼ੇ, ਸਾਮਾਨ, ਇਸ ਘਰ ਅੰਦਰ ਦਾਖਲ ਹੁੰਦਿਆਂ ਹੀ ਤੁਹਾਡੇ ਨਾਲ ਆਜ਼ਾਦੀ ਸੰਗਰਾਮ ਦੇ ਇਤਿਹਾਸਕ ਪਿਛੋਕੜ ਦੀਆਂ ਗੱਲਾਂ ਕਰਦੇ ਪ੍ਰਤੀਤ ਹੁੰਦੇ ਹਨ।

ਕਰਤਾਰ ਸਿੰਘ ਸਰਾਭਾ, ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ, ਹਰਨਾਮ ਸਿੰਘ ਟੁੰਡੀਲਾਟ, ਬੰਤਾ ਸਿੰਘ ਸੰਘਵਾਲ, ਡਾ. ਅਰੂੜ ਸਿੰਘ ਅਤੇ ਪ੍ਰਿਥੀ ਸਿੰਘ ਆਜ਼ਾਦ ਤੇ ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ ਦੇਸ਼ ਭਗਤ ਇਸ ਘਰ ਵਿੱਚ ਵਿਚਾਰਾਂ ਕਰਦੇ ਰਹੇ। ਇਸ ਦੇ ਚੁਬਾਰੇ ਗ਼ਦਰੀਆਂ ਲਈ ਸੁਰੱਖਿਆ ਚੌਕੀਆਂ ਦਾ ਕੰਮ ਕਰਦੇ ਸਨ। ਇਸ ਦੀਆਂ ਅੱਜ ਵੀ ਉਹੀ ਬਾਰੀਆਂ ਹਨ, ਜਿਨ੍ਹਾਂ ਵਿੱਚੋਂ ਚੜ੍ਹਦੀ ਉਮਰ ਦਾ ਕਰਤਾਰ ਸਿੰਘ ਸਰਾਭਾ, ਪੁਲੀਸ ਛਾਪਾ ਪੈਣ ਦੀ ਕਨਸੋਅ ਮਿਲਣ 'ਤੇ ਛਾਲਾਂ ਮਾਰ ਕੇ ਰਫ਼ੂਚੱਕਰ ਹੋ ਜਾਂਦਾ ਰਿਹਾ। ਪਿਆਰਾ ਸਿੰਘ ਨੇ ਆਪ ਤਾਂ ਵਿਆਹ ਨਹੀਂ ਸੀ ਕਰਾਇਆ, ਪਰ ਉਨ੍ਹਾਂ ਦੇ ਭਰਾ ਸੁੰਦਰ ਸਿੰਘ ਦੀ ਪੋਤ ਨੂੰਹ ਹਰਪਾਲ ਕੌਰ ਤੇ ਪੋਤੇ ਕੁਲਵਿੰਦਰ ਸਿੰਘ ਸੰਘਾ ਨੇ ਦੱਸਿਆ ਕਿ ਪਿਆਰਾ ਸਿੰਘ ਲੰਗੇਰੀ ਦੀਵਾਰਾਂ ਵਿੱਚ ਬਣਾਏ ਜਿਸ ਆਲ਼ੇ ਵਿੱਚ ਅਸਲਾ ਰੱਖਦੇ ਸਨ, ਉਹ ਵੀ ਮੂਲ ਸਰੂਪ ਵਿੱਚ ਸੁਰੱਖਿਅਤ ਹੈ। ਮਕਾਨ ਦੀ ਸਮੁੱਚੀ ਬਣਤਰ, ਕਈ ਦਿਸ਼ਾਵਾਂ ਵਿੱਚ ਰੱਖੀਆਂ ਬਾਰੀਆਂ ਅਤੇ ਪੌੜੀਆਂ ਆਪਣੇ ਮੂੰਹੋਂ ਬੋਲਦੀਆਂ ਹਨ ਕਿ ਪਿਆਰਾ ਸਿੰਘ ਲੰਗੇਰੀ ਦਾ ਘਰ ਆਪਣੀਆਂ ਨਿੱਜੀ, ਪਰਿਵਾਰਕ ਅਗਲੀਆਂ ਪੀੜ੍ਹੀਆਂ ਲਈ ਵਿਰਾਸਤ ਜਾਂ ਰਿਹਾਇਸ਼ ਨਾਲੋਂ ਵਧ ਕੇ ਗ਼ਦਰ ਦੇ ਕਿਲ੍ਹੇ ਜਾਂ ਗ਼ਦਰ ਦੀ ਚੌਕੀ ਦਾ ਕੰਮ ਵਧੇਰੇ ਕਰਦਾ ਸੀ। ਪਰਿਵਾਰ ਦਾ ਸ਼ਿਕਵਾ ਹੈ ਕਿ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੇ ਯਾਦਗਾਰੀ ਘਰ ਦੀ ਸਾਰ ਨਹੀਂ ਲਈ। ਪਰਿਵਾਰ ਦਾ ਮੁਖੀਆ ਸਰੀਰਕ ਪੱਖੋਂ ਅਪੰਗ ਹੈ, ਪਰ ਉਸ ਦਾ ਪਰਿਵਾਰ ਘਰ ਦੀਆਂ ਭੁਰਦੀਆਂ ਕੰਧਾਂ, ਟੁੱਟਦੀਆਂ ਬਾਰੀਆਂ, ਛੱਤਾਂ, ਪੌੜੀਆਂ ਦਾ ਮੂਲ ਸਰੂਪ ਸੰਭਾਲਣ ਲਈ ਖ਼ੁਦ ਹੀ ਯਤਨਸ਼ੀਲ ਹੈ। 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਦੇ ਸ਼ੋਰ ਵਿੱਚ ਵਿਸਾਰੇ ਲੰਗੇਰੀ ਪਿੰਡ ਦਾ ਇਹ ਗ਼ਦਰੀ ਕੇਂਦਰ ਵੀ ਬਹੁਤ ਕੁਝ ਬੋਲਦਾ ਹੈ, ਪਰ ਇਸ ਨੂੰ ਸੁਣੇਗਾ ਕੌਣ?

ਪਿੰਡ ਲੰਗੇਰੀ ਦੀਆਂ ਨੀਂਹਾਂ ਵਿੱਚ ਅਮੀਰ ਵਿਰਾਸਤ ਹੈ। ਪਿੰਡ ਦੀ ਨੀਂਹ ਗੁਰੂ ਗੋਬਿੰਦ ਸਿੰਘ ਦੇ ਲਾਂਗਰੀ ਭਾਈ ਕੂਮਾ ਨੇ ਰੱਖੀ। ਲਾਂਗਰੀ ਤੋਂ ਹੀ ਪਿੰਡ ਦਾ ਨਾਂ ਲੰਗੇਰੀ ਪੈ ਗਿਆ। ਇੱਥੇ ਭਾਈ ਪਿਆਰਾ ਸਿੰਘ ਲੰਗੇਰੀ ਦਾ ਜਨਮ 15 ਜਨਵਰੀ 1881 ਨੂੰ ਮਾਂ ਹਰ ਕੌਰ ਅਤੇ ਪਿਤਾ ਲੱਖਾ ਸਿੰਘ ਦੇ ਘਰ ਹੋਇਆ। ਇਸ ਪਿੰਡ ਦੇ ਹੀ ਸਮਾਜ-ਸੇਵੀ ਮਾਸਟਰ ਅਵਤਾਰ ਲੰਗੇਰੀ ਨੇ ਦੱਸਿਆ ਕਿ ਆਨੰਦਪੁਰ ਸਾਹਿਬ ਦੇ ਹੋਲੇ ਮੁਹੱਲੇ 'ਤੇ ਪਿਆਰਾ ਸਿੰਘ ਨੇ ਅੰਮ੍ਰਿਤ ਛਕਿਆ। ਇਸ ਮੌਕੇ ਹੀ ਇਨ੍ਹਾਂ ਨੂੰ ਭਾਈ ਸਾਹਿਬ ਦਾ ਖ਼ਿਤਾਬ ਮਿਲਿਆ।

ਪਿਆਰਾ ਸਿੰਘ ਲੰਗੇਰੀ ਦੇ ਸਵੈ-ਕਥਨ ਅਨੁਸਾਰ ਉਹ 1902 ਵਿੱਚ ਫ਼ੌਜ ਵਿੱਚ ਭਰਤੀ ਹੋਏ। ਉਨ੍ਹਾਂ ਨੂੰ ਫ਼ੌਜ ਵਿੱਚ 26 ਰੁਪਏ ਅਤੇ ਪਲਟਨ ਵਿੱਚ 9 ਰੁਪਏ ਮਹੀਨਾ ਤਨਖਾਹ ਮਿਲਦੀ ਸੀ। ਉਨ੍ਹਾਂ ਥੋੜ੍ਹੇ ਅਰਸੇ ਬਾਅਦ ਫ਼ੌਜ ਦੀ ਨੌਕਰੀ ਛੱਡ ਦਿੱਤੀ, ਪਰ ਕੁਝ ਅਰਸੇ ਬਾਅਦ ਮੁੜ ਭਰਤੀ ਹੋ ਗਏ। ਉਹ 1906 ਵਿੱਚ ਕਲਕੱਤਾ ਤੋਂ ਹਾਂਗਕਾਂਗ, ਸ਼ੰਘਾਈ ਹੁੰਦੇ ਹੋਏ ਅਮਰੀਕਾ ਦੇ ਸ਼ਹਿਰ ਸੈਨ ਫਰਾਂਸਿਸਕੋ ਚਲੇ ਗਏ। ਉੱਥੇ ਰੇਲ ਪਟੜੀਆਂ, ਬਾਗਾਂ ਅਤੇ ਮਿੱਲਾਂ ਵਿੱਚ ਦੋ ਡਾਲਰ ਮਜ਼ਦੂਰੀ 'ਤੇ ਕੰਮ ਕੀਤਾ। ਉਨ੍ਹਾਂ ਨੇ 'ਸੁੰਦਰੀ' ਅਤੇ 'ਤਵਾਰੀਖ਼ ਗੁਰੂ ਖਾਲਸਾ' ਕਿਤਾਬਾਂ ਪੜ੍ਹ ਕੇ ਗੋਰੇ ਹਾਕਮਾਂ ਦੀ ਗ਼ੁਲਾਮੀ ਕਾਰਨ ਪਰਦੇਸੀ ਹੋਣ ਦੀ ਵੇਦਨਾ ਬਾਰੇ ਸੋਚਣਾ ਸ਼ੁਰੂ ਕੀਤਾ। ਗ਼ੁਲਾਮੀ ਅਤੇ ਆਜ਼ਾਦੀ ਦੇ ਸੁਆਲ ਉਨ੍ਹਾਂ ਦੇ ਮਨ ਵਿੱਚ ਉਸਲਵੱਟੇ ਲੈਣ ਲੱਗੇ। ਜਦੋਂ 5 ਅਕਤੂਬਰ 1913 ਨੂੰ ਅਮਰੀਕਾ ਵਿੱਚ ਨਿਊ ਵੈਸਟਮਨਿਸਟਰ ਵਾਲਾ 'ਗੁਰਸਿੱਖ ਟੈਂਪਲ ਸੁਖ ਸਾਗਰ' ਗੁਰਦੁਆਰਾ ਖੋਲ੍ਹਿਆ ਤਾਂ ਭਾਈ ਪਿਆਰਾ ਸਿੰਘ ਇਸ ਵਿੱਚ ਅੰਮ੍ਰਿਤ ਪ੍ਰਚਾਰ ਕਰਦੇ ਰਹੇ। ਉਹ 1913 ਵਿੱਚ ਹੀ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਨਾਲ ਜੁੜ ਗਏ, ਜੋ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਪ੍ਰਕਾਸ਼ਿਤ ਅਤੇ ਮਕਬੂਲ ਹੋਣ ਨਾਲ ਗ਼ਦਰ ਪਾਰਟੀ ਕਰਕੇ ਜਾਣੀ ਜਾਣ ਲੱਗੀ।



ਉਹ ਗ਼ਦਰ ਪਾਰਟੀ ਦੇ ਪਹਿਲੇ ਜਥੇ ਵਿੱਚ ਕਰਮ ਸਿੰਘ ਦੇ ਨਾਮ 'ਤੇ ਭਾਰਤ ਆਉਣ ਵਾਲਿਆਂ ਵਿੱਚ ਸ਼ਾਮਲ ਸਨ। ਜਦੋਂ ਗੋਰੇ ਹਾਕਮਾਂ ਨੂੰ ਸੂਹੀਆ ਅਮਲੇ ਰਾਹੀਂ ਭੇਤ ਪੈ ਗਿਆ ਕਿ ਕਰਮ ਸਿੰਘ ਨਾਮ ਦਾ ਵਿਅਕਤੀ ਅਸਲ ਵਿੱਚ ਪਿਆਰਾ ਸਿੰਘ ਲੰਗੇਰੀ ਹੈ ਤਾਂ ਉਨ੍ਹਾਂ ਦੇ ਘਰ ਪੁਲੀਸ ਨੇ ਛਾਪੇ ਮਾਰੇ। ਇਹ ਉਹੀ ਘਰ ਹੈ, ਜਿਸ ਵਿੱਚ ਮਗਰੋਂ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਆਉਂਦੇ ਰਹੇ। ਮਗਰੋਂ ਜਾ ਕੇ ਪੁਲੀਸ ਦੇ ਹੱਥ ਆਉਣ 'ਤੇ ਉਨ੍ਹਾਂ ਨੂੰ ਜਲਾਵਤਨ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।

ਜਦੋਂ ਭਾਈ ਪਿਆਰਾ ਸਿੰਘ ਅੰਡੇਮਾਨ ਜੇਲ੍ਹ ਤੋਂ ਆਏ ਤਾਂ ਲੰਗੇਰੀ ਪਿੰਡ ਅਤੇ ਉਨ੍ਹਾਂ ਦਾ ਘਰ ਗ਼ਦਰੀ ਸਰਗਰਮੀਆਂ ਦਾ ਧੁਰਾ ਬਣ ਗਿਆ। ਗ਼ਦਰੀਆਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾਉਣ ਦਾ ਕੰਮ ਪਿਆਰਾ ਸਿੰਘ ਬਾਖ਼ੂਬੀ ਕਰਦੇ ਰਹੇ। ਗ਼ਦਰੀ ਊਧਮ ਸਿੰਘ ਕਸੇਲ ਵੈਲੂਰ ਜੇਲ੍ਹ ਦੀ ਕੰਧ ਟੱਪ ਕੇ ਭੱਜ ਕੇ ਲੰਗੇਰੀ ਪਿੰਡ ਪੁੱਜਾ। ਉਸ ਦੀ ਸਿਹਤ ਬਹੁਤ ਖ਼ਰਾਬ ਹੋ ਗਈ ਤਾਂ ਭਾਈ ਪਿਆਰਾ ਸਿੰਘ ਲੰਗੇਰੀ ਨੇ ਉਨ੍ਹਾਂ ਨੂੰ ਅਤੇ ਗੁਰਮੁਖ ਸਿੰਘ ਲਲਤੋਂ ਨੂੰ ਤੰਦਰੁਸਤ ਕਰਕੇ ਕਾਬੁਲ ਪਹੁੰਚਾਇਆ, ਜੋ ਬਾਅਦ ਵਿੱਚ ਗ਼ਦਰੀਆਂ ਦਾ ਕਾਬਲ ਅੱਡਾ ਕਰਕੇ ਜਾਣਿਆ ਜਾਣ ਲੱਗਾ। ਬੱਬਰ ਅਕਾਲੀ ਲਹਿਰ ਅਤੇ ਜੈਤੋ ਦਾ ਮੋਰਚਾ ਵਿੱਚ ਵੀ ਭਾਈ ਪਿਆਰਾ ਸਿੰਘ ਲੰਗੇਰੀ ਦੀਆਂ ਪੈੜਾਂ ਦੇ ਨਿਸ਼ਾਨ ਮਿਲਦੇ ਹਨ। ਜਦੋਂ 17 ਨਵੰਬਰ 1959 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਨੀਂਹ ਰੱਖੀ, ਉਸ ਮੌਕੇ ਪਿਆਰਾ ਸਿੰਘ ਲੰਗੇਰੀ ਵੀ ਵਿਸ਼ੇਸ਼ ਸਹਾਇਤਾ ਕਰਨ ਵਾਲਿਆਂ ਵਿੱਚ ਸ਼ਾਮਲ ਸਨ।

ਖੋਜਕਾਰਾਂ ਲਈ ਗ਼ਦਰ ਲਹਿਰ ਦੀਆਂ ਪੈੜਾਂ ਨੱਪਣ ਲਈ ਪਿਆਰਾ ਸਿੰਘ ਲੰਗੇਰੀ ਦੇ ਵਾਇਆ ਹੋ ਕੇ ਜਾਂਦਿਆਂ ਪਤਾ ਲੱਗਦਾ ਹੈ ਕਿ ਗ਼ਦਰੀਆਂ ਦੀ ਪਹਿਲੀ ਮੀਟਿੰਗ ਲੋਹੂਵਾਲ (ਲੁਧਿਆਣਾ) ਹੋਈ। ਦੂਜੀ ਮੀਟਿੰਗ ਅੰਮ੍ਰਿਤਸਰ ਵਿਖੇ 16-17 ਅਕਤੂਬਰ 1914 ਨੂੰ ਘੰਟਾ ਘਰ ਲਾਗੇ ਨਾਨਕ ਸਿੰਘ ਦੇ ਘਰ ਹੋਈ। ਕਰਤਾਰ ਸਿੰਘ ਸਰਾਭਾ ਨੇ ਭਾਈ ਪਿਆਰਾ ਸਿੰਘ ਅਤੇ ਨਿਧਾਨ ਸਿੰਘ ਚੁੱਘਾ ਨੂੰ ਪਿੰਡਾਂ ਵਿੱਚ ਜਾ ਕੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਦੱਸਣ ਦੀ ਜ਼ਿੰਮੇਵਾਰੀ ਸੌਂਪੀ। ਪਿਆਰਾ ਸਿੰਘ ਲੰਗੇਰੀ ਦੀ ਗ੍ਰਿਫ਼ਤਾਰੀ ਦਾ ਦ੍ਰਿਸ਼ ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਉਨ੍ਹਾਂ ਨੂੰ ਧੋਖਾਧੜੀ ਨਾਲ ਫੜਿਆ ਗਿਆ। ਪੁਲੀਸ ਵੱਲੋਂ ਉਨ੍ਹਾਂ ਨੂੰ ਬੇੜੀਆਂ ਨਾਲ ਜਕੜ ਕੇ ਮਾਹਿਲਪੁਰ ਥਾਣੇ ਰੱਖਿਆ ਗਿਆ। ਉਨ੍ਹਾਂ ਨੂੰ ਪਹਿਲਾਂ 25 ਅਪ੍ਰੈਲ 1915 ਨੂੰ ਲਾਹੌਰ, ਫਿਰ ਰਾਵਲਪਿੰਡੀ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿੱਚੋਂ ਭੱਜ ਨਿਕਲਣ ਦੀ ਯੋਜਨਾ ਦਾ ਪਤਾ ਲੱਗਣ 'ਤੇ ਪਿਆਰਾ ਸਿੰਘ ਨੂੰ ਅੰਡੇਮਾਨ ਕਾਲੇ ਪਾਣੀ ਜੇਲ੍ਹ ਭੇਜ ਦਿੱਤਾ। ਨਾਰੀਅਲ ਦੀ ਮੁੰਜ ਉਧੇੜਨ, ਕੋਹਲੂ ਗੇੜਨ ਆਦਿ ਦੀਆਂ ਸਜ਼ਾਵਾਂ ਮੰਨਣ ਤੋਂ ਨਾਬਰ ਪਿਆਰਾ ਸਿੰਘ ਲੰਗੇਰੀ ਨੂੰ ਅੰਡੇਮਾਨ ਜੇਲ੍ਹ ਵਿੱਚ ਬਣਾਏ ਲੋਹੇ ਦੇ ਪਿੰਜਰੇ ਵਿੱਚ ਤਾੜ ਦਿੱਤਾ। ਪੰਜ ਸਾਲ ਉਹ 24 ਘੰਟੇ ਲੋਹੇ ਦੇ ਪਿੰਜਰੇ ਵਿੱਚ ਰਹੇ। ਵਿਆਪਕ ਜੱਦੋ ਜਹਿਦ ਮਗਰੋਂ ਉਹ ਰਿਹਾਅ ਹੋਏ। ਭਾਈ ਸੰਤੋਖ ਸਿੰਘ ਦੀ ਸੰਪਾਦਨਾ ਵਿੱਚ ਛਪੇ ਰਸਾਲੇ 'ਕਿਰਤੀ' ਵਿੱਚ ਪਿਆਰਾ ਸਿੰਘ ਵੀ ਸ਼ਾਮਲ ਰਹੇ। ਜਦੋਂ 15 ਅਕਤੂਬਰ 1947 ਦੇ ਦੌਰ ਵਿੱਚ ਪੰਜਾਬ ਕਤਲੋਗਾਰਦ, ਉਜਾੜੇ ਅਤੇ ਵੰਡ ਦੇ ਮੂੰਹ ਧੱਕਿਆ ਗਿਆ। ਉਸ ਮੌਕੇ ਪਿਆਰਾ ਸਿੰਘ ਲੰਗੇਰੀ ਨੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਹਰ ਸੰਭਵ ਯਤਨ ਕੀਤਾ।

18 ਸਤੰਬਰ 1970 ਨੂੰ ਪਿੰਡ ਪਨਾਮ (ਹੁਸ਼ਿਆਰਪੁਰ) ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਗ਼ਦਰ ਪਾਰਟੀ ਦੀ 1913 ਵਿੱਚ ਨੀਂਹ ਰੱਖਣ ਤੋਂ ਲੈ ਕੇ 1970 ਤੱਕ 57 ਵਰ੍ਹਿਆਂ ਦਾ ਸਫ਼ਰ ਪਿਆਰਾ ਸਿੰਘ ਲੰਗੇਰੀ ਦੇ ਦੇਸ਼ ਪ੍ਰੇਮ, ਸਾਮਰਾਜ ਤੋਂ ਮੁਕਤੀ, ਦੇਸੀ-ਵਿਦੇਸ਼ੀ ਗੁਲਾਮੀ ਦਾ ਜੂਲਾ ਵਗਾਹ ਮਾਰਨ ਲਈ ਜੱਦੋਜਹਿਦ ਭਰਿਆ ਮੂੰਹ ਬੋਲਦਾ ਇਤਿਹਾਸ ਹੈ।

ਮੁਲਕ ਜਿਹੋ ਜਿਹੇ ਗੰਭੀਰ ਹਾਲਾਤ ਵੱਲ ਧੱਕਿਆ ਜਾ ਰਿਹਾ ਹੈ, ਅਜਿਹੇ ਵਿੱਚ ਪਿਆਰਾ ਸਿੰਘ ਲੰਗੇਰੀ ਅਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਦੀ ਮੁੜ ਮੁੜ ਯਾਦ ਆਵੇਗੀ। ਉਹ ਸਮਾਜ ਨੂੰ ਹਰਿਆ ਭਰਿਆ, ਭੈਅ ਮੁਕਤ, ਫਿਰਕਾਪ੍ਰਸਤੀ, ਬੇਰੁਜ਼ਗਾਰੀ, ਕਰਜ਼ੇ, ਖੁਦਕੁਸ਼ੀਆਂ ਜਬਰ ਸਿਤਮ ਤੋਂ ਮੁਕਤ ਦੇਖਣਾ ਲੋਚਦੇ ਸਨ। ਇਤਿਹਾਸ ਦੀ ਇਹ ਮਸ਼ਾਲ ਜਗਦੀ ਰੱਖਣ ਲਈ ਲੰਗੇਰੀ ਪਿੰਡ ਦੀ ਬੁੱਕਲ ਵਿੱਚ ਸਮੋਏ ਇਤਿਹਾਸ ਨੂੰ ਸੰਭਾਲਣ ਦੀ ਲੋੜ ਹੈ।



ਵਾਤਾਵਰਣ ਸਬੰਧਤ ਵਿਗਿਆਨ ਗਲਪ ਕਹਾਣੀ

# ਤਰਲ ਰੁੱਖ

## (ਕੰਕਰੀਟ ਦਾ ਜੰਗਲ ਤੇ ਕੁਦਰਤ ਦੀ ਵਾਪਸੀ)

### ਸੁਨੇਹਾ



**ਡਾ. ਡੀ.ਪੀ. ਸਿੰਘ, ਕੈਨੇਡਾ**
drdpsn@hotmail.com

ਦਿੱਲੀ ਮਹਾਂਨਗਰ ਵਿੱਚ ਆਮ ਜੀਵਨ ਇੱਕ ਰੋਜ਼ਾਨਾ ਜੱਦੋ-ਜਹਿਦ ਬਣ ਚੁੱਕਾ ਸੀ। ਧੂੰਏਂ ਨਾਲ ਭਰੇ ਅਸਮਾਨ ਵਾਲਾ ਇਹ ਸ਼ਹਿਰ ਕੰਕਰੀਟ ਦੀਆਂ ਉੱਚੀਆ ਉੱਚੀਆਂ ਇਮਾਰਤਾਂ ਦਾ ਜਮਘਟ ਸੀ। ਕਦੇ ਸਮਾਂ ਸੀ ਜਦ ਇਹ ਸ਼ਹਿਰ ਹਰੇ ਭਰੇ ਬਾਗ-ਬਗੀਚਿਆਂ ਦੀ ਖੂਬਸੂਰਤੀ ਨਾਲ ਸਰਸ਼ਾਰ ਸੀ, ਪਰ ਹੁਣ ਰੁੱਖਾਂ ਤੇ ਹਰਿਆਵਲ ਦੀ ਅਣਹੋਂਦ ਨੇ ਤਾਂ ਸ਼ਹਿਰ ਦਾ ਰੰਗ ਰੂਪ ਹੀ ਬਦਲ ਦਿੱਤਾ ਸੀ। ਸਭ ਪਾਸੇ ਕੰਕਰੀਟ ਦਾ ਸਲੇਟੀ ਰੰਗ ਤੇ ਪੀਲੇ-ਭੂਰੇ ਧੂੰਏ ਰੰਗਾ ਆਸਮਾਨ ਲੋਕਾਂ ਦੀ ਜਾਨ ਦਾ ਜੋਖ਼ਮ ਬਣ ਚੁੱਕਾ ਸੀ।

ਜਿਵੇਂ ਹੀ ਸੂਰਜ ਦੀਆਂ ਕਿਰਨਾਂ ਅੰਬਰ ਵਿੱਚ ਫੈਲੀ ਪ੍ਰਦੂਸ਼ਣ ਦੀ ਮੋਟੀ ਮੈਲੀ ਚਾਦਰ ਵਿੱਚੋਂ ਲੰਘਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਰੋਜ਼ਮੱਰ੍ਹਾ ਦੇ ਕੰਮਾਂ ਵਿੱਚ ਡੁੱਬੇ ਸ਼ਹਿਰ ਵਾਸੀਆਂ ਲਈ ਕੁਦਰਤ ਦੀ ਹੋਂਦ ਪ੍ਰਾਚੀਨ ਕਾਲ ਦੀ ਯਾਦ ਬਣ ਚੁੱਕੀ ਸੀ। ਇਸ ਸ਼ਹਿਰ ਦੇ ਬੱਚਿਆਂ ਨੇ ਆਪਣੇ ਜੀਵਨ ਕਾਲ ਦੌਰਾਨ ਕਦੇ ਵੀ ਕੋਈ ਅਸਲੀ ਰੁੱਖ ਨਹੀਂ ਸੀ ਦੇਖਿਆ। ਕੁਦਰਤ ਬਾਰੇ ਉਨ੍ਹਾਂ ਦਾ ਅਨੁਭਵ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਵਿੱਚ ਮੌਜੂਦ ਰੁੱਖਾਂ ਦੇ ਫਿੱਕੇ ਚਿੱਤਰਾਂ ਦਾ ਹੀ ਸੀ; ਪਰ ਕਈ ਬਜ਼ੁਰਗ ਅਜੇ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਸਨ, ਜਦੋਂ ਸੜਕਾਂ ਕਿਨਾਰੇ ਲੱਗੇ ਉੱਚੇ ਲੰਮੇ ਅਮਲਤਾਸ, ਗੁਲਮੋਹਰ ਤੇ ਬਰਗਦ ਦੇ ਰੁੱਖ ਅਤੇ ਫੁੱਲਾਂ ਲੱਦੇ ਮੌਲਸਰੀ ਤੇ ਚੰਪਾ ਦੇ ਬੂਟੇ ਚੌਗਿਰਦੇ ਨੂੰ ਖੂਬਸੂਰਤੀ ਅਤੇ ਮਹਿਕ ਨਾਲ ਭਰ ਦਿੰਦੇ ਸਨ।

ਹਰੇ ਭਰੇ ਵਾਤਾਵਰਣ ਦੀ ਘਾਟ ਨੇ ਸ਼ਹਿਰ ਵਾਸੀਆਂ ਦੀ ਸਿਹਤ ਉੱਤੇ ਡੂੰਘਾ ਪ੍ਰਭਾਵ ਪਾਇਆ ਸੀ। ਉਨ੍ਹਾਂ ਵਿੱਚੋਂ ਬਹੁਤੇ ਸਾਹ ਦੀਆਂ ਬਿਮਾਰੀਆਂ ਦਾ ਸ਼ਿਕਾਰ ਸਨ। ਹਵਾ ਵਿੱਚ ਪ੍ਰਦੂਸ਼ਣ ਦੀ ਮਾਤਰਾ ਇੰਨੀ ਵਧੇਰੇ ਸੀ ਕਿ ਲੋਕਾਂ ਨੂੰ ਸਾਹ ਲੈਣ ਲਈ ਮਾਸਕ ਦੀ ਵਰਤੋਂ ਕਰਨੀ ਪੈ ਰਹੀ ਸੀ। ਹਸਪਤਾਲ ਸਾਹ ਦੀਆਂ ਬਿਮਾਰੀਆਂ ਦੇ ਸ਼ਿਕਾਰ ਮਰੀਜ਼ਾਂ ਨਾਲ ਭਰੇ ਪਏ ਸਨ ਅਤੇ ਬੱਚੇ ਘਾਹ ਦੇ ਮੈਦਾਨਾਂ ਦੀ ਥਾਂ ਕੰਕਰੀਟ ਦੀਆਂ ਉੱਚੀਆਂ ਕੰਧਾਂ ਨਾਲ ਘਿਰੇ ਸੀਮਿੰਟ ਦੇ ਬਣੇ ਮੈਦਾਨਾਂ ਵਿੱਚ ਖੇਡਦੇ ਸਨ।

***

ਇਸ ਕੰਕਰੀਟ ਦੇ ਜੰਗਲ ਦੇ ਵਿੱਚ ਮਾਇਆ ਨਾਮ ਦੀ ਇੱਕ ਮੁਟਿਆਰ ਇੱਕ ਵੱਖਰੀ ਦੁਨੀਆਂ ਦਾ ਸੁਪਨਾ ਦੇਖ ਰਹੀ ਸੀ। ਕੁਦਰਤ ਦੀ ਖ਼ੂਬਸੂਰਤੀ ਬਾਰੇ ਉਸ ਨੇ ਆਪਣੇ ਦਾਦਾ-ਦਾਦੀ ਤੋਂ ਕਹਾਣੀਆਂ ਸੁਣੀਆਂ ਸਨ ਅਤੇ ਉਨ੍ਹਾਂ ਕਹਾਣੀਆਂ ਨੇ ਉਸ ਦੇ ਦਿਲ ਵਿੱਚ ਆਸ ਦਾ ਇੱਕ ਬੀਜ ਬੀਜ ਦਿੱਤਾ ਸੀ। ਬੇਸ਼ੱਕ ਉਹ ਸ਼ਹਿਰ ਵਿਖੇ ਇੱਕ ਇਮਾਰਤਸ਼ਾਜ ਵਜੋਂ ਕੰਮ ਕਰ ਰਹੀ ਸੀ, ਪਰ ਉਸ ਦੀ ਮੂਲ ਰੁਚੀ ਦਿੱਲੀ ਵਿੱਚ ਹਰਿਆਲੀ ਨੂੰ ਵਾਪਸ ਲਿਆਉਣ ਦਾ ਤਰੀਕਾ ਲੱਭਣ ਦੀ ਸੀ।

ਮਾਇਆ ਨੇ ਖੜ੍ਹਵੇਂ (veritcal) ਬਗੀਚਿਆਂ ਦੀ ਕਲਪਨਾ ਕਰ, ਆਪਣੇ ਇਮਾਰਤਸ਼ਾਜ਼ੀ ਹੁਨਰ ਦੀ ਵਰਤੋਂ ਕਰਦੇ ਹੋਏ ਇਮਾਰਤਾਂ ਦੀਆਂ ਕੰਧਾਂ ਦੇ ਬਾਹਰਲੇ ਪਾਸਿਆਂ ਉੱਤੇ ਵੇਲਾਂ ਲਗਾ ਸਕਣ ਵਾਲੇ ਡਿਜ਼ਾਈਨ ਤਿਆਰ ਕੀਤੇ। ਉਸਨੇ ਹਵਾ ਨੂੰ ਸ਼ੁੱਧ ਕਰਨ ਵਾਲੀਆਂ ਅਜਿਹੀਆ ਵੇਲਾਂ ਤੇ ਪੌਦਿਆਂ ਬਾਰੇ ਜਾਣਕਾਰੀ ਇਕੱਠੀ ਕੀਤੀ, ਜੋ ਦੀਵਾਰਾਂ ਦੇ ਨਾਲ ਚਿਪਕ ਕੇ ਸ਼ਹਿਰ ਦੇ ਪ੍ਰਦੂਸ਼ਿਤ ਵਾਤਾਵਰਣ ਵਿੱਚ ਵੱਧ-ਫੁੱਲ ਸਕਣ। ਉਸ ਦਾ ਯਕੀਨ ਸੀ ਕਿ ਕੰਕਰੀਟ ਦੇ ਜੰਗਲ ਵਿੱਚ ਇੱਕ ਹਰੇ ਨਖ਼ਲਿਸਤਾਨ ਦੀ ਹੋਂਦ, ਪ੍ਰਦੂਸ਼ਣ ਦੀ ਮਾਰ ਝੱਲ ਰਹੇ ਲੋਕਾਂ ਨੂੰ ਸੁੱਖ ਭਰੀ ਜ਼ਿੰਦਗੀ ਜਿਊਣ ਵਿੱਚ ਮਦਦ ਕਰ ਸਕਦੀ ਹੈ।

ਮਾਇਆ ਦੀਆਂ ਕੋਸ਼ਿਸਾਂ ਦੀ ਖ਼ਬਰ ਹੌਲੇ ਹੌਲੇ ਫੈਲਣ ਲੱਗ ਪਈ ਸੀ। ਤਦ ਹੀ ਉਸ ਨੂੰ ਆਪਣੇ ਵਰਗੀ ਸੋਚ ਵਾਲੇ ਕਈ ਹੋਰ ਵਿਅਕਤੀ ਵੀ ਮਿਲ ਗਏ, ਜੋ ਉਸ ਦੇ ਮਕਸਦ ਦੀ ਪੂਰਤੀ ਲਈ ਸਹਿਯੋਗ ਦੇਣ ਵਾਸਤੇ ਤਤਪਰ ਸਨ। ਉਨ੍ਹਾਂ ਸਭ ਨੇ ਮਿਲ ਕੇ 'ਹਰਿਆਵਲ ਦਸਤਾ' ਨਾਮੀ ਸੰਸਥਾ ਦਾ ਗਠਨ ਕੀਤਾ। ਇਹ ਇੱਕ ਅਜਿਹੀ ਟੋਲੀ ਸੀ, ਜੋ ਦਿੱਲੀ ਵਿਖੇ ਕੁਦਰਤ ਦੀ ਵਾਪਸੀ ਲਈ ਦ੍ਰਿੜ ਸੀ। ਉਨ੍ਹਾਂ ਨੇ ਇਮਾਰਤਾਂ ਦੀਆਂ ਛੱਤਾਂ ਉੱਤੇ ਛੋਟੇ ਬਗੀਚਿਆਂ ਦੀ ਸਥਾਪਨਾ ਕਰਵਾਉਣੀ ਸ਼ੁਰੂ ਕੀਤੀ ਤਾਂ ਜੋ ਇਨ੍ਹਾਂ ਬਗੀਚਿਆਂ ਵਿਚਲੇ ਪੌਦੇ ਹਵਾ ਨੂੰ ਸਾਫ ਕਰ ਕੇ ਸ਼ਹਿਰ ਵਾਸੀਆਂ ਨੂੰ ਪ੍ਰਦੂਸ਼ਣ ਭਰੇ ਮਾਹੌਲ ਤੋਂ ਨਿਜਾਤ ਦੁਆ ਸਕਣ।

ਜਿਵੇਂ-ਜਿਵੇਂ ਸ਼ਹਿਰ ਵਿੱਚ ਹਰੀਆਂ ਭਰੀਆਂ ਥਾਵਾਂ ਦੀ ਗਿਣਤੀ ਵਧਣ ਲੱਗੀ, ਅਜਿਹੀਆਂ ਥਾਵਾਂ ਨੇੜਲੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋ ਗਿਆ, ਤੇ ਲੋਕਾਂ ਨੂੰ ਪ੍ਰਦੂਸ਼ਣ ਦੀ ਮਾਰ ਤੋਂ ਰਾਹਤ ਦੀ ਕਿਰਨ ਮਹਿਸੂਸ ਹੋਣ ਲੱਗੀ। ਉਹ ਬੱਚਿਆਂ ਜਿਨ੍ਹਾਂ ਨੇ ਪਹਿਲਾਂ ਕਦੇ ਰੁੱਖ ਨਹੀਂ ਸਨ ਦੇਖੇ, ਉਹ ਹਰੇ ਭਰੇ ਪੱਤਿਆਂ ਅਤੇ ਰੰਗ-ਬਰੰਗੇ ਫੁੱਲਾਂ ਨਾਲ ਸਜੇ ਪੌਦਿਆਂ ਨੂੰ ਦੇਖ ਕੇ ਹੈਰਾਨ ਹੋ ਗਏ ਸਨ। ਬਾਲਗਾਂ ਨੂੰ ਹਰਿਆਵਲ ਦੀ ਹੋਂਦ ਵਿੱਚ ਸ਼ਾਂਤੀ ਤੇ ਸੁੰਦਰਤਾ ਮਹਿਸੂਸ ਹੋਈ।

ਪਰ ਅਜੇ ਇਹ ਸਭ ਕੁਝ ਵਧੇਰੇ ਅਸਰਦਾਰ ਨਜ਼ਰ ਨਹੀਂ ਸੀ ਆ ਰਿਹਾ, ਕਿਉਂਕਿ ਛੱਤਾਂ ਉੱਤੇ ਲੱਗੇ ਬਗੀਚੇ ਜ਼ਮੀਨੀ ਪੱਧਰ ਉੱਤੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਅਸਫਲ ਰਹੇ ਸਨ। ਆਪਣੇ ਮੌਜੂਦਾ ਯਤਨਾਂ ਦੇ ਨਤੀਜਿਆਂ ਤੋਂ ਅਸੰਤੁਸ਼ਟ 'ਹਰਿਆਵਲ ਦਸਤੇ' ਨੇ ਮਸਲੇ ਦੇ ਹੱਲ ਲਈ ਹੋਰ ਢੰਗ ਭਾਲਣ ਦੀ ਖੋਜ ਜਾਰੀ ਰੱਖੀ।

***

ਦਿੱਲੀ ਵਿੱਚ ਜ਼ਮੀਨੀ ਪੱਧਰ ਉੱਤੇ ਸਾਫ਼ ਹਵਾ ਦੀ ਘਾਟ ਹਰ ਕਿਸੇ ਲਈ ਜੋਖ਼ਮ ਦਾ ਮੁੱਦਾ ਸੀ। ਸੁਭਾਗ ਵੱਸ ਸਰਬੀਆ ਦੇ ਪ੍ਰਸਿੱਧ ਵਿਗਿਆਨੀ, ਡਾ. ਇਵਾਨ ਪੈਟਰੋਵਿਕ ਦੀ ਦੁਰਲੱਭ ਖੋਜ ਤੋਂ ਉਮੀਦ ਦੀ ਇੱਕ ਕਿਰਨ ਦਾ ਜਨਮ ਹੋਇਆ। ਡਾ. ਇਵਾਨ ਇੱਕ ਖਾਸ ਖੋਜ ਪ੍ਰੋਜੈਕਟ ਸੰਬੰਧੀ ਕੰਮ ਕਰਨ ਲਈ ਇਸ ਸ਼ਹਿਰ 'ਚ ਆਇਆ ਸੀ। ਇੱਥੋਂ ਦੇ ਹਾਲਾਤ ਦੇਖ ਉਸ ਨੂੰ ਯਕੀਨ ਹੋ ਗਿਆ ਸੀ ਕਿ ਉਸ ਦੀ ਖੋਜ ਇਸ ਸ਼ਹਿਰ ਤੇ ਇਸ ਦੇ ਵਾਸੀਆਂ ਦਾ ਜੀਵਨ ਬਦਲਣ ਦੇ ਸਮਰਥ ਹੈ।

ਡਾ. ਇਵਾਨ ਇੱਕ ਵਿਲੱਖਣ ਖੋਜੀ ਸੀ, ਜਿਸ ਨੇ ਵਾਤਾਵਰਨ ਦੇ ਮਸਲਿਆਂ ਬਾਰੇ ਨਵੇਂ ਹੱਲ ਲੱਭਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਸੀ। ਉਸ ਨੇ ਸੂਖਮ ਐਲਗੀ ਦੁਆਰਾ ਪ੍ਰਦੂਸ਼ਣਕਾਰੀ ਕਣਾਂ ਨੂੰ ਜਜ਼ਬ ਕਰਨ ਅਤੇ ਆਕਸੀਜਨ ਛੱਡਣ ਦੀ ਕ੍ਰਿਆ ਦੀ ਜਾਂਚ ਵਿੱਚ ਲਗਭਗ ਦੋ ਦਹਾਕੇ ਬਿਤਾਏ ਸਨ। ਆਪਣੇ ਖੋਜ ਕਾਰਜਾਂ ਦੀ ਬਦੌਲਤ ਉਸ ਨੇ ਇੱਕ ਅਜਿਹੀ ਕੁਦਰਤੀ ਕ੍ਰਿਆ ਦਾ ਪਤਾ ਲਗਾ ਲਿਆ ਸੀ, ਜੋ ਦਿੱਲੀ ਦੀ ਕਿਸਮਤ ਨੂੰ ਹਮੇਸ਼ਾ ਲਈ ਬਦਲਣ ਦੇ ਸਮਰਥ ਸੀ।

ਇੱਕ ਦਿਨ ਜਦੋਂ ਡਾ. ਇਵਾਨ ਸ਼ਹਿਰ ਦੀ ਪਥਰੀਲੀ ਸੜਕ ਉੱਤੇ ਪੈਦਲ ਜਾ ਰਿਹਾ ਸੀ, ਤਾਂ ਉਸ ਨੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਅਤੇ ਪ੍ਰਦੂਸ਼ਣ ਦੇ ਗੰਭੀਰ ਨਤੀਜਿਆਂ ਨੂੰ ਨੇੜਿਓਂ ਦੇਖਿਆ। ਉਸੇ ਸਮੇਂ ਉਸ ਨੂੰ ਇੱਕ ਫੁਰਨਾ ਆਇਆ। ਇਸ ਫੁਰਨੇ ਨਾਲ ਉਸ ਦੇ ਮਨ ਵਿੱਚ ਇੱਕ ਤਰਲ ਰੁੱਖ ਦਾ ਰੂਪ ਪ੍ਰਗਟ ਹੋ ਗਿਆ। ਉਸ ਨੇ ਇੱਕ ਅਜਿਹੇ ਸਿਸਟਮ ਦੀ ਕਲਪਨਾ ਕੀਤੀ, ਜਿਸ ਵਿੱਚ ਵਿਸ਼ੇਸ਼ ਢੰਗ ਨਾਲ ਤਿਆਰ ਕੀਤੀ ਸੂਖਮ ਐਲਗੀ ਨੂੰ ਪਾਣੀ ਨਾਲ ਭਰੇ ਕੱਚ ਦੇ ਬਕਸੇ ਵਿੱਚ ਇੰਝ ਰੱਖਿਆ ਜਾਵੇ ਤਾਂ ਕਿ ਉਹ ਐਲਗੀ ਚੌਗਿਰਦੇ ਦੀ ਪ੍ਰਦੂਸ਼ਿਤ ਹਵਾ ਨੂੰ ਸਹਿਜੇ ਹੀ ਸੋਖ ਸਕੇ ਅਤੇ ਹਵਾ ਵਿਚਲੇ ਪ੍ਰਦੂਸ਼ਣਕਾਰੀ ਕਣਾਂ, ਪਾਣੀ ਤੇ ਰੌਸ਼ਨੀ ਦੀ ਆਪਸੀ ਕ੍ਰਿਆ ਤੋਂ ਪੈਦਾ ਹੋਈ ਆਕਸੀਜਨ ਨੂੰ ਆਲੇ-ਦੁਆਲੇ ਦੇ ਵਾਤਾਵਰਣ ਵਿੱਚ ਛੱਡ ਸਕੇ। ਇਹ ਬਿਲਕੁਲ ਅਜਿਹੀ ਹੀ ਪ੍ਰਣਾਲੀ ਸੀ, ਜਿਵੇਂ ਰੁੱਖ ਗੰਦੀ ਹਵਾ (ਕਾਰਬਨ ਡਾਇਆਕਸਾਈਡ ਗੈਸ) ਨੂੰ ਸੋਖ ਕੇ ਸਾਫ਼ ਹਵਾ (ਆਕਸੀਜਨ) ਪੈਦਾ ਕਰਦੇ ਸਨ।

ਡਾ. ਇਵਾਨ ਦੁਆਰਾ ਤਰਲ ਰੁੱਖ ਦੀ ਕਲਪਨਾ ਇਸ ਕੰਕਰੀਟ ਦੇ ਜੰਗਲ ਵਿੱਚ ਉਮੀਦ ਦੀ ਕਿਰਨ ਵਜੋਂ ਪ੍ਰਗਟ ਹੋਈ। ਉਹ ਸੋਚ ਰਿਹਾ ਸੀ, ਡਾ. ਇਵਾਨ ਅਤੇ ਉਸ ਦੀ ਟੀਮ ਨੇ ਪ੍ਰਦੂਸ਼ਣਕਾਰੀ ਪਦਾਰਥਾਂ ਨੂੰ ਜਜ਼ਬ ਕਰਨ ਅਤੇ ਆਕਸੀਜਨ ਪੈਦਾ ਕਰਨ ਲਈ ਬਹੁਤ ਹੀ ਕੁਸ਼ਲ ਸੂਖ਼ਮ ਐਲਗੀ ਦੀਆਂ ਵੰਨਗੀਆਂ ਨੂੰ ਧਿਆਨ ਨਾਲ ਚੁਣਿਆ। ਹੌਲੇ ਹੌਲੇ ਕੱਚ ਦੇ ਢਾਂਚਿਆਂ ਵਾਲੇ ਤਰਲ ਰੁੱਖ ਸਾਰੇ ਸ਼ਹਿਰ ਵਿੱਚ ਦਿਖਾਈ ਦੇਣ ਲੱਗ ਪਏ। ਇਹ ਤਰਲ ਰੁੱਖ ਹਵਾ ਦੀ ਗੁਣਵੱਤਾ ਦੀ ਜਾਂਚ ਲਈ ਸੈਂਸਰਾਂ ਨਾਲ ਲੈਸ ਸਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸ਼ਹਿਰ ਦੀਆਂ ਲੋੜਾਂ ਲਈ ਸਹੀ ਰੋਲ ਅਦਾ ਕਰ ਰਹੇ ਹਨ।

ਜਿਵੇਂ ਜਿਵੇਂ ਤਰਲ ਰੁੱਖਾਂ ਦੀ ਗਿਣਤੀ ਵਧਦੀ ਗਈ, ਦਿੱਲੀ ਦੇ ਵਾਯੂ-ਮੰਡਲ ਵਿੱਚ ਉਨ੍ਹਾਂ ਦਾ ਪ੍ਰਭਾਵ ਨਜ਼ਰ ਆਉਣ ਲੱਗਾ। ਪ੍ਰਦੂਸ਼ਣ ਦਾ ਪੱਧਰ ਕਾਫ਼ੀ ਹੱਦ ਤਕ ਘੱਟ ਗਿਆ ਅਤੇ ਹਵਾ ਸਾਫ਼-ਸੁਥਰੀ ਹੋ ਗਈ। ਪਹਿਲੋਂ ਪ੍ਰਚਲਿਤ ਹਵਾ-ਸਫ਼ਾਈ ਯੰਤਰਾਂ ਦੀ ਲਗਾਤਾਰ ਗੂੰਜ ਅਤੇ ਮਾਸਕ ਪਹਿਨੇ ਲੋਕਾਂ ਦੀ ਸੰਖਿਆ ਹੁਣ ਕਾਫ਼ੀ ਘੱਟ ਹੋ ਗਈ ਸੀ। ਹੁਣ ਬੱਚੇ ਗਲੀਆਂ ਵਿੱਚ ਬੇਫ਼ਿਕਰੀ ਨਾਲ ਨੱਠ ਭੱਜ ਕਰ ਸਕਦੇ ਸਨ। ਬਜ਼ੁਰਗਾਂ ਦੀ ਸਿਹਤ ਵਿੱਚ ਸੁਧਾਰ ਨਜ਼ਰ ਆਉਣ ਲੱਗ ਪਿਆ ਸੀ।

ਸ਼ਹਿਰ ਵਿੱਚ ਹਰੇ ਰੰਗ ਦੇ ਭਿੰਨ ਭਿੰਨ ਰੂਪਾਂ ਵਾਲੇ ਕੱਚ ਦੇ ਖ਼ੂਬਸੂਰਤ ਢਾਂਚਿਆਂ ਵਾਲੇ ਤਰਲ ਰੁੱਖ ਸੜਕਾਂ ਕਿਨਾਰੇ ਸਾਫ਼ ਹਵਾ ਦੇ ਰੱਖਿਅਕਾਂ ਵਾਂਗ ਖੜ੍ਹੇ ਨਜ਼ਰ ਆ ਰਹੇ ਸਨ। ਹਰੇਕ ਤਰਲ ਰੁੱਖ ਦੇ ਹੇਠਲੇ ਪਾਸੇ ਨਾਲ, ਇੱਕ ਬੈਂਚ ਜੁੜਿਆ ਹੋਇਆ ਸੀ ਜੋ ਲੋਕਾਂ ਨੂੰ ਬੈਠਣ, ਆਰਾਮ ਕਰਨ ਅਤੇ ਕੁਦਰਤ ਨਾਲ ਜੁੜਨ ਦਾ ਸੱਦਾ ਦਿੰਦਾ ਸੀ। ਇਹ ਬੈਂਚ ਆਪਸੀ ਮੁਲਾਕਾਤ ਦੀ ਠਾਹਰ ਬਣ ਗਏ, ਜਿੱਥੇ ਅਣਜਾਣ ਲੋਕ ਵੀ ਆਪਸੀ ਮੁਲਾਕਾਤਾਂ ਨਾਲ ਦੋਸਤ ਬਣ ਗਏ। ਸ਼ਹਿਰ ਵਾਸੀਆਂ ਨੂੰ ਇਨ੍ਹਾਂ ਜੀਵਿਤ ਅਜੂਬਿਆਂ ਦੀ ਹੋਂਦ ਨਾਲ ਖੁਸ਼ੀ ਤੇ ਰਾਹਤ ਦਾ ਅਨੁਭਵ ਹੋਇਆ।

ਜਿਵੇਂ ਹੀ ਰੁੱਤਾਂ ਬਦਲਦੀਆਂ ਗਈਆਂ, ਤਰਲ ਰੁੱਖ




ਵੀ ਰੰਗ ਬਦਲਦੇ ਗਏ, ਪਤਝੜ੍ਹ ਵਿੱਚ ਲਾਲ, ਸੰਤਰੀ ਅਤੇ ਪੀਲੇ ਰੰਗ ਦੇ ਚਮਕਦਾਰ ਰੰਗਾਂ ਵਿੱਚ ਨਜ਼ਰ ਆਉਂਦੇ ਅਤੇ ਬਸੰਤ ਰੁੱਤ ਵਿੱਚ ਨਾਜ਼ੁਕ ਫੁੱਲਾਂ ਦੇ ਰੰਗਾਂ ਨਾਲ ਚਮਚਮਾ ਉੱਠਦੇ। ਨੀਰਸ ਸਲੇਟੀ ਰੰਗ ਵਾਲਾ ਦਿੱਲੀ ਸ਼ਹਿਰ ਹੁਣ ਤਾਂ ਸਾਰਾ ਸਾਲ ਹੀ ਰੰਗਾਂ ਦੀ ਬਹਾਰ ਨਾਲ ਸਰਸ਼ਾਰ ਨਜ਼ਰ ਆਉਂਦਾ ਸੀ।

***

ਦਿੱਲੀ ਵਿਖੇ ਵਾਪਰ ਰਹੀ ਅਜਬ ਤਬਦੀਲੀ ਵਿੱਚ ਅਚਾਨਕ ਇੱਕ ਮੁਸ਼ਕਲ ਪੈਦਾ ਹੋ ਗਈ, ਜਿਸ ਨਾਲ ਤਰਲ ਰੁੱਖਾਂ ਅਤੇ ਸ਼ਹਿਰ ਵਾਸੀਆਂ ਦੇ ਆਪਸੀ ਭਾਈਚਾਰੇ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ। ਸ਼ਹਿਰ ਦੇ ਪ੍ਰਮੁੱਖ ਕਾਰੋਬਾਰੀਆਂ ਦੇ ਇੱਕ ਗੁੱਟ, ਜੋ 'ਨਗਰ ਨਿਰਮਾਣ ਨਿਗਮ' ਦੇ ਨਾਮ ਨਾਲ ਮਸ਼ਹੂਰ ਸੀ, ਨੇ ਤਰਲ ਰੁੱਖਾਂ ਨੂੰ ਉਨ੍ਹਾਂ ਦੇ ਕਾਰੋਬਾਰੀ ਲਾਭਾਂ ਲਈ ਖ਼ਤਰੇ ਵਜੋਂ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ।

ਇਨ੍ਹਾਂ ਕਾਰੋਬਾਰੀਆਂ ਦੇ ਸਿਹਤ ਭਲਾਈ ਸੇਵਾਵਾਂ ਅਤੇ ਉਸਾਰੀ ਉਦਯੋਗ ਦੇ ਖੇਤਰਾਂ ਵਿੱਚ ਵਿਸ਼ੇਸ਼ ਹਿੱਤ ਸਨ। ਉਨ੍ਹਾਂ ਨੂੰ ਚਿੰਤਾ ਸੀ ਕਿ ਮਾਇਆ, ਡਾ. ਇਵਾਨ ਅਤੇ ਹਰਿਆਵਲ ਦਸਤੇ ਦੁਆਰਾ ਕੀਤੇ ਜਾ ਰਹੇ ਯਤਨਾਂ ਕਾਰਨ ਸ਼ਹਿਰ ਵਿਖੇ ਹਰਿਆਵਲ ਦੀ ਵਾਪਸੀ ਸਿਹਤ ਭਲਾਈ ਖੇਤਰ ਦੇ ਮੁਨਾਫੇ ਤੇ ਨਵੇਂ ਨਿਰਮਾਣ ਪ੍ਰੋਜੈਕਟਾਂ ਵਿੱਚ ਰੁਕਾਵਟ ਪਾਵੇਗੀ। ਉਨ੍ਹਾਂ ਦੀ ਸੋਚ ਸੀ ਕਿ ਸ਼ਹਿਰਵਾਸੀਆਂ ਵਿੱਚ ਹਰਿਆਲੀ ਵਾਪਸੀ ਦਾ ਜਨੂੰਨ ਕਾਰੋਬਾਰੀ ਲਾਭਾਂ ਦੀ ਮਾਤਰਾ ਨੂੰ ਘੱਟ ਕਰ ਦੇਵੇਗਾ।

ਨਗਰ ਨਿਰਮਾਣ ਨਿਗਮ ਨੇ ਤਰਲ ਰੁੱਖਾਂ ਦੇ ਫੈਲਾਅ ਨੂੰ ਰੋਕਣ ਲਈ ਮਿਊਂਸੀਪਲ ਕੌਂਸਲ ਦੇ ਮੈਂਬਰਾਂ ਉੱਤੇ ਦਬਾਓ ਵਧਾਉਣਾ ਸ਼ੁਰੂ ਕਰ ਦਿੱਤਾ। ਨਿਗਮ ਨੇ ਮਿਊਂਸੀਪਲ ਕੌਂਸਲ ਦੇ ਮੈਂਬਰਾਂ ਨੂੰ ਸ਼ਹਿਰ ਵਿਖੇ ਹੋਰ ਇਮਾਰਤਾਂ ਬਣਾਉਣ ਦਾ ਰਾਹ ਮੋਕਲਾ ਕਰਨ ਲਈ ਸਥਾਪਿਤ ਕੀਤੇ ਗਏ ਤਰਲ ਰੁੱਖਾਂ ਨੂੰ ਹਟਾਉਣ ਦਾ ਪ੍ਰਸਤਾਵ ਪਾਸ ਕਰਨ ਲਈ ਆਪਣਾ ਪੂਰਾ ਜ਼ੋਰ ਲਗਾ ਦਿੱਤਾ। ਉਨ੍ਹਾਂ ਦੀਆਂ ਦਲੀਲਾਂ ਮਨ-ਲੁਭਾਵਣੀਆਂ ਸਨ, ਤੇ ਉਨ੍ਹਾਂ ਕੋਲ ਆਪਣੇ ਆਸ਼ੇ ਦੀ ਪ੍ਰਾਪਤੀ ਲਈ ਉਚਿਤ ਸਾਧਨ ਵੀ ਸਨ।

ਜਿਵੇਂ ਹੀ ਇਸ ਮੁੱਦੇ ਦੀ ਖ਼ਬਰ ਫੈਲੀ, ਸ਼ਹਿਰ ਵਿੱਚ ਦੋ ਧੜੇ ਬਣ ਗਏ। ਕੁਝ ਲੋਕਾਂ ਦਾ ਮੰਨਣਾ ਸੀ ਕਿ ਤਰਲ ਰੁੱਖ ਇੱਕ ਸਿਹਤਮੰਦ ਅਤੇ ਵਧੇਰੇ ਉੱਜਲ ਭਵਿੱਖ ਦਾ ਆਧਾਰ ਹਨ, ਜਦੋਂ ਕਿ ਦੂਜੇ ਧੜੇ ਦੇ ਲੋਕ ਤਰਲ ਰੁੱਖਾਂ ਨੂੰ ਆਰਥਿਕ ਵਿਕਾਸ ਦੇ ਰਾਹ ਵਿੱਚ ਰੁਕਾਵਟ ਮੰਨ ਰਹੇ ਸਨ। ਗਰਮਾ-ਗਰਮ ਬਹਿਸਾਂ ਨੇ ਸ਼ਹਿਰ ਦੇ ਨਿਊਜ਼ ਅਦਾਰਿਆਂ ਅਤੇ ਸੋਸ਼ਲ ਮੀਡੀਆ ਚੈਨਲਾਂ ਨੂੰ ਭਰ ਦਿੱਤਾ। ਫਲਸਰੂਪ ਸ਼ਹਿਰ ਵਾਸੀਆਂ ਵਿੱਚ ਡਾਢੀ ਤਣਾਅ ਭਰੀ ਸਥਿਤੀ ਬਣ ਗਈ ਸੀ।

ਜਿਵੇਂ ਹੀ ਤਰਲ ਰੁੱਖਾਂ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਹੁੰਦਾ ਗਿਆ, ਦਿੱਲੀ ਵਿੱਚ ਧੜੇਬੰਦੀ ਹੋਰ ਸਪਸ਼ਟ ਹੁੰਦੀ ਗਈ। ਨਗਰ ਨਿਰਮਾਣ ਨਿਗਮ ਨੇ ਆਪਣੇ ਹਿੱਤਾਂ ਦੀ ਰੱਖਿਆ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ। ਤਰਲ ਰੁੱਖਾਂ ਦੇ ਫੈਲਾਅ ਨੂੰ ਰੋਕਣ ਲਈ ਉਨ੍ਹਾਂ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰ ਦਿੱਤਾ। ਖੁੱਲ੍ਹੇ ਦਿਲ ਨਾਲ ਪੈਸਾ ਖਰਚਦੇ ਹੋਏ, ਉਨ੍ਹਾਂ ਨੇ ਤਰਲ ਰੁੱਖਾਂ ਦੇ ਵਿਰੋਧ ਵਿੱਚ ਇੱਕ ਅਜਿਹੀ ਮੁਹਿੰਮ ਚਲਾਈ, ਜਿਸ ਨਾਲ ਉਨ੍ਹਾਂ ਸ਼ਹਿਰ ਦੇ ਸੰਚਾਰ ਮਾਧਿਅਮਾਂ ਨੂੰ ਅਜਿਹੇ ਇਸ਼ਤਿਹਾਰਾਂ ਅਤੇ ਲੇਖਾਂ ਨਾਲ ਭਰ ਦਿੱਤਾ, ਜਿਨ੍ਹਾਂ ਵਿੱਚ ਤਰਲ ਰੁੱਖਾਂ ਨੂੰ ਇੱਕ ਮਹਿੰਗੀ ਫਜ਼ੂਲਖਰਚੀ ਦੱਸਿਆ ਗਿਆ। ਉਨ੍ਹਾਂ ਦੀ ਦਲੀਲ ਸੀ ਕਿ ਸ਼ਹਿਰ ਦੇ ਵਿੱਤੀ ਸਰੋਤਾਂ ਨੂੰ ਇਨ੍ਹਾਂ ਵਾਤਾਵਰਣ-ਅਨੁਕੂਲ ਪ੍ਰੋਜੈਕਟਾਂ ਉੱਤੇ ਲਗਾਉਣ ਨਾਲ ਸ਼ਹਿਰ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋਇਆ ਹੈ। ਹੁਣ ਤਾਂ ਸ਼ਹਿਰ ਭਰ ਵਿੱਚ ਤਰਲ ਰੁੱਖਾਂ ਬਾਰੇ ਵਿਰੋਧੀ ਜਾਣਕਾਰੀ ਪੂਰੀ ਤਰ੍ਹਾਂ ਫੈਲ ਚੁੱਕੀ ਸੀ ਅਤੇ ਲੋਕਾਂ ਵਿੱਚ ਇਸ ਮਸਲੇ ਬਾਰੇ ਧੜੇਬੰਦੀ ਸਪਸ਼ਟ ਨਜ਼ਰ ਆਉਣ ਲੱਗ ਪਈ ਸੀ।

ਦਿੱਲੀ ਦੀਆਂ ਸੜਕਾਂ ਉੱਤੇ ਟਕਰਾਅ ਵਾਲੇ ਹਾਲਾਤ ਬਣ ਚੁੱਕੇ ਸਨ। ਵਿਰੋਧ ਪ੍ਰਦਰਸ਼ਨ ਅਤੇ ਜਵਾਬੀ ਕਾਰਵਾਈਆਂ ਆਮ ਹੋ ਗਈਆਂ। ਸ਼ਹਿਰ ਵਾਸੀਆਂ ਨੇ ਪੂਰੇ ਜੋਸ਼-ਸ਼ੋਰ ਨਾਲ ਆਪੋ-ਆਪਣੀਆਂ ਧਿਰਾਂ ਦੇ ਹੱਕ ਵਿੱਚ ਮੁਜ਼ਾਹਰੇ ਕੀਤੇ। ਮਿਊਂਸੀਪਲ ਕੌਂਸਲ ਦੀਆਂ ਮੀਟਿੰਗਾਂ ਤਲਖ਼ੀ ਭਰਪੂਰ ਰੌਲੇ-ਰੱਪੇ ਅਤੇ ਦੂਸ਼ਣਬਾਜ਼ੀ ਵਾਲੀਆਂ ਬਹਿਸਾਂ ਵਿੱਚ ਬਦਲ ਗਈਆਂ।

ਹਰਿਆਵਲ ਦਸਤਾ, ਮਾਇਆ ਦੀ ਅਗਵਾਈ ਤੇ ਡਾ. ਇਵਾਨ ਪੈਟਰੋਵਿਕ ਦੇ ਸਮਰਥਨ ਨਾਲ ਤਰਲ ਰੁੱਖਾਂ ਪ੍ਰਤੀ ਆਪਣੀ ਵਚਨਬੱਧਤਾ ਵਿੱਚ ਅਡੋਲ ਰਿਹਾ। ਉਨ੍ਹਾਂ ਨੇ ਹਵਾ ਦੀ ਗੁਣਵੱਤਾ ਉੱਤੇ ਤਰਲ ਰੁੱਖਾਂ ਦੇ ਸਕਾਰਾਤਮਕ ਪ੍ਰਭਾਵਾਂ ਨੂੰ ਜਾਨਣ ਲਈ ਆਪਣੇ ਵਿਗਿਆਨਕ ਕਾਰਜ ਜਾਰੀ ਰੱਖੇ ਅਤੇ ਸ਼ਹਿਰ ਵਾਸੀਆਂ ਦੇ ਸਿਹਤ ਸੰਭਾਲ ਖਰਚਿਆਂ ਵਿੱਚ ਕਮੀ ਬਾਰੇ ਸਬੂਤ ਇਕੱਠੇ ਕੀਤੇ। ਇਨ੍ਹਾਂ ਕਾਰਜਾਂ ਦੇ ਆਧਾਰਿਤ ਉਨ੍ਹਾਂ ਦਾ ਦਆਵਾ ਸੀ ਕਿ ਤਰਲ ਰੁੱਖਾਂ ਤੋਂ ਲੰਬੇ ਸਮੇਂ ਦੌਰਾਨ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਮਾਤਰਾ ਕਿਸੇ ਵੀ ਛੋਟੇ ਅਰਸੇ ਦੀਆਂ ਅਸੁਵਿਧਾਵਾਂ ਨਾਲੋਂ ਬਹੁਤ ਵਧੇਰੇ ਹੋਣ ਦਾ ਯਕੀਨ ਹੈ।

ਦੋਨੋਂ ਧਿਰਾਂ ਦੇ ਆਪਸੀ ਟਕਰਾਅ ਨੇ ਸ਼ਹਿਰ ਦੀ ਏਕਤਾ ਨੂੰ ਨੁਕਸਾਨ ਪਹੁੰਚਾਇਆ। ਅਨੇਕ ਦੋਸਤ ਅਤੇ ਪਰਿਵਾਰ ਵਿਰੋਧੀ ਪੱਖਾਂ ਦੇ ਹੱਕ ਵਿੱਚ ਭੁਗਤਣ ਕਾਰਨ ਆਪਸੀ ਰਿਸ਼ਤੇ ਤਣਾਅਪੂਰਨ ਹੋ ਗਏ। ਅਜਿਹੇ ਹਾਲਾਤ ਵਿੱਚ ਤਰਲ ਰੁੱਖਾਂ ਦਾ ਸਮਰਥਨ ਕਰਨ ਵਾਲੇ ਕਾਰੋਬਾਰਾਂ ਨੂੰ ਧਮਕੀਆਂ ਦਾ ਅਤੇ ਨਗਰ ਨਿਰਮਾਣ ਨਿਗਮ ਨਾਲ ਜੁੜੇ ਲੋਕਾਂ ਨੂੰ ਬਾਈਕਾਟ ਅਤੇ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਕਾਰਵਾਂ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120




ਅਰਬੀ ਕੋਸ਼ ਵਿੱਚ ਕਾਰਵਾਂ ਲਈ 'ਕਾਰਵਾਂ ਸਰਾਏ' ਸ਼ਬਦ ਮਿਲਦਾ ਹੈ, ਜਿਸਦਾ ਅਰਥ ਹੈ- ਕਾਰਵਾਨ ਸਰਾਂ; ਫ਼ ਕਾਰਵਾਨ= ਕਾਫਲਾ+ਫ਼ ਸਰਾਏ= ਘਰ, ਰਹਿਣ ਦੀ ਥਾਂ। ਕਾਫਲੇ ਦੇ ਪੜਾਓ ਦੀ ਥਾਂ, ਕਾਫਲੇ ਦਾ ਰੈਣ ਬਸੇਰਾ। ਫ਼ਾਰਸੀ ਕੋਸ਼ ਅਨੁਸਾਰ ਕਾਰਵਾਨ- ਕਾਫਲਾ, ਪਾਂਧੀਆਂ ਦਾ ਟੋਲਾ; ਕਾਰਵਾਨ-ਸਲਾਰ= ਕਾਫਲੇ ਦਾ ਸਿਰਦਾਰ; ਕਾਰਵਾਨ ਸਰਾਯ- ਉਹ ਸਰਾਂ ਜਿੱਥੇ ਕਾਫਲੇ ਰਾਤ ਨੂੰ ਠਹਿਰਦੇ ਹਨ; ਕਾਫਲਿਆਂ ਦੇ ਉਤਰਨ ਦੀ ਥਾਂ। ਪੰਜਾਬੀ ਕੋਸ਼ਾਂ ਵਿੱਚ ਵੀ ਅਜਿਹੇ ਹੀ ਅਰਥ ਮਿਲਦੇ ਹਨ: ਕਾਰਵਾਂ- ਬਹੁਤ ਸਾਰੇ ਮੁਸਾਫਰਾਂ, ਯਾਤਰੂਆਂ ਜਾਂ ਸੌਦਾਗਰਾਂ ਦਾ ਗਰੋਹ ਜਾਂ ਸੰਘ। ਕਾਰਵਾਨੀ- ਕਾਰਵਾਂ ਜਾਂ ਕਾਫਲੇ ਸੰਬੰਧੀ; ਕਾਰਵਾਂ ਦਾ ਕੋਈ ਬੰਦਾ ਜਾਂ ਹਿੱਸਾ।

ਫ਼ਾਰਸੀ ਕਾਰਵਾਂ ਸਰਾਏ ਅਸਲ ਵਿੱਚ ਉਨ੍ਹਾਂ ਰੈਣ ਬਸੇਰਿਆਂ ਲਈ ਵਰਤਿਆ ਜਾਂਦਾ ਹੈ, ਜਿਥੇ ਆ ਕੇ ਕਾਰਵਾਨ ਜਾਂ ਕਾਫਲੇ ਰੁਕਦੇ ਹਨ। ਪ੍ਰਾਚੀਨ ਕਾਲ ਵਿੱਚ ਇਨ੍ਹਾਂ ਯਾਤਰੂਆਂ ਜਾਂ ਸੌਦਾਗਰਾਂ ਲਈ ਰਾਜਿਆਂ ਵੱਲੋਂ ਅਜਿਹੀਆਂ ਠਾਹਰਾਂ ਬਣਾਈਆਂ ਜਾਂਦੀਆਂ ਸਨ। ਪੁਰਾਣੇ ਸਮਿਆਂ ਵਿੱਚ ਲੰਮੇ ਸਫਰ ਪੈਦਲ, ਘੋੜਿਆਂ ਜਾਂ ਊਠਾਂ 'ਤੇ ਕੀਤੇ ਜਾਂਦੇ ਸਨ ਤੇ ਇਨ੍ਹਾਂ ਨੂੰ ਰਸਤੇ ਵਿੱਚ ਸਾਹ ਦੁਆਉਣ ਲਈ ਪੜਾਅ ਕੀਤੇ ਜਾਂਦੇ ਸਨ। ਪ੍ਰਸਿਧ ਸਿਲਕ ਰੂਟ ਕਾਰਵਾਨਾਂ ਦਾ ਹੀ ਮਾਰਗ ਸੀ। ਭਾਵੇਂ ਬਾਅਦ ਵਿੱਚ ਬੈਲ ਗੱਡੀਆਂ ਦੇ ਕਾਫਲੇ ਚਲਣ ਲੱਗੇ, ਪਰ ਮਨੁੱਖ ਨੂੰ ਪੈਦਲ ਹੀ ਵਧੇਰੇ ਸਫਰ ਕਰਨਾ ਪੈਂਦਾ ਸੀ, ਜੋ ਬੜਾ ਔਖਾ ਤੇ ਮੁਸ਼ਕਲਾਂ ਭਰਿਆ ਹੁੰਦਾ ਸੀ। ਲੰਮੇ ਸਫਰ ਸਰਾਵਾਂ ਜਾਂ ਧਰਮਸ਼ਾਲਾਵਾਂ ਵਿੱਚ ਰੁਕੇ ਬਿਨਾ ਕਰਨੇ ਮੁਸ਼ਕਲ ਹੁੰਦੇ ਸਨ। ਇਕੱਲੇ ਯਾਤਰੀ ਖਤਰੇ ਤੋਂ ਖਾਲੀ ਵੀ ਨਹੀਂ ਸਨ ਹੁੰਦੇ। ਇਸ ਲਈ ਉਨ੍ਹਾਂ ਨੂੰ ਸਮੂਹਾਂ ਵਿੱਚ ਇਹ ਸਫਰ ਕਰਨੇ ਪੈਂਦੇ ਸਨ। ਭਾਵੇਂ ਸਮੂਹ ਆਪਣੇ ਆਪ ਵਿੱਚ ਆਸਰਾ ਹੁੰਦਾ ਹੈ, ਪਰ ਉਹਨੂੰ ਰਸਤੇ ਵਿੱਚ ਪਾਣੀ ਤੇ ਅਰਾਮ ਲਈ ਸਰਾਵਾਂ ਦੀ ਲੋੜ ਜ਼ਰੂਰੀ ਹੁੰਦੀ ਹੈ।

ਕਾਰਵਾਂ ਸਰਾਏ ਸ਼ਬਦ ਦੀ ਸਾਰਥਕਤਾ ਮੁਸਲਿਮ ਸ਼ਾਸਨ ਕਾਲ ਵਿੱਚ ਹੋਰ ਉਭਰਦੀ ਹੈ ਤੇ ਇਹ ਸ਼ਬਦ ਸਾਰਥਕਤਾ ਗ੍ਰਹਿਣ ਕਰਦਾ ਹੈ, ਜਦੋਂ ਸ਼ੇਰ ਸ਼ਾਹ ਸੂਰੀ ਨੇ ਪਿਸ਼ਾਵਰ ਤੋਂ ਕਲਕੱਤੇ ਤੱਕ ਜੀ.ਟੀ. ਰੋਡ ਦਾ ਨਿਰਮਾਣ ਕੀਤਾ ਤਾਂ ਇਸ 'ਤੇ ਅਨੇਕਾਂ ਸਰਾਵਾਂ ਵੀ ਤਾਮੀਰ ਕਰਵਾਈਆਂ। ਭਾਵੇਂ ਕਾਰਵਾਂ ਸ਼ਬਦ ਅਰਬੀ ਦਾ ਮੰਨਿਆ ਜਾਂਦਾ ਹੈ, ਪਰ ਇਹ ਇੰਡੋ-ਇਰਾਨੀ ਮੂਲ ਦਾ ਸ਼ਬਦ ਹੈ, ਜੋ ਵਾਇਆ ਫ਼ਾਰਸੀ ਦੁਨੀਆ ਭਰ ਦੀਆਂ ਭਾਸ਼ਾਵਾਂ ਵਿੱਚ ਪ੍ਰਚਲਤ ਹੋਇਆ। ਕਾਰਵਾਂ ਦੇ ਵਿਭਿੰਨ ਰੂਪ ਪ੍ਰਚਲਤ ਹਨ, ਜਿਵੇਂ ਅੰਗਰੇਜ਼ੀ ਵਿੱਚ ਕੈਰੇਵੈਨ (caravan), ਡੱਚ ਵਿੱਚ ਇਹਦਾ ਰੂਪ ਕਾਰਵਾਨ ਹੈ। ਜਰਮਨ, ਡੈਨਿਸ਼ ਵਿੱਚ ਕਾਰਵਾਨੇ; ਫਰੈਂਚ ਵਿੱਚ ਕੈਰਵਨ। ਤੁਰਕੀ ਵਿੱਚ ਇਹਦਾ ਰੂਪ ਕੁਝ ਕੁਝ 'ਕਿਰਿਆਵਾਂ' ਵਰਗਾ ਹੈ।

ਸੰਸਕ੍ਰਿਤ ਦਾ ਇੱਕ ਸ਼ਬਦ ਹੈ- 'ਕਾਪਰਟਿਕ' ਜਿਸਦਾ ਅਰਥ ਹੈ- ਤੀਰਥ ਯਾਤਰੀਆਂ ਦਾ ਜਥਾ, ਵਪਾਰਕ ਸਮੂਹ, ਸਾਧੂ ਸੰਤਾਂ ਦਾ ਟੋਲਾ ਜਾਂ ਯਾਤਰੀਆਂ ਦਾ ਕਾਫਲਾ। ਹਿੰਦੀ ਸ਼ਬਦ ਸਾਗਰ ਵਿੱਚ ਇਹਦੇ ਕਈ ਅਰਥ ਦਿੱਤੇ ਗਏ ਹਨ, ਜਿਵੇਂ- ਤੀਰਥ ਯਾਤਰੀ, ਪਵਿਤਰ ਤੀਰਥ ਜਲ ਲੈ ਕੇ ਰੋਜ਼ੀ ਪ੍ਰਾਪਤ ਕਰਨ ਵਾਲਾ ਵਿਅਕਤੀ, ਤੀਰਥ ਯਾਤਰੀਆਂ ਦਾ ਕਾਰਵਾਂ, ਅਨੁਭਵੀ ਵਿਅਕਤੀ, ਵਿਸ਼ਵਾਸਪਾਤਰ ਆਦਿ।



ਕਾਪਰਟਿਕ ਦਾ ਹੀ ਰੂਪ ਕਾਰਵਾਂ ਹੋਇਆ ਲਗਦਾ ਹੈ, ਕਿਉਂਕਿ ਇਨ੍ਹਾਂ ਵਿਚਲੀ ਮੂਲ ਧਾਤੂ /ਕ੍ਰ/ ਨਜ਼ਰ ਆ ਰਹੀ ਹੈ।

ਵੱਖ-ਵੱਖ ਪ੍ਰਸੰਗਾਂ ਵਿੱਚ ਕਾਰਵਾਂ ਦੀ ਸਕੀਰੀ ਕਾਪਰਟਿਕ ਨਾਲ ਜੁੜਦੀ ਹੈ। ਕਾਪਰਟਿਕ ਬਣਿਆ ਹੈ ਸੰਸਕ੍ਰਿਤ ਦੇ 'ਕਪਰਟ' ਤੋਂ, ਜਿਸਦਾ ਅਰਥ ਹੈ- ਚੀਥੜਾ, ਗੁਦੜ, ਮਲੀਨ, ਜਰਜਰ ਕੱਪੜਾ। ਦੋਵੇਂ ਹੀ /ਕ੍ਰ/ ਧਾਤੂ ਤੋਂ ਬਣੇ ਹਨ। ਇਸੇ 'ਕ੍ਰ' ਧਾਤੂ ਤੋਂ ਸੰਸਕ੍ਰਿਤ ਦੇ ਕਈ ਸ਼ਬਦ ਬਣਦੇ ਹਨ। ਇਸ ਧਾਤੂ ਦਾ ਅਰਥ ਹੈ- ਨਿਰਮਾਣ ਕਰਨਾ, ਬਣਾਉਣਾ, ਰਚਨਾ, ਧਾਰਨ ਕਰਨਾ, ਪਹਿਨਣਾ, ਗ੍ਰਹਿਣ ਕਰਨਾ ਆਦਿ। ਕ੍ਰਪਾਸ: (ਕਪਾਹ, ਰੂੰ) ਵਿੱਚ ਵੀ ਇਹੀ ਮੂਲ ਧਾਤੂ ਹੈ। ਕਪਾਹ ਤੋਂ ਰੂੰ ਦੀ ਪਿੰਜਾਈ, ਕਤਾਈ, ਸੂਤਰ, ਬੁਣਾਈ ਆਦਿ ਵਿੱਚ ਕੱਪੜੇ ਦਾ ਨਿਰਮਾਣ ਹੋ ਰਿਹਾ ਹੈ। ਫਿਰ ਵਸਤਰ ਧਾਰਨ ਕਰਨ ਤੱਕ ਕਈ ਕਿਰਿਆਵਾਂ ਹਨ। ਮਲੀਨ, ਚੀਥੜੇ ਦਾ ਸੰਬੰਧ ਲੰਮੀਆਂ ਯਾਤਰਾਵਾਂ ਨਾਲ ਹੈ, ਜਦੋਂ ਕੱਪੜੇ ਜਰਜਰ ਹੋ ਜਾਂਦੇ ਸਨ। ਚੀਥੜੇ ਪਹਿਣਨ ਵਾਲੇ ਨੂੰ ਕਾਪਰਟਿਕ ਕਹਿਣ ਦੀ ਇਸ ਤੋਂ ਸਮਝ ਆ ਜਾਂਦੀ ਹੈ। ਫਾਰਸੀ ਵਿੱਚ ਜਾ ਕੇ ਕਾਪਰਟਿਕ ਸਮੂਹ ਅਰਥਵਾਚੀ ਹੋ ਗਿਆ। ਅਨੁਗਮਨ ਵਿੱਚ ਇੱਕ ਦੇ ਪਿਛੇ ਇੱਕ ਚਲਣ ਦਾ ਭਾਵ ਹੈ। ਭੇਡ ਚਾਲ ਵਿੱਚ ਵੀ ਇਹੀ ਭਾਵ ਹੈ, ਜੋ ਕਾਰਵਾਂ ਨਾਲ ਮੇਲ ਖਾਂਦਾ ਹੈ।

ਕਾਰਵਾਂ ਅੰਗਰੇਜ਼ੀ ਵਿੱਚ ਕੈਰੇਵਾਨ ਦੇ ਰੂਪ ਵਿੱਚ ਦਾਖਲ ਹੋਇਆ, ਜੋ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਰੇਗਿਸਤਾਨ ਵਿੱਚ ਸਫਰ ਕਰਨ ਵਾਲੇ ਯਾਤਰੀਆਂ ਦਾ ਕਾਫਲਾ, ਪਸ਼ੂਆਂ ਦੇ ਵਗ, ਬਹੁਤ ਸਾਰੇ ਵਾਹਨਾਂ ਦੇ ਸਮੂਹ ਇਸੇ ਨਾਲ ਜੁੜੇ ਹੋਏ ਹਨ, ਕਿਉਂਕਿ ਕਾਰਵਾਂ ਵਿੱਚ ਪੈਦਲਾਂ ਦੇ ਬਾਵਜੂਦ ਬੈਲ ਗੱਡੀਆਂ, ਘੋੜਾ ਗੱਡੀਆਂ, ਰੱਥ ਜਾਂ ਊਠ ਗੱਡੀਆਂ ਚਲਦੀਆਂ ਸਨ। ਇਸ ਲਈ ਅੰਗਰੇਜ਼ੀ ਕੈਰੇਵਾਨ ਦਾ ਅਰਥ ਵਿਸ਼ਾਲ ਸੈਲਾਨੀਆਂ ਦੇ ਸੰਦਰਭ ਨਾਲ ਜੁੜ ਗਿਆ। ਅੰਗਰੇਜ਼ੀ ਦਾ ਵੈਨ ਵੀ ਕੈਰੇਵਾਨ ਨਾਲ ਜੁੜਿਆ ਹੋਇਆ ਹੈ। ਅੱਜ ਵੀ ਗਾਡੀਵਾਨਾਂ ਦਾ ਕਬੀਲਾ ਆਪਣਾ ਸਾਰਾ ਸਮਾਨ ਗੱਡੀਆਂ 'ਤੇ ਲੱਦ ਕੇ ਇੱਕ ਥਾਂ ਤੋਂ ਦੂਜੀ ਥਾਂ ਪ੍ਰਸਥਾਨ ਕਰਦਾ ਹੈ। 'ਗਾਡੀ> ਗਾਡੀ ਲੁਹਾਰ> ਗਾਡੀਵਾਨ' ਇੱਕੋ ਸ਼ੇਡ ਦੇ ਸ਼ਬਦ ਹਨ।

ਪ੍ਰਾਚੀਨ ਭਾਰਤ ਵਿੱਚ ਕਾਰਵਾਂ ਵਰਗਾ ਹੀ ਸ਼ਬਦ ਸਾਰਥ+ਵਾਹ ਪ੍ਰਚਲਤ ਸੀ। ਭਾਵੇਂ ਅੱਜ ਇਹ ਲੁਪਤ ਹੋ ਗਿਆ ਹੈ, ਪਰ ਇਤਿਹਾਸਕ ਤੌਰ 'ਤੇ ਇਹ ਜਿੰਦਾ ਹੈ। ਆਪਟੇ ਕੋਸ਼ ਅਨੁਸਾਰ ਸਾਰਥ+ਵਾਹ= ਧਾਰਮਕ ਯਾਤਰੂਆਂ ਦਾ ਜਥਾ ਜਾਂ ਤੀਰਥ ਯਾਤਰੀ। ਇਹ ਬਣਿਆ ਹੈ ਸੰਸਕ੍ਰਿਤ ਦੇ ਸਾਰਥਵਾਹ ਤੋਂ, ਸਾਰਥ ਦਾ ਅਰਥ ਹੁੰਦਾ ਹੈ- ਸਮੂਹ, ਝੁੰਡ, ਇਕੱਠ, ਜਥਾ, ਸਮਾਜ, ਸਾਥੀ, ਦੋਸਤ। ਵਾਹ ਦਾ ਸੰਸਕ੍ਰਿਤ ਵਿੱਚ ਅਰਥ ਹੈ- ਜਾਣਾ, ਲੈ ਜਾਣਾ ਆਦਿ। ਵਹਾ ਇਸ ਤੋਂ ਹੀ ਬਣਿਆ ਹੈ, ਜਿਸਦਾ ਭਾਵ ਹੈ- ਲੈ ਜਾਣਾ। ਲੈ ਜਾਣ ਦੇ ਤੌਰ 'ਤੇ ਵਾਹਨ ਦੇ ਮੂਲ ਵਿੱਚ ਵਹਾ ਹੈ। ਇਸ ਲਈ ਵਾਹਿਨੀ ਸ਼ਬਦ ਦੇਖਿਆ ਜਾ ਸਕਦਾ ਹੈ। ਬੰਗਲਾ ਦੇਸ਼ ਬਣਨ ਵੇਲੇ ਭਾਰਤ ਨੇ 'ਮੁਕਤੀ ਵਾਹਨੀ' ਫੌਜ ਖੜ੍ਹੀ ਕੀਤੀ ਸੀ। ਜਿਸ ਤਰ੍ਹਾਂ ਕਾਰਵਾਂ ਦਾ ਅੰਗਰੇਜ਼ੀ ਰੂਪ ਯਾਨ ਦੇ ਅਰਥਾਂ ਵਿੱਚ ਕੈਰੇਵਾਨ ਜਾਂ ਵੈਨ ਹੋ ਗਿਆ, ਉਸੇ ਤਰ੍ਹਾਂ ਸਾਰਥ+ਵਾਹ ਤੋਂ ਵੀ ਯਾਨ ਦੇ ਅਰਥਾਂ ਵਿੱਚ ਵਾਹਨ ਸ਼ਬਦ ਜਨਮਿਆ ਹੈ। ਇਸ ਪ੍ਰਸੰਗ ਵਿੱਚ ਖਾਨ, ਖਾਨਾ ਜਾਂ ਖਾਨਗਾਹ ਸ਼ਬਦ ਦੇਖੇ ਜਾ ਸਕਦੇ ਹਨ। ਖਾਨ ਵਰਗੇ ਸ਼ਬਦ ਵਿੱਚ ਆਸਰੇ ਦਾ ਭਾਵ ਹੈ। ਇਹ ਇੰਡੋ-ਇਰਾਨੀ ਮੂਲ ਦਾ ਸ਼ਬਦ ਹੈ। ਖਾਨ ਜਾਂ ਖਾਨਾ ਵਪਾਰਕ ਮਾਰਗਾਂ 'ਤੇ ਚਲਣ ਵਾਲੇ ਕਾਫਲਿਆਂ ਜਾਂ ਕਾਰਵਾਨਾਂ ਦੇ ਯਾਤਰੀਆਂ ਦੇ ਅਸਥਾਈ ਟਿਕਾਣੇ ਹੁੰਦੇ ਸਨ, ਜਿਨ੍ਹਾਂ ਨੂੰ ਮੁਸਾਫਰਖਾਨਾ ਕਿਹਾ ਜਾਂਦਾ ਸੀ।

ਸੰਸਕ੍ਰਿਤ ਧਾਤੂ /ਖਨ੍/ ਦਾ ਅਰਥ ਹੈ- ਖੋਦਨਾ, ਪੁਟਣਾ, ਖੁਰਚਣਾ, ਖੋਖਲਾ ਕਰਨਾ। ਖਨ੍ ਤੋਂ ਹੀ ਗੁਫਾ, ਕੰਦਰਾ ਜਾਂ ਖੁਡ, ਖੱਡੇ ਦਾ ਭਾਵ ਨਿਕਲਦਾ ਹੈ, ਜੋ ਨਿਵਾਸ ਹੈ। ਏਸੇ ਖਨ੍ ਦਾ ਪ੍ਰਭਾਵ ਅਵੇਸਤਾ ਇਰਾਨੀ ਵਿੱਚ ਵੀ ਮਿਲਦਾ ਹੈ। ਖਾਨਾ ਮੂਲ ਰੂਪ ਵਿੱਚ ਫੌਜੀਆਂ ਵਪਾਰੀਆਂ ਕਾਰਵਾਂ ਦੇ ਕਾਫਲਿਆਂ ਦਾ ਵਿਸ਼ਰਾਮ ਕਰਨ ਦਾ ਟਿਕਾਣਾ ਹੈ। ਬਾਅਦ ਵਿੱਚ ਇਸ ਤੋਂ ਕਈ ਸ਼ਬਦ ਬਣੇ ਜਿਵੇਂ- ਬਜਾਜਖਾਨਾ, ਨੌਬਤਖਾਨਾ, ਜਨਾਨਖਾਨਾ, ਅਸਲਾਖਾਨਾ, ਡਾਕਖਾਨਾ, ਤੋਸ਼ਾਖਾਨਾ, ਕਾਰਖਾਨਾ, ਬਰਫ ਖਾਨਾ, ਤਹਿ ਖਾਨਾ ਆਦਿ। ਖਨ੍ ਧਾਤੂ ਦੀ ਸਕੀਰੀ ਸੰਸਕ੍ਰਿਤ ਖੰਡ ਨਾਲ ਵੀ ਹੈ, ਜਿਸਦਾ ਅਰਥ ਹੈ- ਟੋਟੇ ਕਰਨਾ, ਤੋੜਨਾ, ਕੱਟਣਾ, ਨਸ਼ਟ ਕਰਨਾ। ਇਹ ਸਾਰੀਆਂ ਪਹਾੜੀ ਕਿਰਿਆਵਾਂ ਹਨ। ਖੰਡ ਤੋਂ ਹੀ ਬਣਿਆ ਖੰਡ: ਹੈ, ਜਿਸਦਾ ਅਰਥ ਹੈ- ਕਿਸੇ ਭਵਨ ਦਾ ਹਿੱਸਾ, ਕਮਰਾ, ਅੰਸ਼, ਭਾਗ, ਅਧਿਆਏ। ਅਲਮਾਰੀ ਜਾਂ ਕੰਧ ਵਿੱਚ ਬਣੀਆਂ ਥਾਵਾਂ ਨੂੰ ਵੀ ਖਾਨੇ ਕਿਹਾ ਜਾਂਦਾ ਹੈ। ਬੁੰਦੇਲਖੰਡ, ਉਤਰਾਖੰਡ, ਬਘੇਲਖੰਡ, ਰੁਹੇਲਖੰਡ ਵਰਗੇ ਨਾਂ ਇਸੇ 'ਤੇ ਆਧਾਰਤ ਹਨ। ਅਰਥਾਤ ਸੰਬੰਧਤ ਜਾਤੀ ਜਾਂ ਸਮੂਹ ਦਾ ਨਿਵਾਸ ਅਥਵਾ ਆਸਰਾ, ਬਸੇਰਾ। ਫ਼ਾਰਸੀ ਤੁਰਕੀ ਵਿੱਚ ਇਹਦਾ ਰੂਪ ਕੰਦ ਸ਼ਬਦ ਵਿੱਚ ਵਿਕਸਤ ਹੋਇਆ- ਸਮਰਕੰਦ, ਤਾਸ਼ਕੰਦ, ਯਾਰਕੰਦ ਆਦਿ ਵਿਚ।

# ਤਰਲ ਰੁੱਖ

ਇਹ ਜਾਣਦਿਆਂ ਕਿ ਉਨ੍ਹਾਂ ਨੂੰ ਸਾਫ਼-ਸੁਥਰੇ ਵਾਤਾਵਰਣ ਵਾਲੀ ਦਿੱਲੀ ਸਬੰਧਤ ਆਪਣੇ ਨਜ਼ਰੀਏ ਦਾ ਬਚਾਅ ਕਰਨਾ ਸੀ, ਡਾ. ਇਵਾਨ ਪੈਟਰੋਵਿਕ, ਮਾਇਆ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਲੋਕਾਂ ਨੂੰ ਤਰਲ ਰੁੱਖਾਂ ਦੇ ਠੋਸ ਲਾਭ ਦਿਖਾਉਣ ਲਈ ਰੈਲੀਆਂ ਤੇ ਜਨਤਕ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ। ਉਨ੍ਹਾਂ ਨੇ ਵਿਗਿਆਨਕ ਅੰਕੜੇ ਪੇਸ਼ ਕੀਤੇ, ਜੋ ਹਵਾ ਦੀ ਗੁਣਵੱਤਾ ਤੇ ਮਨੁੱਖੀ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਨੂੰ ਸਾਬਤ ਕਰਦੇ ਸਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਦਿੱਲੀ ਦੀ ਅਸਲ ਦੌਲਤ ਇਸਦੇ ਲੋਕਾਂ ਦੀ ਭਲਾਈ ਵਿੱਚ ਹੈ, ਨਾ ਕਿ ਸਿਰਫ ਆਰਥਿਕ ਖੁਸ਼ਹਾਲੀ ਵਿੱਚ।

ਦਿੱਲੀ ਵਿਖੇ ਤਰਲ ਰੁੱਖਾਂ ਦੇ ਸਬੰਧਤ ਸੰਘਰਸ਼ ਦੌਰਾਨ ਅਚਾਨਕ ਉਮੀਦ ਦੀ ਇੱਕ ਕਿਰਨ ਉਸ ਸਮੇਂ ਨਜ਼ਰ ਆਈ, ਜਦ ਸ਼ਹਿਰ ਦੇ ਕੁਝ ਸੁਲਝੇ ਹੋਏ ਪਤਵੰਤੇ ਵਾਸੀਆਂ ਨੇ ਸ਼ਹਿਰ ਦੀ ਧੜੇਬੰਦੀ ਦੇ ਖਾਤਮੇ ਲਈ ਤੇ ਦੋਨੋਂ ਧੜਿਆਂ ਵਿਚਕਾਰ ਸਮਝੌਤੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸ਼ਾਂਤੀਪੂਰਨ ਹੱਲ ਲੱਭਣ ਲਈ ਕੁਝ ਸੁਝਾਅ ਪੇਸ਼ ਕੀਤੇ। ਉਨ੍ਹਾਂ ਨੇ ਦੋਹਾਂ ਧਿਰਾਂ ਨਾਲ ਸਬੰਧਤ ਲੋਕਾਂ ਨੂੰ ਇੱਕ ਸਾਂਝੀ ਬੈਠਕ ਰਾਹੀਂ ਆਪਸੀ ਗੱਲਬਾਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਇਸ ਕਮਿਊਨਿਟੀ ਮੀਟਿੰਗ ਦੌਰਾਨ ਲੋਕਾਂ ਨੂੰ ਆਪਣੀਆਂ ਚਿੰਤਾਵਾਂ, ਡਰ ਅਤੇ ਉਮੀਦਾਂ ਨੂੰ ਖੁੱਲ੍ਹ ਕੇ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ ਤਾਂ ਜੋ ਹਰੇਕ ਸਮੂਹ ਦੇ ਦ੍ਰਿਸ਼ਟੀਕੋਣ ਦੀ ਸਹੀ ਸਮਝ ਆ ਸਕੇ।

ਇਸ ਮੀਟਿੰਗ ਦੌਰਾਨ ਮਾਇਆ ਅਤੇ ਡਾ. ਇਵਾਨ ਪੈਟਰੋਵਿਕ ਨੇ ਸਿਹਤਮੰਦ ਅਤੇ ਵਧੇਰੇ ਉੱਜਲੇ ਭਵਿੱਖ ਵਾਲੀ ਦਿੱਲੀ ਦੀ ਬਰਕਰਾਰੀ ਦੇ ਸਾਂਝੇ ਟੀਚੇ ਉੱਤੇ ਜ਼ੋਰ ਦਿੰਦੇ ਹੋਏ ਮੀਟਿੰਗ ਦੌਰਾਨ ਵਿਚਾਰ-ਵਟਾਂਦਰੇ ਨੂੰ ਸਹਿਜ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਤਰਲ ਰੁੱਖਾਂ ਦੇ ਲਾਭਾਂ ਅਤੇ ਆਰਥਿਕ ਚਿੰਤਾਵਾਂ ਬਾਰੇ ਵਿਚਾਰ ਸਾਂਝੇ ਕਰਦਿਆਂ ਸ਼ਹਿਰ ਦੇ ਕੁਦਰਤੀ ਵਾਤਾਵਰਣ ਦੀ ਸੁਰੱਖਿਆ ਦੀ ਲੋੜ ਨਾਲ ਸਬੰਧਤ ਵਿਗਿਆਨਕ ਸਬੂਤ ਪੇਸ਼ ਕੀਤੇ।

ਹੌਲੀ-ਹੌਲੀ ਮਾਹੌਲ ਬਦਲਣਾ ਸ਼ੁਰੂ ਹੋ ਗਿਆ। ਆਪਸੀ ਟਕਰਾਅ ਵਾਲੀਆਂ ਦੋਨੋਂ ਧਿਰਾਂ ਨੇ ਮਹਿਸੂਸ ਕੀਤਾ ਕਿ ਉਹ ਸਾਰੇ ਆਪਣੇ ਸ਼ਹਿਰ ਨੂੰ ਪਿਆਰ ਕਰਦੇ ਹਨ ਅਤੇ ਇਸ ਦੇ ਵਧੀਆ ਭਵਿੱਖ ਦੀ ਇੱਛਾ ਰੱਖਦੇ ਹਨ। ਆਪਸੀ ਗੱਲਬਾਤ ਨਾਲ ਉਨ੍ਹਾਂ ਮਹਿਸੂਸ ਕੀਤਾ ਕਿ ਸ਼ਹਿਰ ਅਤੇ ਇਸ ਦੇ ਵਾਸੀਆਂ ਦੇ ਭਲੇ ਲਈ ਮੌਜੂਦਾ ਮਸਲੇ ਦਾ ਸਾਂਝਾ ਹੱਲ ਲੱਭਣਾ ਜ਼ਰੂਰੀ ਹੈ।

ਨਗਰ ਨਿਰਮਾਣ ਨਿਗਮ ਨੇ ਤਰਲ ਰੁੱਖਾਂ ਲਈ ਜਨਤਕ ਸਮਰਥਨ ਦੀ ਤਾਕਤ ਅਤੇ ਸਥਾਈ ਹੱਲਾਂ ਦੀ ਆਰਥਿਕ ਸੰਭਾਵਨਾ ਨੂੰ ਸਵੀਕਾਰ ਕਰਦਿਆਂ ਆਪਣਾ ਨਜ਼ਰੀਆ ਬਦਲਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਅਜਿਹੇ ਸਮਝੌਤੇ ਲਈ ਹਾਮੀ ਭਰ ਦਿੱਤੀ, ਜਿਸ ਵਿੱਚ ਤਰਲ ਰੁੱਖਾਂ ਦੇ ਨਿਰੰਤਰ ਵਾਧੇ ਨੂੰ ਸ਼ਾਮਲ ਕੀਤਾ ਗਿਆ ਸੀ, ਪਰ ਸ਼ਹਿਰ ਦੇ ਆਰਥਿਕ ਵਿਕਾਸ ਤੇ ਨਿਰਮਾਣ ਕਾਰਜਾਂ ਦੇ ਨਾਲ ਨਾਲ ਹਰੇ-ਭਰੇ ਵਾਤਾਵਰਣ ਦੀ ਸਥਾਪਤੀ ਤੇ ਨਿਰੰਤਰਤਾ ਕਾਇਮ ਰੱਖਣ ਲਈ ਸੰਤੁਲਿਤ ਕਾਰਵਾਈਆਂ ਕਰਨ ਨੂੰ ਤਰਜ਼ੀਹ ਦੇਣ ਦਾ ਨਿਸ਼ਚਾ ਵੀ ਸ਼ਾਮਿਲ ਸੀ।

ਮਿਊਂਸੀਪਲ ਕੌਂਸਲ ਦੇ ਮੈਂਬਰ, ਜੋ ਕਿ ਸੰਘਰਸ਼ ਦੁਆਰਾ ਦੋ ਧੜਿਆਂ ਵਿੱਚ ਵੰਡੇ ਗਏ ਸਨ, ਨੇ ਇਸ ਸਮਝੌਤੇ 'ਤੇ ਆਧਾਰਿਤ ਇੱਕ ਵਿਆਪਕ ਯੋਜਨਾ ਦਾ ਖਰੜਾ ਤਿਆਰ ਕਰ ਲਿਆ, ਜੋ ਇੱਕ ਵਿਕਾਸਸ਼ੀਲ ਤੇ ਖੁਸ਼ਹਾਲ ਵਾਤਾਵਰਣ ਵਾਲੀ ਦਿੱਲੀ ਦੀ ਚਿਰ-ਸਥਾਈ ਕਾਇਮੀ ਦਾ ਆਧਾਰ ਬਨਣ ਦੇ ਸਮਰਥ ਸੀ। ਇਸ ਯੋਜਨਾ ਅਨੁਸਾਰ ਵਿਕਾਸ ਤੇ ਨਿਰਮਾਣ ਕਾਰਜਾਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸਖ਼ਤ ਨਿਯਮ ਬਣਾਏ ਗਏ ਸਨ। ਇਸ ਯੋਜਨਾ ਵਿੱਚ ਸਾਫ਼ ਹਵਾ ਅਤੇ ਹਰੇ-ਭਰੇ ਭਵਿੱਖ ਲਈ ਸ਼ਹਿਰ ਦੀ ਵਚਨਬੱਧਤਾ ਦੇ ਚਿੰਨ੍ਹ ਵਜੋਂ ਤਰਲ ਰੁੱਖਾਂ ਦੇ ਨਿਰੰਤਰ ਵਾਧੇ ਨੂੰ ਵੀ ਯਕੀਨੀ ਬਣਾਇਆ ਗਿਆ ਸੀ।

ਇਸ ਸਮਝੌਤੇ ਨਾਲ ਸ਼ਹਿਰਵਾਸੀਆਂ ਦਾ ਸੰਘਰਸ਼ ਸ਼ਾਂਤੀਪੂਰਵਕ ਖ਼ਤਮ ਹੋ ਗਿਆ। ਧੜੇਬੰਦੀ ਅਤੇ ਬਹਿਸ-ਮੁਬਾਹਸਿਆਂ ਤੋਂ ਅੱਕੇ-ਥੱਕੇ ਹੋਏ ਦਿੱਲੀ ਵਾਸੀਆਂ ਨੇ ਆਪਸੀ ਸਬੰਧਾਂ ਨੂੰ ਠੀਕ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੱਕ ਵਾਰ ਫਿਰ ਸੰਗਠਿਤ ਭਾਈਚਾਰੇ ਵਜੋਂ ਰਲ-ਮਲ ਕੇ ਰਹਿਣ ਲੱਗੇ।

ਤਰਲ ਰੁੱਖ, ਜੋ ਕਿ ਇਸ ਸਾਰੀ ਜੱਦੋ-ਜਹਿਦ ਦਾ ਕੇਂਦਰ ਸਨ, ਹੁਣ ਸ਼ਹਿਰ ਦੀਆਂ ਗਲੀਆਂ, ਪਾਰਕਾਂ ਅਤੇ ਛੱਤਾਂ ਉੱਤੇ ਵਧ ਫੁੱਲ ਰਹੇ ਸਨ। ਹੁਣ ਤਾਂ ਉਹ ਮੁਸੀਬਤ ਦੇ ਸਮੇਂ ਸੰਵਾਦ, ਸਮਝੌਤਾ ਅਤੇ ਏਕਤਾ ਦੀ ਸ਼ਕਤੀ ਦਾ ਚਿੰਨ੍ਹ ਬਣ ਚੁੱਕੇ ਸਨ। ਡਾ. ਇਵਾਨ ਪੈਟਰੋਵਿਕ, ਮਾਇਆ ਅਤੇ ਹਰਿਆਵਲ ਦਸਤੇ ਦੀ ਅਣਥੱਕ ਮਿਹਨਤ ਰੰਗ ਲਿਆਈ ਸੀ ਤੇ ਉਹ ਸ਼ਹਿਰ ਵਾਸੀਆਂ ਵਿੱਚ ਹਰਮਨ ਪਿਆਰੇ ਹੀਰੋ ਬਣ ਗਏ। ਉਨ੍ਹਾਂ ਦੇ ਦ੍ਰਿਸ਼ਟੀਕੋਣ ਨੇ ਨਾ ਸਿਰਫ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾ ਦਿੱਤਾ, ਬਲਕਿ ਮਨੁੱਖਤਾ ਅਤੇ ਕੁਦਰਤ ਦੇ ਵਿਚਕਾਰ ਸਬੰਧ ਨੂੰ ਵੀ ਮੁੜ-ਸੁਰਜੀਤ ਕਰ ਦਿੱਤਾ ਸੀ।

ਕਈ ਸਾਲ ਬੀਤ ਗਏ। ਦਿੱਲੀ ਹੁਣ ਇੱਕ ਅਜਿਹੇ ਸ਼ਹਿਰ ਵਿੱਚ ਬਦਲ ਗਿਆ ਸੀ, ਜਿੱਥੇ ਕੁਦਰਤ ਅਤੇ ਕੰਕਰੀਟ ਦਾ ਸੁਮੇਲ ਮੌਜੂਦ ਸੀ। ਹਵਾ ਸਾਫ਼ ਹੋ ਗਈ ਸੀ ਅਤੇ ਇਸ ਦੇ ਨਿਵਾਸੀਆਂ ਦੀ ਸਿਹਤ ਵਿੱਚ ਸੁਧਾਰ ਹੋਇਆ ਸੀ। ਕਿਸੇ ਸਮੇਂ ਨਜ਼ਰ ਆਉਂਦੇ ਸਲੇਟੀ ਜਾਂ ਪੀਲਾ-ਭੂਰੇ ਧੂੰਏ ਵਾਲੇ ਚੌਗਿਰਦੇ ਦੀ ਥਾਂ ਹੁਣ ਸਭ ਪਾਸੇ ਛੱਤਾਂ ਉੱਪਰ ਮੌਜੂਦ ਹਰੇ-ਭਰੇ ਬਗੀਚਿਆਂ, ਉੱਚੀਆਂ ਇਮਾਰਤਾਂ ਤੋਂ ਹੇਠਾਂ ਵੱਲ ਲਟਕ ਰਹੀਆਂ ਰੰਗ-ਬਿਰੰਗੇ ਫੁੱਲਾਂ ਨਾਲ ਲੱਦੀਆਂ ਵੇਲਾਂ ਤੇ ਮੌਸਮਾਂ ਵਾਂਗ ਰੰਗ ਬਦਲਦੇ ਤਰਲ-ਰੁੱਖਾਂ ਦਾ ਖੂਬਸੂਰਤ ਨਜ਼ਾਰਾ ਮੌਜੂਦ ਸੀ।

ਸ਼ਹਿਰ ਵਿੱਚ ਹਰਿਆਲੀ ਨੂੰ ਵਾਪਸ ਲਿਆਉਣ ਦਾ ਮਾਇਆ ਦਾ ਸੁਪਨਾ ਇੱਕ ਹਕੀਕਤ ਬਣ ਚੁੱਕਾ ਸੀ ਅਤੇ ਦਿੱਲੀ ਦੇ ਲੋਕ ਉਸ ਦੇ ਦ੍ਰਿੜ ਇਰਾਦੇ ਤੇ ਦ੍ਰਿਸ਼ਟੀ ਲਈ ਧੰਨਵਾਦੀ ਸਨ। ਉਹ ਜਾਣ ਚੁੱਕੇ ਸਨ ਕਿ ਕੰਕਰੀਟ ਦੇ ਜੰਗਲ ਵਿੱਚ ਵੀ, ਕੁਦਰਤ ਦੇ ਪ੍ਰਫੁੱਲਤ ਹੋਣ ਦਾ ਰਸਤਾ ਸੰਭਵ ਸੀ।

# ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

-ਸੰਤ ਸੰਧੂ

**ਤਾਨਾਸ਼ਾਹੀ:** ਛੜਾ ਜੇਠ ਬੱਕਰੀਆਂ ਚਾਰੇ, ਖੇਤ ਨੂੰ ਨਾ ਜਾਈਂ ਗੋਰੀਏ।
**ਪੰਨੂੰ, ਰਿੰਕੂ, ਕੇ.ਪੀ.:** ਵਿਆਹ ਕਰਵਾਉਣ ਦੀਆਂ, ਛੜੇ ਬੈਠ ਕੇ ਦਲੀਲਾਂ ਕਰਦੇ।
**ਦਲ ਬਦਲੀ:** ਮਰ ਜਾਏਂ ਭਾਣਜੀਏ, ਤੇਰਾ ਮਾਮੇ ਨਾਲ ਯਾਰਾਨਾ।
**ਪੱਛਮੀ ਪੰਜਾਬ:** ਇੱਕ ਵਾਰ ਮੇਲ ਵੇ ਰੱਬਾ, ਕਿਤੇ ਵਿਛੜੇ ਨਾ ਮਰ ਜਾਈਏ।
**ਸੁਰਜੀਤ ਪਾਤਰ:** ਮਿੱਤਰਾਂ ਨੂੰ ਯਾਦ ਕਰਾਂ, ਹਰ ਚਰਖੇ ਦੇ ਗੇੜੇ।
**ਮੋਤਾ ਸਿੰਘ ਸਰਾਏ:** ਕਦੀ ਪਾ ਵਤਨਾਂ ਵੱਲ ਫੇਰਾ, ਝਾਕਦੀ ਦੀ ਅੱਖ ਪੱਕ ਗਈ।
**ਪਰਵਾਸੀ:** ਅਜੇ ਆਇਆ ਨਾ ਢੋਲ ਸਿਪਾਹੀ, ਬੇਰੀਆਂ ਨੂੰ ਬੂਰ ਪੈ ਗਿਆ।
**ਲੋਕ ਰਾਜ:** ਸੁਫਨੇ 'ਚ ਪੈਣ ਜੱਫੀਆਂ, ਅੱਖ ਖੁੱਲ੍ਹੀ ਤਾਂ ਨਜ਼ਰ ਨਾ ਆਇਆ
**ਕੇਜਰੀਵਾਲ:** ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ, ਛੁੱਟੀ ਲੈ ਕੇ ਆ ਜਾ ਵੈਰੀਆ।
**ਕੰਗਣਾ ਰਣੌਤ:** ਪੱਲਾ ਮਾਰ ਕੇ ਬੁਝਾ ਗਈ ਦੀਵਾ, ਅੱਖ ਨਾਲ ਗੱਲ ਕਰ ਗਈ।
**ਸਿਮਰਤੀ ਇਰਾਨੀ:** ਹੱਸਦੇ ਨੇ ਫੁੱਲ ਮੰਗਿਆ, ਸਾਰਾ ਬਾਗ ਹਵਾਲੇ ਕੀਤਾ।
**ਅਗਨੀਵੀਰ ਯੋਜਨਾ:** ਸੁਰਮਾ ਤਿੰਨ ਰੱਤੀਆਂ, ਡਾਕ ਗੱਡੀ ਵਿੱਚ ਆਇਆ।
**ਲੋਕ ਸਭਾ ਚੋਣਾਂ:** ਚੀਕ ਇੰਜਣ ਨੇ ਮਾਰੀ, ਟੇਸ਼ਣ 'ਤੇ ਗੱਡੀ ਆ ਗਈ।
**ਭ੍ਰਿਸ਼ਟਾਚਾਰ:** ਰਾਤ ਗੁਜ਼ਰ ਗਈ ਸਾਰੀ, ਦਾਰੂ ਪੀਂਦਿਆਂ ਨੂੰ।
**ਆਈਲੈਟਸ:** ਤੇਰੇ ਲੇਖ ਜਾਣਗੇ ਨਾਲੇ, ਨਾ ਜਾਈਂ ਬਰਮ੍ਹੇ ਨੂੰ।
**ਖਾਲਿਸਤਾਨ:** ਕਹਿਣਾ ਮੰਨ ਲੈ ਤੇ ਹੋ ਜਾ ਵੱਖਰਾ, ਬਹੁਤਿਆਂ ਭਰਾਵਾਂ ਵਾਲਿਆ।
**ਸੁਖਬੀਰ ਬਾਦਲ:** ਅੱਗੇ ਤਾਂ ਟੱਪਦਾ ਸੀ ਨੌਂ-ਨੌਂ ਕੋਠੇ, ਹੁਣ ਨਹੀਂ ਟੱਪਦੀਆਂ ਖਾਈਆਂ।
**ਭਾਜਪਾ ਸਰਕਾਰ:** ਧਰਤੀ ਖੇੜਿਆਂ ਦੀ, ਹੀਰ ਨੂੰ ਵੱਢ-ਵੱਢ ਖਾਂਦੀ।
**ਭਗਵੰਤ ਮਾਨ:** ਮੇਰੇ ਚੰਦਰੇ ਜੇਠ ਦੇ ਛੋਲੇ, ਕਦੇ ਨਾ ਕਿਹਾ ਸਾਗ ਤੋੜ ਲੈ।
**ਹੰਸ ਰਾਜ ਹੰਸ:** ਤੇਰਾ ਡਿੱਗਿਆ ਰੁਮਾਲ ਫੜਾਵਾਂ, ਤੂੰ ਕਿਹੜਾ ਲਾਟ ਦਾ ਬੱਚਾ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਉਧਰ ਦਿਲਬਾਗ ਦਾ ਜੇਲ੍ਹ ਵਿੱਚ ਜਿਉਂ ਜਿਉਂ ਵੱਧ ਸਮਾਂ ਬੀਤ ਰਿਹਾ ਸੀ, ਉਸ ਨੂੰ ਤਰ੍ਹਾਂ ਤਰ੍ਹਾਂ ਦੇ ਮੁਜ਼ਰਮਾਂ/ਸਿਆਸੀ ਕੈਦੀਆਂ ਨੂੰ ਮਿਲਣ ਦਾ ਮੌਕਾ ਮਿਲ ਰਿਹਾ ਸੀ। ਜੇਬਕਤਰਿਆਂ ਤੋਂ ਲੈ ਕੇ ਪ੍ਰੋਫੈਸ਼ਨਲ ਕਾਤਲਾਂ ਤੱਕ। ਉਹਨੂੰ ਜ਼ੁਰਮਾਂ ਦੀਆਂ ਕਿਸਮਾਂ ਦੀ ਵੀ ਵਧੇਰੇ ਸਮਝ ਆਉਣ ਲੱਗੀ। ਜੇਲ੍ਹ ਅਫਸਰਾਂ/ਵਾਰਡਨਾਂ ਦਾ ਵਰਤਾਵ ਵੀ ਉਹਦੀ ਸਮਝ ਵਿੱਚ ਆਉਣ ਲੱਗਾ। ਦਿਲਬਾਗ ਦੀ ਮਾਂ, ਭੈਣ, ਅਤੇ ਵੀਰਦੀਪ ਤਕਰੀਬਨ ਹਰ ਹਫਤੇ ਉਹਦੀ ਮੁਲਾਕਾਤ ਨੂੰ ਆਉਂਦੇ। 'ਇਹ ਵੀ ਸਾਲਾ ਇੱਕ ਕਾਲਜ ਈ ਆ, ਕਾਲਜ ਕਿਉਂ ਇਹ ਤਾਂ ਯੂਨੀਵਰਸਿਟੀ ਲਗਦੀ। ਬਿਨਾ ਪੜ੍ਹਾਏ, ਬਿਨਾ ਅਧਿਆਪਕਾਂ ਦੇ ਹੀ ਬੰਦਾ ਬਹੁਤ ਕੁਝ ਸਿੱਖੀ ਜਾਂਦਾ।' ਦਿਲਬਾਗ ਸੋਚਦਾ।

'ਬਾਹਰ ਸਾਲਾ ਸੁਧਾਰ ਘਰ ਲਿਖਿਆ, ਅੰਦਰ ਜ਼ੁਰਮਾਂ ਦੀ ਸਿੱਖਿਆ ਮਿਲੀ ਜਾਂਦੀ। ਫਲਾਣਾ ਜ਼ੁਰਮ ਕਿਵੇਂ ਕਰਨਾ, ਕਿਵੇਂ ਬਚਣਾ, ਸਰਕਾਰ ਦੇ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਕਿਵੇਂ ਪਾਉਣਾ। ਇੰਨੀ ਸਿੱਖਿਆ ਦੇ ਬਾਵਜੂਦ ਇਹ ਲੋਕ ਕਾਨੂੰਨ ਦੇ ਜਾਲ਼ ਵਿੱਚ ਫਸ ਜਾਂਦੇ।' ਹਰ ਘਟਨਾ/ਵਰਤਾਰੇ ਨੂੰ ਸ਼ੁਗਲ ਮੇਲਾ ਸਮਝਣ ਵਾਲਾ ਦਿਲਬਾਗ ਸਿੰਘ ਹੁਣ ਚੀਜ਼ਾਂ ਬਾਰੇ ਗੰਭੀਰਤਾ ਨਾਲ ਸੋਚਣ ਲੱਗਾ ਸੀ। ਇਹ ਸ਼ਾਇਦ ਰਾਜਨੀਤੀ ਵਿਗਿਆਨ ਦੀ ਐਮ.ਏ. ਵਿੱਚ ਕੀਤੀ ਪੜ੍ਹਾਈ ਦਾ ਅਸਰ ਹੋਵੇ। ਜੇਲ੍ਹ ਵਿੱਚ ਉਸ ਨੂੰ ਇੱਕ ਬਜ਼ੁਰਗ ਮਿਲਿਆ ਜੋ ਪਿਛਲੇ 22 ਸਾਲ ਤੋਂ ਜੇਲ੍ਹ ਵਿੱਚ ਬੰਦ ਸੀ। ਪੰਜਾਬ ਵਿੱਚ ਚੱਲੀ ਖਾੜਕੂ ਸਿੱਖ ਲਹਿਰ ਵਿੱਚ ਇੱਕ ਕਤਲ ਦੇ ਕੇਸ ਵਿੱਚ ਜਦੋਂ ਉਹ ਜੇਲ੍ਹ ਪੁੱਜਾ 35 ਕੁ ਸਾਲਾਂ ਦੀ ਸੀ। ਕਾਲੀ ਸ਼ਾਹ ਦਾਹੜੀ ਤੇ ਭਰਵਾਂ ਜੁੱਸਾ। ਸਰੀਰ ਤਾਂ ਭਾਵੇਂ ਉਸ ਦਾ ਹਾਲੇ ਵੀ ਉਹੋ ਜਿਹਾ ਹੀ ਸੀ, ਪਰ ਦਾਹੜੀ ਪੂਰੀ ਤਰ੍ਹਾਂ ਸਫੈਦ ਹੋ ਗਈ ਸੀ। ਉਸ ਦੇ ਦੋ ਬੱਚੇ ਅਤੇ ਪਤਨੀ ਪੁਲਿਸ ਦੇ ਰੋਜ਼ ਦੇ ਫੇਰਿਆਂ ਤੋਂ ਤੰਗ ਆਣ ਕੇ ਜ਼ਮੀਨ ਵੇਚ ਕੇ ਅਮਰੀਕਾ ਜਾ ਵੱਸੇ ਸਨ। ਡੰਗਰ-ਵੱਛਾ ਵਿਕ ਗਿਆ ਸੀ ਅਤੇ ਘਰ ਨੂੰ ਜਿੰਦਾ ਲੱਗਾ ਹੋਇਆ ਸੀ। ਉਸ ਬੰਦੇ ਨੇ ਜ਼ਬਾਨੀ ਕਲਾਮੀ ਪਿਛਲੇ ਪੰਜਾਹ ਕੁ ਸਾਲਾ ਦਾ ਪੰਜਾਬ/ਸਿੱਖਾਂ ਦਾ ਇਤਿਹਾਸ ਦਿਲਬਾਗ ਨੂੰ ਸੁਣਾਇਆ। ਦਿਲਬਾਗ ਤਕਰੀਬਨ ਰੋਜ਼ ਉਸ ਦੀ ਹਾਜ਼ਰੀ ਭਰਨ ਲੱਗਾ। ਪੰਜਾਬ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਜਾਂਦੇ ਰਹੇ ਵਿਤਕਰਿਆਂ ਦੀ ਇਹ ਲੰਮੀ ਕਹਾਣੀ ਸੁਣਦਿਆਂ ਦਿਲਬਾਗ ਨੂੰ ਫੁੱਟਬਾਲ ਦੀ ਖੇਡ ਵਿੱਚ ਆਪਣੇ ਨਾਲ ਹੋਈ ਬੇਇਨਸਾਫੀ ਵੀ ਸਮਝ ਆਉਣ ਲੱਗੀ। ਨਾਲ ਹੀ ਉਸ ਨੂੰ ਇਹ ਵੀ ਸਮਝ ਆਇਆ ਕਿ ਸਾਡੇ ਪੁਰਖੇ ਕੁਝ ਆਪਣੀਆਂ ਕਮੀਆਂ ਕਰਕੇ ਵੀ ਹਾਰਦੇ ਰਹੇ ਹਨ। ਇਨ੍ਹਾਂ ਗੱਲਾਂਬਾਤਾਂ ਵਿੱਚ ਉਸਨੂੰ ਆਪਣੇ ਸੁਭਾਅ ਦੀਆਂ ਕਮੀਆਂ ਦਾ ਵੀ ਅਹਿਸਾਸ ਹੋਣ ਲੱਗਾ। ਇਹ ਉਹੋ ਕਮੀਆਂ ਸਨ, ਜਿਨ੍ਹਾਂ ਕਰਕੇ ਪੰਜਾਬ ਦੇ ਲੋਕ ਜੰਗਾਂ ਜਿੱਤ ਕੇ ਵੀ ਸਿਆਸੀ ਲੜਾਈ ਹਾਰ ਜਾਂਦੇ ਰਹੇ ਸਨ। ਉਸ ਨੂੰ ਲੱਗਣ ਲੱਗਾ ਕਿ ਇਹ ਕਮੀਆਂ ਸਾਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿੱਚ ਮਿਲੀਆਂ ਹਨ। ਇਸ ਤਰ੍ਹਾਂ ਹੌਲੀ ਹੌਲੀ ਉਸ ਨੇ ਆਪਣੇ ਸੁਭਾਅ ਵਿੱਚ ਮੌਜੂਦ, ਜਲਦਬਾਜ਼ੀ, ਜਜ਼ਬਾਤੀਪੁਣਾ ਅਤੇ ਗੁੱਸੇ ਨੂੰ ਕਾਬੂ ਕਰਨ ਲਈ ਕੰਮ ਕਰਨਾ ਸ਼ੁਰੂ ਕੀਤਾ। ਇਸ ਵਾਸਤੇ ਉਹਨੇ ਵੀਰਦੀਪ ਨੂੰ ਆਖ ਕੇ ਕੁਝ ਮਨੋਵਿਗਿਆਨ ਦੀਆਂ ਕਿਤਾਬਾਂ ਵੀ ਮੰਗਵਾਈਆਂ।

'ਇਹ ਕੀ ਪੜ੍ਹਨ ਲੱਗ ਪਿਆਂ ਤੂੰ' ਵੀਰਦੀਪ ਪੁੱਛਣ ਲੱਗਾ।

'ਕੁਸ਼ ਨੀ, ਬਸ ਆਪਣੇ ਆਪ ਨੂੰ ਸਮਝਣ ਲਈ ਇਹ ਕਿਤਾਬਾਂ ਜ਼ਰੂਰੀ ਲੱਗੀਆਂ' ਦਿਲਬਾਗ ਨੇ ਜੁਆਬ ਦਿੱਤਾ।

'ਦਿਲਬਾਗ ਸਿਆਂ ਤੂੰ ਵੀ ਹੁਣ ਪੜ੍ਹਾਕੂ ਹੋ ਚੱਲਿਆਂ' ਵੀਰਦੀਪ ਨੇ ਵਿਅੰਗ ਕੀਤਾ।

'ਬਸ ਲੋੜ ਅਨੁਸਾਰ ਹੀ ਪੜ੍ਹਦਾਂ, ਕਿਤਾਬੀ ਕੀੜਾ ਬਣਨ ਲਈ ਨਹੀਂ' ਦਿਲਬਾਗ ਨੇ ਸਹਿਜ ਸੁਭਾਅ ਜੁਆਬ ਦਿੱਤਾ। ਫਿਰ ਉਨ੍ਹਾਂ ਨੇ ਕੇਸ ਅਤੇ ਜ਼ਮਾਨਤ ਬਾਰੇ ਕੁਝ ਗੱਲਬਾਤ ਕੀਤੀ ਅਤੇ ਜਦ ਨੂੰ ਮੁਲਾਕਾਤ ਦਾ ਸਮਾਂ ਖਤਮ ਹੋ ਗਿਆ। ਅੱਜ ਮੁਲਾਕਾਤ ਤੋਂ ਵਾਪਸ ਪਰਤਦਿਆਂ ਵੀਰਦੀਪ ਦਿਲਬਾਗ ਨੂੰ ਆਪਣੇ ਹੋਰ ਨੇੜੇ ਜਾਪਣ ਲੱਗਾ ਸੀ। ਉਸ ਨੂੰ ਲੱਗਣ ਲੱਗਾ ਕਿ ਹੁਣ ਇਹ ਲੀਹ ਉੱਪਰ ਆ ਰਿਹਾ ਹੈ।

—

ਦਿਲਬਾਗ ਨੂੰ ਜ਼ਮਾਨਤ 'ਤੇ ਜੇਲ੍ਹ ਵਿੱਚੋਂ ਬਾਹਰ ਆਉਂਦਿਆਂ ਸਾਲ ਕੁ ਦਾ ਸਮਾਂ ਲੱਗ ਗਿਆ। ਇੰਜ ਪੜ੍ਹਾਈ ਵੱਲੋਂ ਉਸ ਦਾ ਸਾਲ ਮਾਰਿਆ ਗਿਆ। ਵੀਰਦੀਪ ਨੇ ਉਸ ਨੂੰ ਐਮ.ਏ. ਕੰਪਲੀਟ ਕਰਨ ਦੀ ਸਲਾਹ ਦਿੱਤੀ, ਪਰ ਦਿਲਬਾਗ ਹੁਣ ਦੁਬਾਰਾ ਉਸੇ ਕਾਲਜ ਜਾਣ ਦਾ ਇਛੁੱਕ ਨਹੀਂ ਸੀ। ਇੱਕ ਤਾਂ ਉਂਝ ਹੀ ਉਹ ਸ਼ਰਮ ਮੰਨਦਾ ਸੀ, ਦੂਜਾ ਵੀਰਦੀਪ ਦੇ ਜਾਣ ਤੋਂ ਬਾਅਦ ਉਥੇ ਉਸ ਨੇ ਇਕੱਲਾ ਰਹਿ ਜਾਣਾ ਸੀ ਅਤੇ ਕਾਲਜੀਏਟ ਸਿਆਸਤ ਵਿੱਚ ਵਿਰੋਧੀ ਗਰੁੱਪ ਦੇ ਭਾਰੂ ਹੋ ਜਾਣ ਦੇ ਆਸਾਰ ਸਨ। ਇਸ ਹਾਲਤ ਵਿੱਚ ਦਿਲਬਾਗ ਦਾ ਉਥੇ ਰੈਗੂਲਰ ਵਿਦਿਆਰਥੀ ਵਜੋਂ ਪੜ੍ਹਨ ਦਾ ਮਾਹੌਲ ਨਹੀਂ ਸੀ ਰਹਿ ਜਾਣਾ। ਇਸ ਦੇ ਨਾਲ ਹੀ ਹੁਣ ਉਹ ਨਿੱਕੇ ਮੋਟੇ ਝਗੜਿਆਂ ਵਿੱਚ ਪੈਣਾ ਨਹੀਂ ਸੀ ਚਾਹੁੰਦਾ। ਜਿਨ੍ਹਾਂ ਮੁੰਡਿਆਂ ਨੇ ਦਿਲਬਾਗ ਹੋਰਾਂ ਵੱਲੋਂ ਗੋਲੀ ਚਲਾਈ ਸੀ, ਆਖਿਰ ਪੁਲਿਸ ਨੇ ਉਨ੍ਹਾਂ ਦੀ ਪਹਿਚਾਣ ਕਰ ਲਈ। ਕਾਲਜ ਵਿੱਚੋਂ ਹੀ ਕਿਸੇ ਨੇ ਮੁਖਬਰੀ ਕਰ ਦਿੱਤੀ ਸੀ ਤੇ ਪੁਲਿਸ ਨੇ ਉਨ੍ਹਾਂ ਦੇ ਘਰਾਂ 'ਤੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਦਿਲਬਾਗ ਨੇ ਉਨ੍ਹਾਂ ਨੂੰ ਪੁਲਿਸ ਕੋਲ ਪੇਸ਼ ਹੋਣ ਤੋਂ ਮਨ੍ਹਾਂ ਕਰ ਦਿੱਤਾ। ਪੁਲਿਸ ਨੇ ਉਨ੍ਹਾਂ ਦੇ ਘਰਾਂ ਦੇ ਕਈ ਜੀਅ ਚੁੱਕ ਲਏ, ਪਰ ਜਦੋਂ ਅਖਬਾਰਾਂ ਵਿੱਚ ਰੌਲਾ ਰੱਪਾ ਪਿਆ ਅਤੇ ਪਿੰਡਾਂ ਦੇ ਮੋਹਤਬਰਾਂ ਨੇ ਪੁਲਿਸ ਕੋਲ ਪਹੁੰਚ ਕੀਤੀ। ਕੁਝ ਦਿਨਾਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਛੱਡ ਦਿੱਤਾ। ਉਦੋਂ ਦਿਲਬਾਗ ਹਾਲੇ ਅੰਦਰ ਹੀ ਸੀ। ਦਿਲਬਾਗ ਬਾਹਰ ਆਇਆ ਤਾਂ ਉਹ ਮਿੱਥੇ ਟਿਕਾਣੇ 'ਤੇ ਮੁੰਡਿਆਂ ਨੂੰ ਮਿਲਿਆ। ਦੋਵੇਂ ਮੁੰਡੇ ਚੜ੍ਹਦੀ ਕਲਾ ਵਿੱਚ ਸਨ। ਕਾਲਜ ਵੱਲੋਂ ਖੇਡਣ ਵਾਲੀ ਕਬੱਡੀ ਟੀਮ ਦੇ ਉਹ ਮੈਂਬਰ ਰਹੇ ਸਨ। ਖਰਚੇ ਵੱਲੋਂ ਮੁੰਡਿਆਂ ਦਾ ਹੱਥ ਤੰਗ ਹੋਇਆ ਪਿਆ ਸੀ। ਪੈਸੇ ਦੀ ਤੰਗੀ ਹੱਲ ਕਰਨ ਲਈ ਉਨ੍ਹਾਂ ਆਪਣੇ ਇਲਾਕੇ ਦੇ ਇੱਕ ਕਸਬੇ ਦੀ ਬੈਂਕ ਲੁੱਟਣ ਦੀ ਯੋਜਨਾ ਬਣਾਈ। ਕੁਝ ਦਿਨ ਉਹ ਸੰਬੰਧਤ ਬੈਂਕ ਦੀ ਰੈਕੀ ਕਰਦੇ ਰਹੇ। ਉਨ੍ਹਾਂ ਦੁਪਹਿਰ ਇੱਕ ਵਜੇ ਦੇ ਕਰੀਬ ਬੈਂਕ ਵਿੱਚ ਡਾਕਾ ਮਾਰਨ ਦਾ ਮਤਾ ਪਕਾਇਆ। ਇਸ ਮੌਕੇ ਬੈਂਕ ਵਿੱਚ ਤਕੜੀ ਰਕਮ ਇਕੱਠੀ ਹੋ ਜਾਂਦੀ ਸੀ। ਇਸ ਕਾਰਜ ਲਈ ਉਨ੍ਹਾਂ ਨੇ ਅਗਲੇ ਵੀਰਵਾਰ ਦਾ ਦਿਨ ਮਿੱਥਿਆ। ਇੱਕ ਫਰਜ਼ੀ ਨੰਬਰ ਵਾਲੀ ਫੀਗੋ ਗੱਡੀ ਵਿੱਚ ਉਹ ਬੈਂਕ ਪਹੁੰਚੇ। ਉਨ੍ਹਾਂ ਨੇ ਇੱਕ ਹੋਰ ਹਥਿਆਰ ਦਾ




ਇੰਤਜ਼ਾਮ ਕਰ ਲਿਆ ਸੀ। ਸਭ ਤੋਂ ਪਹਿਲਾਂ ਉਨ੍ਹਾਂ ਬੈਂਕ ਦੇ ਗੰਨਮੈਨ ਨੂੰ ਦਬੋਚਿਆ। ਤਿੰਨੋਂ ਮੁੰਡੇ ਛਵੀਆਂ ਵਰਗੇ ਸਨ ਤੇ ਗੰਨਮੈਨ ਦਰਮਿਆਨੇ ਕੱਦ ਦਾ ਢਿੱਡਲ ਜਿਹਾ ਬੰਦਾ ਸੀ। ਦੋਨੋ ਛੋਟੇ ਮੁੰਡੇ ਜਦੋਂ ਗੰਨਮੈਨ ਨਾਲ ਉਲਝੇ ਹੋਏ ਸਨ ਤਾਂ ਕੈਸ਼ੀਅਰ ਨੇ ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰਨ ਦਾ ਯਤਨ ਕੀਤਾ। ਦਿਲਬਾਗ ਨੇ ਬੂਹੇ ਵਿੱਚ ਆਪਣੀ ਬਾਂਹ ਦੇ ਦਿੱਤੀ ਅਤੇ ਕੈਸ਼ੀਅਰ ਨੂੰ ਬਾਹਰ ਖਿੱਚ ਲਿਆ।

'ਜੇ ਬਹੁਤੀ ਹੁਸ਼ਿਆਰੀ ਕੀਤੀ ਤਾਂ ਤੁਹਾਡੇ ਖੋਪਰ ਉਡਾ ਦਿਆਂਗੇ।' ਉਹਦੀ ਗਰਜ ਨਾਲ ਬੈਂਕ ਦੀ ਪੂਰੀ ਬਿਲਡਿੰਗ ਗੂੰਜੀ। ਉਨ੍ਹਾਂ ਸਣੇ ਬੈਂਕ ਵਿੱਚ ਆਏ ਕਸਟਮਰਾਂ ਦੇ, ਸਾਰਿਆਂ ਨੂੰ ਘੇਰ ਕੇ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ। ਸਾਰਿਆਂ ਦੇ ਮੋਬਾਈਲ ਫੋਨ ਲੈ ਲਏ। ਲੈਂਡਲਾਈਨ ਫੋਨ ਤੇ ਅਲਾਰਮ ਦੀਆਂ ਤਾਰਾਂ ਉਨ੍ਹਾਂ ਪਹਿਲਾਂ ਹੀ ਕੱਟ ਦਿੱਤੀਆਂ ਸਨ। ਗੰਨਮੈਨ ਵੀ ਉਸੇ ਕਮਰੇ ਵਿੱਚ ਤਾੜ ਦਿੱਤਾ ਗਿਆ, ਜਿਸ ਵਿੱਚ ਬਾਕੀ ਬੰਦ ਸਨ। ਦਿਲਬਾਗ ਨੇ ਆਖਰੀ ਗੱਲ ਕਹੀ, 'ਕਿਸੇ ਨੇ ਵੀ ਪੁਲਿਸ ਨੂੰ ਸੂਚਨਾ ਦੇਣ ਦਾ ਯਤਨ ਕੀਤਾ, ਤੁਹਾਡੇ ਪਰਿਵਾਰ ਥੋਨੂੰ ਸਦਾ ਲਈ ਉਡੀਕਦੇ ਰਹਿ ਜਾਣਗੇ।' ਦਿਲਬਾਗ ਨੇ ਭਰਵੀਂ ਆਵਾਜ਼ ਵਿੱਚ ਇਹ ਲਫਜ਼ ਕਹੇ। ਬੈਂਕ ਵਿੱਚ ਸੁੰਨ ਪਸਰ ਗਈ। ਉਨ੍ਹਾਂ ਅਖੀਰ ਕੈਸ਼ੀਅਰ ਨੂੰ ਬਾਹਰ ਕੱਢਿਆ ਤੇ ਕੈਸ਼ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ। ਦੋਨੋਂ ਛੋਟੇ ਮੁੰਡੇ ਆਸੇ-ਪਾਸੇ ਨਿਗਾਹ ਰੱਖ ਰਹੇ ਸਨ ਤੇ ਦਿਲਬਾਗ ਬਾਕੀ ਕਾਰਵਾਈ ਨੂੰ ਅੰਜਾਮ ਦੇ ਰਿਹਾ ਸੀ। ਜਾਂਦੇ ਹੋਏ ਉਹ ਟੇਢੇ-ਮੇਢੇ ਰਾਹਾਂ ਤੋਂ ਕਸਬੇ ਤੋਂ ਬਾਹਰ ਨਿਕਲੇ ਅਤੇ ਪਿੰਡਾਂ ਵੱਲ ਜਾਂਦੇ ਕੱਚੇ ਰਾਹਾਂ 'ਤੇ ਅਲੋਪ ਹੋ ਗਏ। ਇਸ ਡਾਕੇ ਵਿੱਚ ਚਾਲੀ ਲੱਖ ਰੁਪਏ ਉਨ੍ਹਾਂ ਦੇ ਹੱਥ ਲੱਗੇ। ਇਸ ਪੈਸੇ ਨਾਲ ਉਨ੍ਹਾਂ ਨੇ ਦਿਖਾਵੇ ਲਈ ਆਪਣੇ ਛੋਟੇ-ਛੋਟੇ ਕੰਮ ਖੋਲ੍ਹ ਲਏ ਸਨ। ਫਰਜ਼ੀ ਰਿਹਾਇਸ਼ੀ ਡਾਕੂਮੈਂਟ ਬਣਾ ਲਏ। ਕੁਝ ਹੋਰ ਹਥਿਆਰ ਉਨ੍ਹਾਂ ਖਰੀਦੇ।

ਦਿਲਬਾਗ ਜੇਲ੍ਹ ਅੰਦਰੋਂ ਕਿਸੇ ਹੋਰ ਪਾਸੇ ਤੁਰਨ ਦੀ ਯੋਜਨਾ ਬਣਾ ਕੇ ਆਇਆ ਸੀ, ਪਰ ਹਾਲਾਤ ਉਨ੍ਹਾਂ ਨੂੰ ਕਿਸੇ ਹੋਰ ਪਾਸੇ ਲੈ ਤੁਰੇ ਸਨ।

ਡਾਕੇ ਤੋਂ ਬਾਅਦ ਪੁਲਿਸ ਨੇ ਦਿਲਬਾਗ ਦੇ ਘਰ ਛਾਪਾ ਮਾਰਿਆ। ਘਰੇ ਮਾਂ ਇਕੱਲੀ ਸੀ ਜਾਂ ਫਿਰ ਨੌਕਰ। ਪੁਲਿਸ ਦਿਲਬਾਗ ਦੀ ਮਾਂ ਨਾਲ ਬੇਹੱਦ ਬਦਤਮੀਜ਼ੀ ਨਾਲ ਪੇਸ਼ ਆਈ, ਮਾਤਾ ਨੂੰ ਥਾਣੇ ਲੈ ਗਏ। ਮਾਤਾ ਬਹੁਤਾ ਡਰੀ ਨਹੀਂ ਸੀ, ਉਹਨੇ ਆਪਣੇ ਘਰਵਾਲੇ ਸਮੇਂ ਵੀ ਇਹ ਕੁਝ ਵੇਖਿਆ ਸੀ। ਪਰ ਆਪਣੇ ਮੁੰਡੇ ਬਾਰੇ ਜੋ ਉਸ ਦਾ ਫਿਕਰ ਸੀ, ਆਖਿਰ ਸੱਚ ਸਿੱਧ ਹੋਣ ਲੱਗਾ।

ਵੀਰਦੀਪ ਨੂੰ ਜਦੋਂ ਦਿਲਬਾਗ ਦੀ ਮਾਂ ਨੂੰ ਚੁੱਕਣ ਬਾਰੇ ਪਤਾ ਲੱਗਾ ਤਾਂ ਉਸ ਨੇ ਹਾਈਕੋਰਟ ਦਾ ਇੱਕ ਵਕੀਲ ਕੀਤਾ ਤੇ ਇੱਕ ਔਰਤ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਵਿਰੁਧ ਪਟੀਸ਼ਨ ਪਾ ਦਿੱਤੀ। ਜੱਜ ਵੱਲੋਂ ਅਗਲੇ ਦਿਨ ਵਰੰਟ ਅਫਸਰ ਨਿਯੁਕਤ ਕੀਤਾ ਗਿਆ ਅਤੇ ਉਸ ਨੇ ਥਾਣੇ 'ਚੋਂ ਦਿਲਬਾਗ ਦੀ ਮਾਂ ਨੂੰ ਬਰਾਮਦ ਕਰ ਲਿਆ। ਇਸ ਕਾਰਵਾਈ ਤੋਂ ਬਾਅਦ ਪੁਲਿਸ ਵੀਰਦੀਪ ਨੂੰ ਵੀ ਤੰਗ ਪ੍ਰੇਸ਼ਾਨ ਕਰਨ ਲੱਗੀ, ਪਰ ਕਰਮੇ ਨੇ ਕਿਸੇ ਸਿਆਸਤਦਾਨ ਨੂੰ ਵਿੱਚ ਪਾ ਕੇ ਉਸ ਦਾ ਬਚਾਅ ਕੀਤਾ।

'ਇਹ ਦਿਲਬਾਗ ਕਿਹੜੇ ਕੰਮਾਂ 'ਚ ਪੈ ਗਿਆ' ਕਰਮੇ ਨੇ ਪੁੱਛਿਆ।

'ਬਸ ਹਾਲਾਤ ਈ ਇਹੋ ਜੇ ਬਣ'ਗੇ ਚਾਚਾ, ਪਿੱਛੇ ਨੂੰ ਮੁੜਨਾ ਵੈਸੇ ਉਸ ਦੀ ਫਿਤਰਤ ਵਿੱਚ ਸ਼ਾਮਲ ਨ੍ਹੀਂ' ਵੀਰਦੀਪ ਨੇ ਜੁਆਬ ਦਿੱਤਾ।

'ਚਿਹਰੇ ਤੋਂ ਤਾਂ ਨਰਮ ਜਿਹਾ ਲਗਦਾ, ਇੰਨਾ ਅੜਬ ਤਾਂ ਲਗਦਾ ਨਹੀਂ ਸੀ ਵੇਖਣ ਨੂੰ' ਕਰਮੇ ਨੇ ਹੈਰਾਨੀ ਨਾਲ ਪੁੱਛਿਆ।

'ਚਿਹਰਾ ਉਹਦਾ ਭੁਲੇਖਾ ਪਾਊ ਆ, ਉਹਦੇ ਅਗਰੈਸ਼ਨ ਦਾ ਉਹਦੀ ਖੇਡ ਵਿੱਚ ਪਤਾ ਲਗਦਾ ਸੀ' ਵੀਰਦੀਪ ਨੇ ਜੁਆਬ ਦਿੱਤਾ।

'ਫਿਰ ਗੇਮ 'ਚ ਹੀ ਡਟਿਆ ਰਹਿੰਦਾ, ਮੇਰਾ ਮਤਲਬ ਇਸ ਤਾਕਤ ਨੂੰ ਕਿਸੇ ਚੰਗੇ ਪਾਸੇ ਖਰਚ ਕਰਨਾ ਚਾਹੀਦਾ। ਇੱਦਾਂ ਤਾਂ ਇਹ ਜੰਗਲ ਦੀ ਅੱਗ ਹੈ, ਆਪਣੇ ਆਪ ਨੂੰ ਵੀ ਸਾੜੂ ਤੇ ਦੂਜਿਆਂ ਨੂੰ ਵੀ' ਕਰਮਾ ਵੀਰਦੀਪ ਨੂੰ ਦਿਲਬਾਗ ਦੇ ਕਾਰਜ ਖੇਤਰ ਤੋਂ ਹੁਣ ਦੂਰ ਰੱਖਣਾ ਚਾਹੁੰਦਾ ਸੀ।

'ਸਭ ਠੀਕ ਹੋ ਜਾਣਾ ਚਾਚਾ, ਤੂੰ ਫਿਕਰ ਨਾ ਕਰ, ਆਪੇ ਆ ਜਾਣਾ ਉਹਨੇ ਸਹੀ ਰਾਹ 'ਤੇ' ਵੀਰਦੀਪ ਦੇ ਚਿਹਰੇ ਦੇ ਹਾਵਭਾਵ ਆਮ ਵਾਂਗ ਸਨ, ਜਦਕਿ ਕਰਮਾ ਕੁਝ ਦਹਿਸ਼ਤ ਵਿੱਚ ਸੀ।

'ਤੈਨੂੰ ਕਿਵੇਂ ਪਤਾ ਸਹੀ ਰਾਹ 'ਤੇ ਆ ਜੂ?' ਕਰਮੇ ਨੇ ਵੀਰਦੀਪ ਨੂੰ ਸੁਆਲ ਕੀਤਾ।

'ਮੈਂ ਉਹਨੂੰ ਰੂਹੋਂ ਜਾਣਦਾਂ, ਬਦੀਆਂ ਨਾਲ ਖਲੋਣ ਵਾਲਿਆਂ ਵਿੱਚੋਂ ਨਹੀਂ ਹੈ ਦਿਲਬਾਗ' ਕਰਮੇ ਨੂੰ ਮੁੰਡੇ ਦੀ ਦਿਲਬਾਗ ਨਾਲ ਹਮਦਰਦੀ ਵਿੱਚੋਂ ਡਰ ਲੱਗਿਆ, ਤਾਂ ਵੀ ਉਸ ਨੂੰ ਵਿਸ਼ਵਾਸ ਸੀ ਕਿ ਵੀਰਦੀਪ ਔਝੜੇ ਰਾਹੀਂ ਨਹੀਂ ਪਵੇਗਾ।

ਦਿਲਬਾਗ ਰਿਹਾਅ ਹੋਣ ਤੋਂ ਕੁਝ ਦਿਨ ਬਾਅਦ ਆਪਣੇ ਪਿੰਡ ਰਿਹਾ ਸੀ। ਇਨ੍ਹਾਂ ਥੋੜ੍ਹੇ ਦਿਨਾ ਵਿੱਚ ਹੀ ਉਸ ਨੂੰ ਦੋ ਵਾਰ ਪੁਲਿਸ ਥਾਣੇ ਲੈ ਗਈ। ਉਹ ਉਸ ਕੋਲੋਂ ਗੋਲੀ ਚਲਾਉਣ ਵਾਲੇ ਮੁੰਡਿਆਂ ਬਾਰੇ ਪੁੱਛਣ ਲੱਗੇ। ਐਸ.ਐਚ.ਓ. ਦਿਲਬਾਗ ਨੂੰ ਆਖਣ ਲਗਦਾ ਕਿ ਉਹ ਗੋਲੀ ਚਲਾਉਣ ਵਾਲੇ ਦੋ ਮੁੰਡਿਆ ਨੂੰ ਫੜਾ ਦੇਵੇ ਜਾਂ ਪੇਸ਼ ਕਰਾ ਦੇਵੇ, ਉਹਨੂੰ ਪੁਲਿਸ ਕੁਝ ਨਹੀਂ ਆਖੇਗੀ। ਉਹ ਵੀਰਦੀਪ ਦਾ ਵੀ ਅੱਗਾ ਪਿੱਛਾ ਪੁਣਨ ਲੱਗੇ, ਟੋਹਣ ਲੱਗੇ ਕਿ ਉਸ ਦਾ ਵੀ ਗੋਲੀ ਵਾਲੀ ਘਟਨਾ ਵਿੱਚ ਕੋਈ ਹੱਥ ਹੈ ਜਾਂ ਨਹੀਂ! ਪੁਲਿਸ ਨੂੰ ਸੀ ਬਈ ਚੰਗੀ ਸਾਮੀ ਹੈ, ਕਾਫੀ ਪੈਸੇ ਝਾੜੇ ਜਾ ਸਕਦੇ ਹਨ। ਵੀਰਦੀਪ ਬਾਰੇ ਦਿਲਬਾਗ ਨੇ ਸਾਫ ਕਰ ਦਿੱਤਾ ਕਿ ਉਸ ਦਾ ਇਸ ਘਟਨਾ ਨਾਲ ਕੋਈ ਸੰਬੰਧ ਨਹੀਂ। ਦੂਜੇ ਦੋ ਮੁੰਡਿਆਂ ਬਾਰੇ ਉਸ ਨੇ ਪੁਲਿਸ ਨਾਲ ਵਾਅਦਾ ਕੀਤਾ ਕਿ ਉਹ ਉਨ੍ਹਾਂ ਨੂੰ ਪੇਸ਼ ਕਰਵਾਉਣ ਦਾ ਯਤਨ ਕਰੇਗਾ। ਪਰ ਬਾਹਰ ਆਣ ਕੇ ਉਸ ਦਾ ਮਨ ਮੁਕਰੀ ਖਾ ਗਿਆ। ਉਹ ਮਾਤਾ ਨੂੰ ਘਰ ਇਹ ਕਹਿ ਕੇ ਗਿਆ ਕਿ ਉਹਦਾ ਮਨ ਠੀਕ ਨਹੀਂ, ਇੱਕ-ਦੋ ਦਿਨ ਪਹਾੜਾਂ ਵੱਲ ਚੱਲਿਆ ਹੈ, ਇੱਕ ਛੋਟਾ ਜਿਹਾ ਬੈਗ ਲੈ ਕੇ ਘਰੋਂ ਨਿਕਲ ਗਿਆ। ਪਹਿਲਾਂ ਵੀ ਕਈ ਵਾਰ ਉਹ ਇਸ ਤਰ੍ਹਾਂ ਚਲਿਆ ਜਾਂਦਾ ਸੀ, ਪਰ ਇਸ ਦਰਮਿਆਨ ਉਨ੍ਹਾਂ ਨੇ ਡਾਕੇ ਵਾਲੀ ਕਾਰਵਾਈ ਨੂੰ ਅੰਜਾਮ ਦੇ ਦਿੱਤਾ। ਪੁਲਿਸ ਸ਼ੱਕੀ ਆਧਾਰ 'ਤੇ ਹੀ ਦਿਲਬਾਗ ਦੇ ਘਰ ਛਾਪੇ ਮਾਰ ਰਹੀ ਸੀ। ਉਨ੍ਹਾਂ ਨੂੰ ਹਾਲੇ ਪੱਕਾ ਨਹੀਂ ਸੀ ਕਿ ਇਹ ਕਾਰਵਾਈ ਦਿਲਬਾਗ ਦੇ ਗਰੁੱਪ ਦੀ ਹੀ ਹੈ।

ਦਿਲਬਾਗ ਨੂੰ ਹੁਣ ਪੱਕਾ ਹੋ ਗਿਆ ਸੀ ਕਿ ਪੁਲਿਸ ਜਲਦੀ ਉਸਦਾ ਖਹਿੜਾ ਨਹੀਂ ਛੱਡੇਗੀ। ਉਸ ਨੇ ਘਰੋਂ ਫਰਾਰ ਹੋਣ ਦਾ ਮਨ ਬਣਾਇਆ। ਜੇਲ੍ਹੋਂ ਆਉਣ ਤੋਂ ਬਾਅਦ ਜਦੋਂ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲਿਆ ਸੀ ਤਾਂ ਇੱਕ ਏ.ਐਸ.ਆਈ. ਉਸ ਦਾ ਜਾਣੂ ਨਿਕਲ ਆਇਆ ਸੀ, ਉਹ ਉਨ੍ਹਾਂ ਨਾਲ ਇੱਕ ਹੋਰ ਯੂਨੀਵਰਸਿਟੀ ਵੱਲੋਂ ਇੰਟਰ 'ਵਰਸਿਟੀ ਖੇਡਿਆ ਸੀ। ਉਸ ਨੇ ਦਿਲਬਾਗ ਨੂੰ ਦੱਸਿਆ ਕਿ ਇਹ ਹੁਣ ਉਹਦਾ ਜਲਦੀ ਖਹਿੜਾ ਨਹੀਂ ਛੱਡਣ ਲੱਗੇ। ਕੁਝ ਦੇਰ ਲਈ ਐਧਰ-ਉਧਰ ਹੋ ਜਾਵੇ, ਇਹੀ ਠੀਕ ਰਹੇਗਾ। ਉਸ ਨੂੰ ਮਾਂ ਦੀ ਖੱਜਲ ਖੁਆਰੀ ਦਾ ਵੀ ਫਿਕਰ ਸੀ। ਉਹਨੇ ਵੀਰਦੀਪ ਨੂੰ ਮਾਂ ਦਾ ਖਿਆਲ ਰੱਖਣ ਲਈ ਆਖਿਆ। ਜਦੋਂ ਵੀ ਬਾਹਰੋਂ ਉਹਦੇ ਪਿਓ ਦਾ ਫੋਨ ਆਉਂਦਾ ਤਾਂ ਦਿਲਬਾਗ ਦੀ ਮਾਂ ਉਸ ਦੇ ਪਿਉ ਨੂੰ ਵਾਰ-ਵਾਰ ਮਿਹਣੇ ਮਾਰਦੀ, 'ਮੇਰੀ ਨਾਂਹ ਨਾਂਹ ਕਰਦੇ ਵੀ ਤੂੰ ਇਸ ਨੂੰ ਹਥਿਆਰ ਲੈ ਦਿੱਤਾ। ਰੋਅ ਹੁਣ ਆਪਣੇ ਕਰਮਾਂ ਨੂੰ। ਕੀਤੀਆਂ ਦੁਲੇ ਦੀਆਂ ਪੇਸ਼ ਲੱਧੀ ਨੂੰ ਆਈਆਂ।' ਮਾਂ ਕਹਾਣੇ ਪਾਉਣ ਲਗਦੀ। ਦਿਲਬਾਗ ਦਾ ਪਿਉ ਮਸਾਂ ਉਸ ਦਾ ਮਨ ਟਿਕਾਣੇ ਸਿਰ ਕਰਦਾ, 'ਫਿਕਰ ਨਾ ਕਰ ਦਲੀਪ ਕੁਰੇ, ਮੁੰਡਾ ਸਿਆਣਾ, ਆਪੇ ਠੀਕ ਕਰ ਲਊ ਸਭ ਕੁਝ।'

'ਸਿਆਣਾ ਸੁਆਹ ਸੱਤਾਂ ਚੁੱਲ੍ਹਿਆਂ ਦੀ, ਸਿਆਣਾ ਹੁੰਦਾ ਤਾਂ ਇਹ ਕੁਝ ਕਰਦਾ? ਇਹਨੂੰ ਪਤਾ ਨੀ ਬਈ ਮੇਰੀ ਮਾਂ ਇਕੱਲੀ ਘਰ 'ਚ। ਅਗਲੇ ਭਈਏ (ਨੌਕਰ) ਨੂੰ ਵੀ ਨਾਲ ਲਿਜਾਣ ਲੱਗੇ ਸੀ, ਪਈ ਡੰਗਰ ਭੁੱਖੇ ਕਿੱਲੇ ਤੁੜਵਾਉਂਦੇ ਰਹਿਣ। ਉਹ ਤਾਂ ਭਜਨੇ ਲੰਬੜ ਦੇ ਮਨ ਮਿਹਰ ਪੈ ਗਈ ਕਹਿੰਦਾ ਅਖੇ ਅਸੀਂ ਆਪੇ ਪੇਸ਼ ਕਰ ਦਿਆਂਗੇ ਜੀ ਇੱਕ-ਦੋ ਦਿਨ 'ਚ, ਨੌਕਰ ਨੂੰ ਰਹਿਣ ਦਿਉ, ਡੰਗਰ ਭੁੱਖੇ ਮਰ ਜਾਣਗੇ। ਭਲਾ ਹੋਵੇ ਵੀਰਦੀਪ ਸਿਓਂ ਦਾ ਜੀਹਨੇ ਹਾਈਕੋਰਟ ਵਿੱਚ ਰਿੱਟ ਪਾ ਕੇ ਮੇਰੀ ਖਲਾਸੀ ਕਰਵਾਈ।'

'ਵੀਰਦੀਪ ਕੀ ਕਰਦਾ ਅੱਜ ਕੱਲ੍ਹ' ਦਿਲਬਾਗ ਦੇ ਪਿਉ ਨੇ ਪੁੱਛਆ।

'ਕਹਿੰਦੇ ਵਕਾਲਤ ਦੀ ਪੜ੍ਹਾਈ ਕਰਦਾ, ਬਣ ਜੂ ਕੁਸ਼ ਨਾ ਕੁਸ਼ ਤਾਂ' ਮਾਂ ਨੇ ਉੱਤਰ ਦਿੱਤਾ।

'ਅੱਛਾ ਅੱਛਾ, ਚਲ ਕੋਈ ਨੀ ਚਿੰਤਾ ਨਾ ਕਰ, ਕਰਦਾਂ ਮੈਂ ਕੋਈ ਹੀਲਾ' ਦਿਲਬਾਗ ਦੇ ਬਾਪੂ ਨੇ ਮਾਂ ਨੂੰ ਧਰਵਾਸ ਦਿਵਾਇਆ।

ਵੀਰਦੀਪ ਬੀ.ਏ. ਕਰਨ ਬਾਅਦ ਵੀ ਵਕਾਲਤ ਵੱਲ ਜਾਣ ਬਾਰੇ ਸੋਚਦਾ ਰਿਹਾ ਸੀ, ਪਰ ਪੂਰੀ ਤਰ੍ਹਾਂ ਮਨ ਨਾ ਬਣਾ ਸਕਿਆ। ਕਰਮਾ ਉਹਦੀ ਬਹੁਤੀ ਟੋਕਾ ਟਕਾਈ ਤਾਂ ਕਰਦਾ ਨਹੀਂ ਸੀ, ਪਰ ਐਮ.ਏ. ਕਰਨ ਤੋਂ ਬਾਅਦ ਉਸ ਨੇ ਵਕਾਲਤ ਕਰਨ ਦਾ ਫੈਸਲਾ ਕਰ ਲਿਆ। ਕਾਲਜ ਤੋਂ ਬਾਅਦ ਉਹ ਆਪਣੇ ਇੱਕ ਦੋਸਤ ਵਕੀਲ ਕੋਲ ਚਲਾ ਜਾਂਦਾ ਅਤੇ ਕਿਸੇ ਨਾ ਕਿਸੇ ਕੇਸ ਦੀ ਫਾਈਲ ਤਿਆਰ ਕਰ ਦਿੰਦਾ। ਇੱਕ ਪਾਸੇ ਤਾਂ ਉਸ ਨੂੰ ਸੀ ਕਿ ਇਸ ਕਿੱਤੇ ਵਿੱਚ ਕੁਝ ਨਾ ਕੁਝ ਆਮਦਨ ਹੋਣ ਲੱਗੇਗੀ। ਦੂਜਾ ਉਹ ਹਿੰਦੋਸਤਾਨੀ ਰਾਜਨੀਤੀ ਦੀ ਬੁਨਿਆਦ ਅਤੇ ਕਾਨੂੰਨੀ ਅਮਲ ਨੂੰ ਸਮਝਣਾ ਚਾਹੁੰਦਾ ਸੀ। ਵਕਾਲਤ ਵਿੱਚ ਹੀ ਉਹਦੀ ਇਹ ਇੱਛਾ ਪੂਰੀ ਹੋ ਸਕਦੀ ਸੀ। ਐਮ.ਏ. ਪੁਲਿਟੀਕਲ ਸਾਇੰਸ ਨੇ ਵੀ ਉਸ ਦਾ ਇਸ ਖੇਤਰ ਵਿੱਚ ਜਾਣ ਦਾ ਰਾਹ ਮੋਕਲਾ ਬਣਾ ਦਿੱਤਾ। ਉਧਰ ਦਿਲਬਾਗ ਜਿਸ ਰਾਹੇ ਪੈ ਗਿਆ ਸੀ, ਉਸ ਦਾ ਕੋਈ ਸਿਰਾ ਨਹੀਂ ਸੀ। ਇਹ ਇੱਕ ਲੰਮੀ ਸੁਰੰਗ ਸੀ, ਜਿਸ ਵਿੱਚ ਨਾ ਕੋਈ ਦੀਵਾ ਬੱਤੀ ਸੀ ਅਤੇ ਨਾ ਹੀ ਜਿਸ ਦੇ ਸਫਰ ਦਾ ਕੋਈ ਅੰਤ ਸੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਜਪਾਨੀਆਂ ਨਾਲ ਅਜੀਬੋ-ਗ਼ਰੀਬ ਰਿਸ਼ਤਾ ਰੱਖਦੇ ਹਨ ਪੰਜਾਬੀ

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਜਦੋਂ ਭਾਰਤ ਵਿੱਚੋਂ ਬਰਤਾਨਵੀ ਸਾਮਰਾਜ ਦਾ ਖ਼ਾਤਮਾ ਕਰਨ ਲਈ ਭਾਰਤੀਆਂ ਨੂੰ ਜਪਾਨ ਦੀ ਮਦਦ ਦੀ ਲੋੜ ਪਈ ਸੀ ਤਾਂ ਪੰਜਾਬੀਆਂ ਨੇ ਵੀ 'ਆਜ਼ਾਦ ਹਿੰਦ ਫ਼ੌਜ' ਵਿੱਚ ਭਰਤੀ ਹੋ ਕੇ ਜਪਾਨੀ ਫ਼ੌਜ ਦੇ ਸਹਿਯੋਗ ਨਾਲ ਬਰਤਾਨਵੀ ਹਕੂਮਤ ਦੀ ਨੀਂਦ ਉਡਾ ਦਿੱਤੀ ਸੀ। ਮਾੜੀ ਗੱਲ ਇਹ ਹੈ ਕਿ ਇੱਥੇ ਕਈ ਪੀੜ੍ਹੀਆਂ ਤੋਂ ਵੱਸ ਰਹੇ ਪੰਜਾਬੀ ਪਰਿਵਾਰਾਂ ਦੀ ਬੋਲਚਾਲ 'ਚੋਂ 'ਪੰਜਾਬੀ ਜਾਂ ਗੁਰਮੁਖੀ' ਲਗਾਤਾਰ ਮਨਫ਼ੀ ਹੁੰਦੀ ਜਾ ਰਹੀ ਹੈ। ਉਂਜ ਇੱਕ ਯਾਤਰੂ ਦੇ ਨਜ਼ਰੀਏ ਤੋਂ ਜਪਾਨ ਸ਼ਾਇਦ ਦੁਨੀਆਂ ਦੇ ਸਭ ਤੋਂ ਦਿਲਚਸਪ ਮੁਲਕਾਂ 'ਚੋਂ ਇੱਕ ਹੈ।***

ਜਪਾਨ ਦੁਨੀਆਂ ਵਿੱਚ ਆਪਣੀ ਤਕਨਾਲੋਜੀ ਅਤੇ ਤਰੱਕੀ ਲਈ ਜਾਣਿਆ ਜਾਂਦਾ ਹੈ। ਵਿਸ਼ਵ ਯੁੱਧ ਵਿੱਚ ਭਾਰੀ ਸੱਟ ਖਾਣ ਦੇ ਬਾਵਜੂਦ ਜਿਸ ਬਹਾਦਰੀ ਤੇ ਸੂਝਬੂਝ ਨਾਲ ਜਪਾਨੀਆਂ ਨੇ ਆਪਣੇ ਮੁਲਕ ਨੂੰ ਮੁੜ ਖੜ੍ਹਾ ਕਰ ਕੇ ਦੁਨੀਆਂ ਦੇ ਸਿਰਮੌਰ ਮੁਲਕਾਂ ਵਿੱਚ ਸ਼ਾਮਿਲ ਕਰਵਾ ਲਿਆ, ਉਹ ਵਾਕਿਆ ਹੀ ਕਾਬਿਲ-ਏ-ਤਾਰੀਫ਼ ਹੈ। ਜਪਾਨ ਵਿੱਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਆਬਾਦੀ ਕਦੇ ਵੀ ਬਹੁਤ ਜ਼ਿਆਦਾ ਨਹੀਂ ਰਹੀ ਹੈ, ਪਰ ਭਾਰਤ ਦੇ ਗੌਰਵ ਆਖੇ ਜਾਂਦੇ ਡਾ. ਮਨਮੋਹਨ ਸਿੰਘ ਭਾਰਤ ਦੇ ਅਜਿਹੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ ਸੰਨ 2008 ਵਿੱਚ ਜਪਾਨ ਦਾ ਦੌਰਾ ਕੀਤਾ ਸੀ ਤੇ ਉੱਥੇ ਕਰਵਾਈ ਗਈ 'ਇੰਡੋ-ਜਪਾਨ ਸਮਿੱਟ' ਵਿੱਚ ਸ਼ਿਰਕਤ ਕੀਤੀ ਸੀ।

ਭਾਰਤੀ ਪੰਜਾਬ ਦੀ ਕਪੂਰਥਲਾ ਰਿਆਸਤ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਸੰਨ 1903-04 ਵਿੱਚ ਜਦੋਂ ਜਪਾਨ ਦੀ ਯਾਤਰਾ ਕੀਤੀ ਸੀ ਤਾਂ ਉਹ ਜਪਾਨ ਅਤੇ ਜਪਾਨੀਆਂ ਤੋਂ ਖ਼ਾਸੇ ਪ੍ਰਭਾਵਿਤ ਹੋਏ ਸਨ। ਉਨ੍ਹਾਂ ਨੇ ਆਪਣੀ ਜਪਾਨ ਯਾਤਰਾ ਦੀਆਂ ਯਾਦਾਂ ਨੂੰ ਸੰਨ 1905 ਵਿੱਚ ਲਿਖੀ ਗਈ ਪੁਸਤਕ 'ਮੇਰੀ ਚੀਨ, ਜਪਾਨ ਅਤੇ ਜਾਵਾ ਦੀ ਯਾਤਰਾ' ਵਿਚ ਬੜੀ ਹੀ ਸ਼ਿੱਦਤ ਨਾਲ ਬਿਆਨ ਕੀਤਾ ਸੀ। ਉਨ੍ਹਾ ਲਿਖ਼ਿਆ ਸੀ, "ਇੱਕ ਯਾਤਰੂ ਦੇ ਨਜ਼ਰੀਏ ਤੋਂ ਜਪਾਨ ਸ਼ਾਇਦ ਦੁਨੀਆਂ ਦੇ ਸਭ ਤੋਂ ਦਿਲਚਸਪ ਮੁਲਕਾਂ 'ਚੋਂ ਇੱਕ ਹੈ। ਇਹ ਮੁਲਕ ਕੁਦਰਤੀ ਸੁੰਦਰਤਾ ਨਾਲ ਭਰੇ ਨਜ਼ਾਰਿਆਂ ਦਾ ਗੜ੍ਹ ਹੈ ਤੇ ਇੱਥੋਂ ਦੇ ਬਾਸ਼ਿੰਦਿਆਂ ਦੇ ਪਹਿਰਾਵੇ ਅਤੇ ਤੌਰ-ਤਰੀਕਿਆਂ ਵਿੱਚ ਐਸੀ ਖਿੱਚ ਹੈ ਕਿ ਇਹੋ ਜਿਹਾ ਸੁਭਾਅ ਅਤੇ ਵਿਹਾਰ ਦੁਨੀਆਂ 'ਚ ਕਿਧਰੇ ਹੋਰ ਨਹੀਂ ਮਿਲਦਾ ਹੈ।"

ਪ੍ਰਾਪਤ ਜਾਣਕਾਰੀ ਅਨੁਸਾਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅਰੰਭ ਵਿੱਚ ਹੀ ਪੰਜਾਬੀ ਲੋਕ ਇੱਥੇ ਮੌਜੂਦ ਸਨ ਤੇ ਸੰਨ 1923 ਵਿੱਚ ਜਦੋਂ ਇੱਕ ਵੱਡਾ ਭੂਚਾਲ ਆਇਆ ਸੀ ਤਾਂ ਇਹ ਲੋਕ ਜਪਾਨ ਦੇ ਪੱਛਮੀ ਖਿੱਤੇ ਵੱਲ ਨੂੰ ਚਲੇ ਗਏ ਸਨ। 'ਯੋਕੋਹਾਮਾ' ਇਲਾਕੇ ਵਿੱਚ ਰਹਿਣ ਵਾਲੇ ਸਿੱਖਾਂ ਦੇ ਘਰ ਤਾਂ ਭੂਚਾਲ ਨੇ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੇ ਸਨ ਤੇ ਇਹ ਸਿੱਖ ਬਾਅਦ ਵਿੱਚ 'ਕੋਬੇ' ਵੱਲ ਨੂੰ ਜਾ ਵੱਸੇ ਸਨ ਤੇ ਉਥੇ ਜਾ ਕੇ ਉਨ੍ਹਾਂ ਨੂੰ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕਰਨੀ ਪਈ ਸੀ। ਉਨ੍ਹਾਂ ਵੇਲਿਆਂ ਵਿੱਚ ਸਿੱਖਾਂ ਦੀ ਆਬਾਦੀ ਕਾਫੀ ਘੱਟ ਸੀ, ਪਰ ਫਿਰ ਵੀ ਸੰਨ 1952 ਵਿੱਚ ਕੋਬੇ ਖੇਤਰ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ।



ਟੋਕੀਓ ਗੁਰੂ ਨਾਨਕ ਦਰਬਾਰ

ਦਰਅਸਲ ਜਪਾਨ ਦੀ ਧਰਤੀ ਉਹ ਧਰਤੀ ਹੈ, ਜਿੱਥੇ ਪੰਜਾਬੀਆਂ ਨੂੰ ਤੇ ਖ਼ਾਸ ਕਰਕੇ ਸਿੱਖਾਂ ਨੂੰ ਜਪਾਨੀਆਂ ਹੱਥੋਂ ਭਾਰੀ ਜ਼ੁਲਮ-ਓ-ਸਿਤਮ ਦਾ ਸਾਹਮਣਾ ਕਰਨਾ ਪਿਆ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਬਰਤਾਨਵੀ ਹਕੂਮਤ ਵੱਲੋਂ ਭਰਤੀ ਕੀਤੇ ਸਿੱਖ ਸੈਨਿਕਾਂ ਨੂੰ ਜਪਾਨੀ ਫ਼ੌਜਾਂ ਨਾਲ ਲੋਹਾ ਲੈਣਾ ਪਿਆ ਸੀ। ਇਸ ਜੰਗ ਦੌਰਾਨ ਜਪਾਨੀ ਫ਼ੌਜ ਦੇ ਹੱਥੇ ਚੜ੍ਹ ਗਏ ਕਈ ਸਿੱਖਾਂ ਨੂੰ ਜਪਾਨੀ ਫ਼ੌਜ ਨੇ ਬੰਦੀ ਬਣਾ ਲਿਆ ਸੀ ਤੇ ਇਨ੍ਹਾਂ ਨੂੰ 'ਜੰਗੀ ਕੈਦੀ' ਬਣਾ ਕੇ ਇਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਗਿਆ ਸੀ, ਜਿਸ ਵਿੱਚ ਇਨ੍ਹਾਂ ਪੰਜਾਬੀ ਕੈਦੀ ਦੀਆਂ ਅੱਖਾਂ 'ਤੇ ਪੱਟੀ ਅਤੇ ਹੱਥਾਂ 'ਤੇ ਰੱਸੀ ਬੰਨ੍ਹਣ ਉਪਰੰਤ ਥੋੜ੍ਹੀ-ਥੋੜ੍ਹੀ ਵਿੱਥ 'ਤੇ ਬਿਠਾ ਕੇ ਜਪਾਨੀ ਸੈਨਿਕਾਂ ਤੋਂ ਉਨ੍ਹਾਂ 'ਤੇ ਗੋਲੀਆਂ ਚਲਵਾਈਆਂ ਜਾਂਦੀਆਂ ਸਨ ਤੇ ਇਸ ਪ੍ਰਕਿਰਿਆ ਨੂੰ 'ਟਾਰਗੈਟ ਪ੍ਰੈਕਟਿਸ' ਦਾ ਨਾਂ ਦੇ ਦਿੱਤਾ ਜਾਂਦਾ ਸੀ। ਨਿਹੱਥੇ ਅਤੇ ਮਜਬੂਰ ਪੰਜਾਬੀਆਂ ਦਾ ਐਨੀ ਬੇਦਰਦੀ ਨਾਲ ਘਾਣ ਕਰਨਾ ਮਨੁੱਖੀ ਇਤਿਹਾਸ ਦਾ ਇੱਕ ਕਾਲਾ ਪੰਨਾ ਸੀ।

ਪੰਜਾਬੀਆਂ ਦੀ ਇਹ ਸਦਾ ਹੀ ਖ਼ਾਸੀਅਤ ਤੇ ਫ਼ਿਤਰਤ ਰਹੀ ਹੈ ਕਿ ਇਹ ਨਫ਼ਰਤ ਤੇ ਈਰਖਾ ਨੂੰ ਆਪਣੇ ਦਿਲ ਅਤੇ ਰੂਹ ਦੀਆਂ ਗਹਿਰਾਈਆਂ ਤੱਕ ਨਹੀਂ ਰੱਖਦੇ ਹਨ। ਜਦੋਂ ਭਾਰਤ ਵਿੱਚੋਂ ਬਰਤਾਨਵੀ ਸਾਮਰਾਜ ਦਾ ਖ਼ਾਤਮਾ ਕਰਨ ਲਈ ਭਾਰਤੀਆਂ ਨੂੰ ਜਪਾਨ ਦੀ ਮਦਦ ਦੀ ਲੋੜ ਪਈ ਸੀ ਤਾਂ ਪੰਜਾਬੀਆਂ ਨੇ ਵੀ 'ਆਜ਼ਾਦ ਹਿੰਦ ਫ਼ੌਜ' ਵਿੱਚ ਭਰਤੀ ਹੋ ਕੇ ਜਪਾਨੀ ਫ਼ੌਜ ਦੇ ਸਹਿਯੋਗ ਨਾਲ ਬਰਤਾਨਵੀ ਹਕੂਮਤ ਦੀ ਨੀਂਦ ਉਡਾ ਦਿੱਤੀ ਸੀ। ਗਿਆਨੀ ਪ੍ਰੀਤਮ ਸਿੰਘ ਅਤੇ ਅਮਰ ਸਿੰਘ ਨਾਮਕ ਸਿੱਖਾਂ ਨੇ ਆਜ਼ਾਦ ਹਿੰਦ ਫ਼ੌਜ ਨੂੰ ਮਜਬੂਤ ਕਰਨ ਲਈ ਜਪਾਨੀ ਫ਼ੌਜ ਦੇ ਉੱਚ-ਅਧਿਕਾਰੀ 'ਇਵਾਚੀ ਫ਼ੂਜੀਵਾੜਾ' ਦੀ ਮਦਦ ਲਈ ਸੀ।

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਪੰਜਾਬ ਤੋਂ ਕਈ ਵਿਦਿਆਰਥੀ ਇੱਥੇ ਪੜ੍ਹਾਈ ਲਈ ਪੁੱਜੇ ਸਨ। ਉਨ੍ਹਾਂ ਵਿਦਿਆਰਥੀਆਂ ਵਿੱਚ ਸਰਬਜੀਤ ਸਿੰਘ ਚੱਢਾ ਨਾਮਕ ਵਿਦਿਆਰਥੀ ਵੀ ਸੀ, ਜੋ ਜਪਾਨ ਦਾ 'ਸ਼ਾਸਤਰੀ ਸੰਗੀਤ' ਕਹੇ ਜਾਂਦੇ 'ਐਂਕਾ ਸੰਗੀਤ' ਦੀ ਗਾਇਕੀ ਦੇ ਜੌਹਰ ਵਿਖਾਉਣ ਵਾਲਾ ਪਹਿਲਾ ਗ਼ੈਰ-ਜਪਾਨੀ ਗਾਇਕ ਬਣਿਆ ਸੀ। ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਵਿੱਚ ਸਿਰ ਦੇ ਕੇਸਾਂ ਦੇ ਮਹੱਤਵ ਤੋਂ ਅਣਜਾਣ ਜਪਾਨੀਆਂ ਨੇ ਛੋਟੇ ਤੇ ਮੱਧਮ ਦਰਜੇ ਦੇ ਉਦਯੋਗਿਕ ਅਤੇ ਵਪਾਰਕ ਅਦਾਰਿਆਂ ਵਿੱਚ 'ਮੋਨੇ ਸਿੱਖਾਂ' ਨੂੰ ਨਿਯੁਕਤ ਕਰਨ ਨੂੰ ਪਹਿਲ ਦਿੱਤੀ ਹੋਈ ਹੈ, ਜਦੋਂ ਕਿ ਆਈ.ਟੀ. ਸੈਕਟਰ ਭਾਵ ਸੂਚਨਾ ਅਤੇ ਤਕਨਾਲੋਜੀ ਖੇਤਰ ਵਿੱਚ ਕੰਮ ਕਰਨ ਵਾਲੇ ਪੰਜਾਬੀ ਸਿੱਖਾਂ ਨੂੰ ਕੇਸ ਰੱਖਣ ਅਤੇ ਪਗੜੀ ਧਾਰਨ ਕਰਨ ਦੀ ਇਜਾਜ਼ਤ ਹੈ। ਲੰਮੇ ਦਾੜ੍ਹੇ ਅਤੇ ਸਿਰ ਦੇ ਕੇਸਾਂ ਕਾਰਨ ਕਈ ਵਾਰ ਸਥਾਨਕ ਜਪਾਨੀਆਂ ਵੱਲੋਂ ਸਿੱਖਾਂ ਨੂੰ 'ਅਤਿਵਾਦੀ' ਸਮਝ ਕੇ ਉਨ੍ਹਾਂ ਨਾਲ ਵਿਤਕਰਾ ਤੇ ਬੁਰਾ ਵਿਹਾਰ ਕੀਤਾ ਜਾਂਦਾ ਹੈ ਤੇ ਇੱਥੋਂ ਤੱਕ ਕਿ ਸਥਾਨਕ ਪੁਲਿਸ ਵੀ ਅਜਿਹੇ 'ਅਤਿਵਾਦੀ ਸਿੱਖਾਂ' 'ਤੇ ਨਜ਼ਰ ਰੱਖਦੀ ਹੈ। ਸਮਾਂ ਬੀਤਣ ਨਾਲ ਹਾਲਾਤ ਬਦਲੇ ਹਨ। ਹੁਣ ਕੁਝ ਹੱਦ ਪੰਜਾਬੀ ਤੇ ਜਪਾਨੀ ਆਪਸ ਵਿੱਚ ਰਚ-ਮਿਚ ਗਏ ਹਨ। ਹੁਣ ਸਥਾਨਕ ਨਿਵਾਸੀਆਂ ਨੇ ਪੰਜਾਬੀਆਂ ਨੂੰ ਅਪਨਾ ਲਿਆ ਹੈ ਤੇ ਉਹ ਪੰਜਾਬੀ ਤਿਉਹਾਰਾਂ ਅਤੇ ਗੁਰਪੁਰਬ ਮੌਕੇ ਨਾ ਕੇਵਲ ਦਾਨ ਵਜੋਂ ਪੈਸਾ ਹੀ ਦਿੰਦੇ ਹਨ, ਸਗੋਂ ਮੋਢੇ ਨਾਲ ਮੋਢਾ ਜੋੜ ਕੇ ਲੰਗਰ ਅਤੇ ਬਰਤਨਾਂ ਸਮੇਤ 'ਸੇਵਾ' ਦੇ ਕਾਰਜ ਵੀ ਕਰਦੇ ਹਨ। ਕੁਝ ਇੱਕ ਪੰਜਾਬੀਆਂ ਨੇ ਜਪਾਨੀ ਮੁਟਿਆਰਾਂ ਨਾਲ ਵਿਆਹ ਕਰਵਾ ਲਏ ਹਨ ਤੇ ਪੰਜਾਬੀ ਸੱਭਿਆਚਾਰ ਅਤੇ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਕਈ ਜਪਾਨੀ ਮੁਟਿਆਰਾਂ ਨੇ ਸਿੱਖ ਧਰਮ ਵੀ ਅਪਨਾ ਲਿਆ ਹੈ।

ਬੜੇ ਦੁੱਖ ਦੀ ਗੱਲ ਹੈ ਕਿ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿੱਚ ਜਪਾਨ ਵਿਖੇ ਵੱਸਣ ਵਾਲੇ ਸਿੱਖਾਂ ਦੀ ਸੰਖਿਆ 20 ਤੋਂ 30 ਹਜ਼ਾਰ ਦੇ ਕਰੀਬ ਸੀ, ਪਰ ਬਾਅਦ ਵਿੱਚ ਸਮਾਂ ਬੀਤਣ ਨਾਲ ਇੱਥੇ ਸਿੱਖਾਂ ਦੀ ਗਿਣਤੀ ਲਗਾਤਾਰ ਘਟਦੀ ਗਈ ਤੇ ਹੁਣ ਤਾਂ ਇਹ ਪੰਜ ਸੌ ਦੇ ਕਰੀਬ ਰਹਿ ਗਈ ਹੈ, ਜਿਨ੍ਹਾਂ ਵਿੱਚੋਂ ਦਸ ਫ਼ੀਸਦੀ ਉਹ ਸਿੱਖ ਵਿਅਕਤੀ ਹਨ, ਜਿਨ੍ਹਾਂ ਦੀ ਸ਼ਾਦੀ ਜਪਾਨੀ ਨਾਗਰਿਕ ਮੁਟਿਆਰਾਂ ਨਾਲ ਹੋਈ ਹੈ। ਕੋਬੇ ਖੇਤਰ ਵਿੱਚ ਵੱਸਣ ਵਾਲੇ ਪੰਜਾਬੀ ਕਾਫ਼ੀ ਪੁਰਾਣੇ ਹਨ ਤੇ ਚੰਗੀ ਤਰ੍ਹਾਂ ਸਥਾਪਿਤ ਵੀ ਹਨ, ਪਰ ਇੱਥੇ ਪੰਜਾਬ ਤੋਂ ਆਉਣ ਵਾਲੇ ਨਵੇਂ ਨੌਜਵਾਨ ਟੋਕੀਓ ਦੇ ਆਸ-ਪਾਸ ਦੇ ਖੇਤਰਾਂ ਵਿੱਚ ਵੱਸਣ ਨੂੰ ਤਰਜੀਹ ਦਿੰਦੇ ਹਨ। ਬੜਾ ਹੀ ਅਜੀਬ ਸੰਯੋਗ ਹੈ ਕਿ ਕੋਬੇ ਖਿੱਤੇ ਵਿੱਚ ਵੱਸਣ ਵਾਲੇ ਸਿੱਖ ਆਪਣੀ 'ਸਿੱਖੀ ਵਾਲੀ ਵਿਲੱਖਣ ਪਛਾਣ' ਨੂੰ ਕਾਇਮ ਰੱਖਣ ਲਈ ਯਤਨਸ਼ੀਲ ਰਹਿੰਦੇ ਹਨ, ਜਦੋਂ ਕਿ ਟੋਕੀਓ ਖਿੱਤੇ ਵਿੱਚ ਵੱਸਣ ਵਾਲੇ ਸਿੱਖ ਆਪਣੀ 'ਵਿਲੱਖਣ ਪਛਾਣ' ਨੂੰ ਤਿਆਗ ਕੇ ਜਪਾਨੀ ਲੋਕਾਂ ਅਤੇ ਸੱਭਿਆਚਾਰ ਨਾਲ ਇਕਮਿਕ ਹੋਣ ਨੂੰ ਪਹਿਲ ਦਿੰਦੇ ਹਨ। ਟੋਕੀਓ ਵਿਖੇ ਵੱਸਦੇ ਪੰਜਾਬੀ ਨੌਜਵਾਨਾਂ ਵਿੱਚੋਂ ਜ਼ਿਆਦਾਤਰ ਨੌਜਵਾਨ 'ਟੂਰਿਸਟ ਵੀਜ਼ਾ' ਖ਼ਤਮ ਹੋਣ ਮਗਰੋਂ ਵੀ ਗ਼ੈਰ-ਕਾਨੂੰਨੀ ਢੰਗ ਨਾਲ ਉਥੇ ਰਹੀ ਜਾਂਦੇ ਹਨ ਤੇ ਪੱਕੇ ਹੋਣ ਲਈ ਕਿਸੇ 'ਪੱਕੀ ਜਪਾਨੀ ਕੁੜੀ' ਦੀ ਤਲਾਸ਼ ਕਰਕੇ ਉਸ ਨਾਲ ਸ਼ਾਦੀ ਕਰਨ ਦੀ ਸਕੀਮ ਲੜਾਉਂਦੇ ਹਨ। ਮਾੜੀ ਗੱਲ ਇਹ ਹੈ ਕਿ ਇੱਥੇ ਕਈ ਪੀੜ੍ਹੀਆਂ ਤੋਂ ਵੱਸ ਰਹੇ ਪੰਜਾਬੀ ਪਰਿਵਾਰਾਂ ਦੀ ਬੋਲਚਾਲ 'ਚੋਂ 'ਪੰਜਾਬੀ ਜਾਂ ਗੁਰਮੁਖੀ' ਲਗਾਤਾਰ ਮਨਫ਼ੀ ਹੁੰਦੀ ਜਾ ਰਹੀ ਹੈ।

ਤੋਮੀਓ ਮਿਜ਼ੋਕਾਮੀ, ਜਪਾਨ ਦੀ ਉਹ ਨਾਮਵਰ ਸ਼ਖ਼ਸੀਅਤ ਹੈ, ਜਿਸਨੇ ਕਈ ਦਹਾਕਿਆਂ ਤੱਕ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਗੂੜ੍ਹਾ ਅਧਿਐਨ ਕੀਤਾ ਹੈ। ਉਸਨੇ ਪਾਵਨ 'ਸ੍ਰੀ ਜਪੁਜੀ ਸਾਹਿਬ' ਦੀ ਬਾਣੀ ਸਮੇਤ ਸਿੱਖ ਇਤਿਹਾਸ ਨਾਲ ਸਬੰਧਿਤ ਕਈ ਮਹੱਤਵਪੂਰਨ ਪੰਜਾਬੀ ਪੁਸਤਕਾਂ ਦਾ ਜਪਾਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਹੈ। ਇਸ ਮਹਾਨ ਹਸਤੀ ਨੂੰ ਇਸਦੇ ਅਤਿ ਮਹਾਨ ਕਾਰਜਾਂ ਲਈ ਸੰਨ 2018 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਸਨਮਾਨ ਨਾਲ ਨਿਵਾਜਿਆ ਗਿਆ ਸੀ।

ਕਿੰਨੇ ਫ਼ਖ਼ਰ ਦੀ ਗੱਲ ਹੈ ਕਿ ਸੰਨ 2021 ਵਿੱਚ 'ਕਰੋਨਾ ਸੰਕਟ' ਨਾਲ ਨਜਿੱਠਣ ਹਿਤ ਟੋਕੀਓ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਸੰਗਤ ਨੇ ਪੰਜਾਬੀਆਂ ਅਤੇ ਜਪਾਨੀਆਂ ਦੇ ਸਹਿਯੋਗ ਨਾਲ 5.2 ਮਿਲੀਅਨ ਜਪਾਨੀ ਯੈਨ ਦੇ ਮੁੱਲ ਦੀ ਨਕਦੀ ਇਕੱਤਰ ਕਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਸੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਨ 1999 ਵਿੱਚ ਦੁਨੀਆਂ ਭਰ ਵਿੱਚ ਮਨਾਏ ਗਏ 'ਖ਼ਾਲਸੇ ਦੇ 300 ਸਾਲਾ' ਜਨਮ ਦਿਹਾੜੇ ਮੌਕੇ ਰਾਜਧਾਨੀ ਟੋਕੀਓ ਵਿਖੇ ਇੱਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ, ਜੋ ਕਿ ਇੱਕ ਦਫ਼ਤਰੀ ਇਮਾਰਤ ਦੀ ਬੇਸਮੈਂਟ ਵਿੱਚ ਸਥਿਤ ਹੈ ਤੇ ਇੱਥੇ ਮਹੀਨੇ 'ਚ ਕੇਵਲ ਇੱਕ ਵਾਰ ਧਾਰਮਿਕ ਸਮਾਗਮ ਕਰਵਾਇਆ ਜਾਂਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਨਾਂ 'ਟੋਕੀਓ ਗੁਰੂ ਨਾਨਕ ਦਰਬਾਰ' ਹੈ। ਜਪਾਨ ਵਿਖੇ ਨਾਮਣਾ ਖੱਟਣ ਵਾਲੀਆਂ ਸਿੱਖ ਸ਼ਖ਼ਸੀਅਤਾਂ ਵਿੱਚ ਗਾਇਕ ਸਰਬਜੀਤ ਸਿੰਘ ਚੱਢਾ, ਵਪਾਰੀ ਬੌਬ ਸਿੰਘ ਢਿੱਲੋਂ ਅਤੇ ਖਿਡਾਰੀ ਜੈਦੀਪ ਸਿੰਘ ਆਦਿ ਦੇ ਨਾਂ ਪ੍ਰਮੁੱਖ ਤੌਰ 'ਤੇ ਸ਼ਾਮਿਲ ਹਨ।


ਜਪਾਨ ਦੀ ਫੇਰੀ ਸਮੇਂ ਡਾ. ਮਨਮੋਹਨ ਸਿੰਘ

**ਤੋਮੀਓ ਮਿਜ਼ੋਕਾਮੀ, ਜਪਾਨ ਦੀ ਉਹ ਨਾਮਵਰ ਸ਼ਖ਼ਸੀਅਤ ਹੈ, ਜਿਸਨੇ ਕਈ ਦਹਾਕਿਆਂ ਤੱਕ ਪੰਜਾਬੀ ਬੋਲੀ ਅਤੇ ਪੰਜਾਬੀ ਸੱਭਿਆਚਾਰ ਦਾ ਗੂੜ੍ਹਾ ਅਧਿਐਨ ਕੀਤਾ ਹੈ। ਉਸਨੇ ਪਾਵਨ 'ਸ੍ਰੀ ਜਪੁਜੀ**



**ਸਾਹਿਬ' ਦੀ ਬਾਣੀ ਸਮੇਤ ਸਿੱਖ ਇਤਿਹਾਸ ਨਾਲ ਸਬੰਧਿਤ ਕਈ ਮਹੱਤਵਪੂਰਨ ਪੰਜਾਬੀ ਪੁਸਤਕਾਂ ਦਾ ਜਪਾਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਹੈ। ਇਸ ਮਹਾਨ ਹਸਤੀ ਨੂੰ ਇਸਦੇ ਅਤਿ ਮਹਾਨ ਕਾਰਜਾਂ ਲਈ ਸੰਨ 2018 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ ਸ੍ਰੀ' ਸਨਮਾਨ ਨਾਲ ਨਿਵਾਜਿਆ ਗਿਆ ਸੀ।**

## ਛੱਡ ਕੇ ਪੰਜਾਬ ਨੂੰ...

*-ਸਿਕੰਦਰ ਸਿੰਘ ਔਜਲਾ, ਇਕੋਲਾਹਾ*



ਦੇਖਿਓ ਨਜ਼ਾਰਾ ਕਦੇ ਦਿੱਲੀ ਏਅਰਪੋਰਟ 'ਤੇ
ਆਹ ਰੋਂਦੇ ਕਿਵੇਂ ਮਾਪੇ ਧੀਆਂ-ਪੁੱਤਾਂ ਨੂੰ ਤੋਰ ਕੇ
ਉਸ ਭੀੜ 'ਚ ਗਵਾ ਕੇ ਹੱਥੀਂ ਆਪਣੀ ਔਲਾਦ ਨੂੰ
ਰੋਇਆ ਕਿਹੜਾ ਦੱਸਿਓ ਨੀ ਸੋਹਣੇ ਛੱਡ ਕੇ ਪੰਜਾਬ ਨੂੰ।

ਕਿੱਥੋਂ ਭੁੱਲਦੀਆਂ ਨੇ ਉਹ ਪੋਹ-ਮਾਘ ਦੀਆਂ ਧੁੱਪਾਂ
ਸਰੋਂ ਖਿੜੇ ਖੇਤਾਂ ਵਿੱਚ ਉਹ ਵਾਢੀਆਂ ਦੀਆਂ ਰੁੱਤਾਂ
ਕੱਢ ਘੁਲਾੜੀ 'ਚੋਂ ਤਾਜ਼ਾ ਰਸ ਚੱਖੇ ਗੁੜ ਦੇ ਸਵਾਦ ਨੂੰ
ਰੋਇਆ ਕਿਹੜਾ ਦੱਸਿਓ ਨੀ ਸੋਹਣੇ ਛੱਡ ਕੇ ਪੰਜਾਬ ਨੂੰ।

ਪਿੰਡ ਦੀ ਗਰਾਊਂਡ ਸ਼ਾਮੀਂ ਉਹ ਹਾਣੀਆਂ ਦੇ ਝੁੰਡ ਨੂੰ
ਜਿੱਤਣਾ ਏ ਹਾਰਨਾ ਨੀ ਉਸ ਫੜੀ ਝੂਠੀ ਜਿਹੀ ਹਿੰਡ ਨੂੰ
ਸੱਜਣਾਂ ਨਾਲ ਬਹਿ ਕੇ ਬੁਣੇ ਇੱਕ ਮਿੱਠੇ ਜਿਹੇ ਖ਼ੁਆਬ ਨੂੰ
ਰੋਇਆ ਕਿਹੜਾ ਦੱਸਿਓ ਨੀ ਸੋਹਣੇ ਛੱਡ ਕੇ ਪੰਜਾਬ ਨੂੰ।

ਇਨ੍ਹਾਂ ਦੇਸ਼ਾਂ ਦਾ ਕੀ ਕਹਿਣਾ ਸੋਹਣੇ ਲੋਕ ਬੜੇ ਚੰਗੇ ਨੇ
ਕਿਵੇਂ 'ਸਿਕੰਦਰਾ' ਭੁਲਾਈਏ ਦਿਨ ਜੋ ਇਕੋਲਾਹੇ ਪਿੰਡ ਲੰਘੇ ਨੇ
ਸਵੇਰੇ ਮਾਂ ਨੇ ਜਗਾਉਣਾ ਮਾਰ ਮਿੱਠੀ ਜਿਹੀ ਆਵਾਜ਼ ਨੂੰ
ਰੋਇਆ ਕਿਹੜਾ ਦੱਸਿਓ ਨੀ ਸੋਹਣੇ ਛੱਡ ਕੇ ਪੰਜਾਬ ਨੂੰ।

# Elite Pro Solutions

- Trucking Permits
- MC ■DOT ■EIN
- Filling name with the state
- Fuel Permit ■Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

**The application process can vary by state and type of permit.**

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## ਸਾਡੀ ਮੁਹਾਰਤ*

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

## ਸਾਡੀ ਪਹੁੰਚ

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**


---





17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

## ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

## We Also Provide

Onsite Tandoor Service For Fresh Naan & KABABS and Onsite Fresh DOSA Service.

**ਫੋਨ: 262-894-0913**
**ਜਾਂ 414-588-3325**